ਨਿਗਰਾਨ
ਸੰਤ ਸਿੰਘ ਸੇਖੋਂ

ਸੰਪਾਦਕ
ਰਘਬੀਰ ਸਿੰਘ

# ਸਿਰਜਣਾ

ਜਨਵਰੀ - ਮਾਰਚ 1975

17

□ਪਰੇਮ ਸਿੰਘ
□ਗੁਰਚਰਨ ਸਿੰਘ ਸਹਿੰਸਰਾ
□ਜਗਤਾਰ
□ਫਤਿਹਜੀਤ
□ਮੋਹਨ ਭੰਡਾਰੀ
□ਪ੍ਰੇਮ ਗੋਰਖੀ
□ਜੋਗਾ ਸਿੰਘ
□ਭੂਸ਼ਨ
□ਬਲਜੀਤ ਬਾਸੀ
□ਪੰਜਾਬੀ ਸਾਹਿਤ ਦਾ ਵਿਰਸਾ ਤੇ ਮਾਰਕਸਵਾਦ

ਮੁੱਲ ਢਾਈ ਰੁਪਏ

ਸਿਰਜਣਾ

ਜਨਵਰੀ-ਮਾਰਚ 1975

●

ਨਿਗਰਾਨ
ਸੰਤ ਸਿੰਘ ਸੇਖੋਂ

●

ਸੰਪਾਦਕ
ਰਘਬੀਰ ਸਿੰਘ

●

ਵਿਦੇਸ਼ ਪ੍ਰਤਿਨਿਧ
ਨਿਰੰਜਨ ਸਿੰਘ ਨੂਰ

●

ਪਤਾ
1197, ਸੈਕਟਰ 15-ਬੀ,
ਚੰਡੀਗੜ੍ਹ

●

SIRJANA is approved by DPI Punjab for all schools, colleges and social education centres vide letter No. 2/6-66 B (EP) dated 26.9.66.

## ਇਸ ਅੰਕ ਵਿਚ


ਪਰੇਮ ਸਿੰਘ/ਨਿਬੰਧ/ਪੰਜਾਬੀ ਸਾਹਿਤ ਦਾ ਵਿਰਸਾ ਤੇ ਮਾਰਕਸਵਾਦ

ਜਗਤਾਰ/ਗਜ਼ਲ

ਸ਼ੇਰ ਸਿੰਘ ਕੰਵਲ/ਗਜ਼ਲ

ਫਤਿਹਜੀਤ/ਕਵਿਤਾ

ਇਕਬਾਲਦੀਪ/ਕਵਿਤਾ

ਮੋਹਨ ਭੰਡਾਰੀ/ਕਹਾਣੀ/ਗਤੀ

ਪ੍ਰੇਮ ਗੋਰਖੀ/ਕਹਾਣੀ/ਦੇਵਕੀ

ਸੁਲਖਣ ਮੀਤ/ਗੀਤ

ਗੁਰਚਰਨ ਸਿੰਘ ਸਹਿੰਸਰਾ/ਕਹਾਣੀ/ਵੀਰਾ

ਬਤੋਲ ਬਰੇਖਤ/ਲਘੂ ਕਹਾਣੀ/ਜੇ ਸ਼ਾਰਕਾਂ ਮਨੁਖ ਬਣ ਜਾਣ

ਜੋਗਾ ਸਿੰਘ/ਨਿਬੰਧ/ਗੁਰੂ ਨਾਨਕ ਦਰਸ਼ਨ ਦੇ ਆਧਾਰ ਤੇ'ਉਸਾਰ

ਬਲਜੀਤ ਬਾਸੀ/ਵਾਦ ਵਿਵਾਦ/ਤੇਜਵੰਤ ਦੀ ਆਲੋਚਨਾ

ਭੂਸ਼ਨ/ਇਕ ਅਮੋਲਿਕ ਸਰਵੇਖਣ/ਐਸੋ ਪਾਠਕ ਕਹਾਂ ਪਾਈਏ

ਜਸਵੰਤ ਸਿੰਘ/ਕਵਿਤਾ

ਅਮਰਜੀਤ ਸਿੰਘ/ਰੀਵੀਊ/ਕੋਲਾਜ ਕਿਤਾਬ

ਸੋਹਣ ਢੰਡ/ਰੀਵੀਊ/ਹੋ ਚੀ ਮਿੰਨ੍ਹ ਮਹਾਂ ਕਾਵਿ

ਭਗਵਾਨ ਸਿੰਘ/ਰੀਵੀਊ/ਕੱਚੀ ਮਿੱਟੀ ਦੇ ਬੋਨੇ

ਸੁਰਜੀਤ ਗਿੱਲ/ਰੀਵੀਊ/ਲੋਹੇ ਲਾਖੇ

ਰਘਬੀਰ ਸਿੰਘ/ਰੀਵੀਊ/ਬਾਬਾ ਆਸਮਾਨ

ਹਰਭਜਨ ਹਲਵਾਰਵੀ□ਸੁਰਜੀਤ ਪਾਤਰ□ਪ੍ਰੀਤਮ ਬੇਲੀ/ਪੱਤਰ

## ਪੰਜਾਬੀ ਸਾਹਿਤ ਦਾ ਵਿਰਸਾ ਅਤੇ ਮਾਰਕਸਵਾਦ/ਪਰੇਮ ਸਿੰਘ

ਸਾਹਿਤ ਦੇ ਵਿਰਸੇ ਦਾ ਮੁਲੰਕਣ ਕਰਦਿਆਂ ਕੋਈ ਵੀ ਮਾਰਕਸਵਾਦੀ ਵਿਦਵਾਨ ਇਹ ਖੁਲ੍ਹ ਨਹੀਂ ਲੈ ਸਕਦਾ ਕਿ ਉਹ ਬੀਤੇ ਸਮੇਂ ਦੀਆਂ ਕਿਰਤਾਂ ਨੂੰ ਅੱਜ ਦੇ ਸਮੇਂ ਦੀਆਂ ਇਤਿਹਾਸਕ ਲੋੜਾਂ ਦੇ ਗਜ਼ ਨਾਲ ਮਾਪੇ। ਨਾ ਹੀ ਉਹ ਇਹ ਖੁਲ੍ਹ ਲੈ ਸਕਦਾ ਹੈ ਕਿ ਆਪਣੇ ਵਿਰਸੇ ਨੂੰ ਮਹਾਨ ਦੱਸਣ ਦੀ ਜਜ਼ਬਾਤੀ ਮਜਬੂਰੀ ਨੂੰ ਆਪਣੇ ਵਿਗਿਆਨਕ ਅਧਿਅਨ ਉੱਤੇ ਹਾਵੀ ਹੋਣ ਦੇਵੇ। ਉਸ ਦੀ ਘਾਲਣਾ ਅਤੇ ਜੋਖ-ਪਰਖ਼ ਦੀ ਮੁੱਖ ਸੇਧ ਇਹ ਹੀ ਹੋਵੇਗੀ ਕਿ ਉਹ ਬੀਤੇ ਦੇ ਸਾਹਿਤਕਾਰਾਂ ਦੀਆਂ ਕਿਰਤਾਂ ਦਾ ਬਾਹਰਮੁਖੀ ਅਧਿਅਨ ਕਰੇ, ਇਹਨਾਂ ਕਿਰਤਾਂ ਦੇ ਇਤਿਹਾਸਕ ਪਿਛੋਕੜ ਨੂੰ ਸਾਹਮਣੇ ਰੱਖੇ; ਇਹਨਾਂ ਵਿਚ ਪੇਸ਼ ਕੀਤੇ ਗਏ ਸਮਾਜਕ ਅਤੇ ਮਨੁਖੀ ਚਿਤਰਾਂ ਨੂੰ ਉਹਨਾਂ ਦੀ ਸਮੁੱਚੀ ਵਿਲੱਖਣਤਾ ਵਿਚ ਸਮਝੇ ਅਤੇ ਬਿਆਨ ਕਰੇ, ਜੋ ਕੁਝ ਅਗਰਗਾਮੀ ਹੈ, ਇਨਕਲਾਬੀ ਹੈ; ਉਸ ਨੂੰ ਸਾਹਮਣੇ ਲਿਆਵੇ ਅਤੇ ਜੋ ਕੁਝ ਪਿਛੇ ਖਿਚੂ ਹੈ, ਉਸ ਉਤੇ ਤਿੱਖੀ ਵਿਗਿਆਨਕ ਆਲੋਚਨਾ ਕਰੇ, ਉਸ ਨੂੰ ਰੱਦ ਕਰੇ। ਇਸ ਸੇਧ ਨੂੰ ਅਪਣਾ ਕੇ ਸਾਹਿਤ ਦੇ ਅੱਗੇ ਵਧੂ ਵਿਰਸੇ ਦਾ ਸਹੀ ਮੁਲੰਕਣ ਕੀਤਾ ਜਾ ਸਕਦਾ ਹੈ। ਅਜਿਹਾ ਮੁਲੰਕਣ ਸਾਹਿਤ ਅਤੇ ਸਭਿਆਚਾਰ ਦੇ ਮੁਹਾਜ਼ ਉਤੇ ਕੰਮ ਕਰ ਰਹੀਆਂ ਸ਼ਕਤੀਆਂ ਨੂੰ ਨਵੀਂ ਤਾਕਤ ਬਖ਼ਸ਼ਦਾ ਹੈ ਅਤੇ ਅਜੋਕੇ ਇਨਕਲਾਬ ਦੇ ਸਭਿਆਚਾਰਕ ਪੈਂਤੜੇ ਦੀ ਰੂਪ-ਰੇਖਾ ਨਿਖਾਰਨ ਵਿਚ ਸਹਾਈ ਹੁੰਦਾ ਹੈ। ਇਸ ਮੁਲੰਕਣ ਨੂੰ ਅੱਜੋਕੇ ਇਨਕਲਾਬ ਦੇ ਤਕਾਜ਼ਿਆਂ ਨਾਲ ਜੋੜ ਕੇ ਸੰਘਰਸ਼ ਲਈ ਵਰਤਿਆ ਜਾ ਸਕਦਾ ਹੈ।

ਆਉ, ਪਹਿਲਾਂ ਗੁਰਬਾਣੀ ਦੀ ਗੱਲ ਕਰੀਏ। ਗੁਰੂ ਨਾਨਕ ਦੇ ਸਮੇਂ ਤੋਂ ਅੱਜ ਤਕ ਇਸ ਧਾਰਮਿਕ ਕਵਿਤਾ ਨੇ ਕਰੋੜ-ਹਾ ਲੋਕਾਂ ਨੂੰ ਖਿੱਚ ਪਾਈ ਹੈ ਅਤੇ ਉਹਨਾਂ ਨੂੰ ਪਰਭਾਵਿਤ ਕੀਤਾ ਹੈ। ਅੱਜ ਵੀ ਇਸ ਤੋਂ ਪਰੇਰਨਾ ਲੈਣ ਵਾਲਿਆਂ ਦੀ ਗਿਣਤੀ ਲੱਖਾਂ ਵਿਚ ਹੈ। ਗੁਰਬਾਣੀ ਉੱਤੇ ਵਿਚਾਰ ਕਰਦਿਆਂ ਨਾਲ ਹੀ ਸਿੱਖੀ ਦੀ ਪਰੰਪਰਾ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੋ ਜਾਂਦਾ ਹੈ।

ਇਕ ਸਮਾਂ ਸੀ ਜਦੋਂ ਪੰਜਾਬ ਦੇ ਮਾਰਕਸਵਾਦੀ ਮਜ਼੍ਹਬ ਬਾਰੇ ਮਾਰਕਸ ਅਤੇ ਏਂਗਲਜ਼ ਦੀਆਂ ਕੁਝ ਇਕ ਧਾਰਨਾਵਾਂ ਨੂੰ ਓਪਰੇ ਅਤੇ ਮਕੈਨਕੀ ਢੰਗ ਨਾਲ ਸਮਝਦਿਆਂ, ਸਿੱਖ ਲਹਿਰ ਵਿਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਅੰਸ਼ ਵੇਖਣ ਨੂੰ ਤਿਆਰ ਨਹੀਂ ਸਨ। ਉਹ ਸਿੱਖ ਲਹਿਰ ਦਾ ਇਕ ਇਤਿਹਾਸਕ ਵਰਤਾਰੇ ਵਜੋਂ ਅਧਿਅਨ ਕਰਨਾ ਵੀ ਬੇਲੋੜਾ ਸਮਝਦੇ ਸਨ। ਗੁਰਬਾਣੀ ਉਹਨਾਂ ਲਈ ਇਕ ਧਾਰਮਿਕ ਸਿੱਖਿਆ ਸੀ, ਜਿਸ ਦਾ ਸਾਹਿਤਕ ਮੁੱਲ ਨਾ ਹੋਣ ਬਰਾਬਰ ਸੀ ਅਤੇ ਜਿਸ ਦਾ ਸਮਾਜਕ ਪਰਭਾਵ ਪੂਰਨ ਤੌਰ ਉਤੇ ਪਿੱਛੇ ਖਿਚੂ ਸੀ। ਇਹ ਮਾਰਕਸਵਾਦੀ ਮੁੱਖ ਤੌਰ ਉਤੇ ਰਾਜਸੀ ਮੈਦਾਨ ਦੇ ਘੁਲਾਟੀਏ ਸਨ। ਤੰਗ-ਨਜ਼ਰੀ ਦੀ ਪਹੁੰਚ ਤੋਂ ਉਪਰੰਤ ਉਹਨਾਂ ਉਤੇ ਪਈਆਂ ਅਮਲੀ ਰਾਜਸੀ ਕੰਮਾਂ ਦੀਆਂ ਜ਼ਿੰਮੇਵਾਰੀਆਂ ਵੀ ਉਹਨਾਂ ਨੂੰ ਇਸ ਗੱਲ ਲਈ ਮੌਕਾ ਨਹੀਂ

ਦੇਂਦੀਆਂ ਸਨ ਕਿ ਉਹ ਸਿੱਖੀ ਦੀ ਪਰੰਪਰਾ ਬਾਰੇ ਕਿਸੇ ਤਰਾਂ ਦੀ ਡੂੰਘੀ ਖੋਜ ਦਾ ਉਪਰਾਲਾ ਕਰ ਸਕਣ। ਅਸਲੀਅਤ ਇਹ ਹੈ ਕਿ ਪਹਿਲੀ ਪੀੜ੍ਹੀ ਦੇ ਇਹਨਾਂ ਪੰਜਾਬੀ ਮਾਰਕਸਵਾਦੀਆਂ ਦਾ ਵਧੇਰੇ ਸਮਾਂ ਬਰਤਾਨਵੀ ਰਾਜ ਦੀਆਂ ਕਾਲ-ਕੋਠੜੀਆਂ, ਜਲਾਵਤਨੀਆਂ ਅਤੇ ਮਫ਼ਰੂਰੀਆਂ ਵਿਚ ਲੰਘਿਆ ਸੀ। ਮਾਰਕਸਵਾਦ ਦੀ ਰੌਸ਼ਨੀ ਵਿਚ ਸਿੱਖੀ ਨੂੰ ਸਮਝਣਾ ਤਾਂ ਇਕ ਪਾਸੇ ਰਿਹਾ, ਉਸ ਸਮੇਂ ਇਸ ਵਿਚਾਰਧਾਰਾ ਦੀਆਂ ਬੁਨਿਆਦੀ ਪੁਸਤਕਾਂ, ਮਾਰਕਸ, ਏਂਗਲਜ਼, ਲੈਨਿਨ ਅਤੇ ਹੋਰਨਾਂ ਦੀਆਂ ਲਿਖਤਾਂ ਪਰਾਪਤ ਕਰਨੀਆਂ ਵੀ ਅਸੰਭਵ ਸਨ।

ਇਸ ਗੱਲ ਨੂੰ ਪਰਵਾਨ ਕਰਦਿਆਂ ਕਿ ਸਿਆਸਤ ਵਿਚ ਸਰਗਰਮ ਮਾਰਕਸਵਾਦੀਆਂ ਨੇ ਨ ਕੇਵਲ ਬਰਤਾਨਵੀ ਰਾਜ ਸਮੇਂ ਸਗੋਂ ਆਜ਼ਾਦੀ ਆਉਣ ਤੋਂ ਬਾਅਦ ਵੀ ਸਿੱਖ ਲਹਿਰ ਦਾ ਕੋਈ ਠੋਸ ਨਿੱਗਰ ਅਤੇ ਵਿਸਥਾਰਕ ਨਿਰਣਾ ਪੇਸ਼ ਨਹੀਂ ਕੀਤਾ, ਨਾਲ ਹੀ ਇਹ ਗੱਲ ਕਹਿ ਦੇਣੀ ਵੀ ਜ਼ਰੂਰੀ ਹੈ ਕਿ ਜਥੇਬੰਦ ਕਮਿਊਨਿਸਟ ਲਹਿਰ ਨੇ ਸਿੱਖੀ ਸੰਬੰਧੀ ਏਨੀ ਤੰਗ-ਨਜ਼ਰੀ ਵੀ ਅਖ਼ਤਿਆਰ ਨਹੀਂ ਕੀਤੀ ਕਿ ਪੰਜਾਬੀ ਲੋਕ ਕਮਿਊਨਿਜ਼ਮ ਨੂੰ ਧਰਮ-ਵਿਰੋਧੀ ਜਹਾਦ ਸਮਝਦਿਆਂ ਇਸ ਤੋਂ ਘਿਰਣਾ ਕਰਨ ਲਗ ਪੈਣ। ਤੰਗ-ਨਜ਼ਰੀ ਦੇ ਪਹਿਲੇ ਦੌਰ ਤੋਂ ਬਾਅਦ ਕਮਿਊਨਿਸਟ ਲਹਿਰ ਦਾ ਆਮ ਪੈਂਤੜਾ ਇਹ ਰਿਹਾ ਹੈ ਕਿ ਸਿੱਖ ਲਹਿਰ, ਜਗੀਰਦਾਰੀ ਨਿਜ਼ਾਮ ਵਿਰੁਧ ਰੋਸ ਦੀ ਲਹਿਰ ਸੀ। ਇਹ ਲਹਿਰ ਸਮਾਜਕ ਜਬਰ ਦੇ ਉਸ ਸਮੇਂ ਦੇ ਸਭ ਤੋਂ ਵਧ ਮਾਰੂ ਰੂਪ ਵਿਰੁਧ, ਭਾਵ ਉੱਚੀਆਂ ਅਤੇ ਨੀਵੀਆਂ ਜ਼ਾਤਾਂ ਵਿਚਕਾਰ ਸਮਾਜ ਦੀ ਵੰਡ ਵਿਰੁਧ ਸੇਧੀ ਹੋਈ ਲਹਿਰ ਸੀ ਜਿਸ ਵਿਚ ਕਿਸਾਨਾਂ, ਕੰਮੀਆਂ ਅਤੇ ਮਿਹਨਤੀਆਂ ਦੀ ਤਕੜੀ ਗਿਣਤੀ ਸ਼ਾਮਲ ਹੋ ਗਈ ਸੀ। ਵਿਸ਼ੇਸ਼ ਇਤਿ-ਹਾਸਕ ਕਾਰਨਾਂ ਕਰਕੇ ਇਸ ਦਾ ਵਿਕਾਸ ਇਕ ਲੜਾਕੂ ਜਥੇਬੰਦੀ ਦੇ ਰੂਪ ਵਿਚ ਹੋਇਆ। ਪਰ ਕਿਸੇ ਵੀ ਹੋਰ ਆਰਥਿਕ ਸਮਾਜਕ ਲਹਿਰ ਦੀ ਤਰ੍ਹਾਂ ਇਹ ਲਹਿਰ ਆਪਣੀਆਂ ਇਤਿਹਾਸਕ ਬੰਦਸ਼ਾਂ ਨੂੰ ਪਾਰ ਨਹੀਂ ਸੀ ਕਰ ਸਕਦੀ। ਜਗੀਰਦਾਰੀ ਨਿਜ਼ਾਮ ਦੇ ਪਰਗਟਾਵਿਆਂ ਵਿਰੁਧ ਰੋਸ ਇਸ ਲਹਿਰ ਦਾ ਉਦੇਸ਼ ਜ਼ਰੂਰ ਸੀ, ਪਰ ਇਸ ਦਾ ਨਿਸ਼ਾਨਾ ਜਗੀਰਦਾਰੀ ਨਾਲੋਂ ਵੱਖਰਾ ਜਾਂ ਉਚੇਰਾ ਨਿਜ਼ਾਮ ਕਾਇਮ ਕਰਨਾ ਨਹੀਂ ਸੀ। ਇਹ ਲਹਿਰ ਜਗੀਰਦਾਰੀ ਵਿਰੁਧ ਹੋਣ ਵਾਲੇ, ਇਤਿਹਾਸਕ ਤੌਰ ਉਤੇ ਲਾਜ਼ਮੀ, ਬੁਰਜੂਆ ਇਨਕਲਾਬ ਦੀ ਲਹਿਰ ਨਹੀਂ ਸੀ।

ਕਮਿਊਨਿਸਟ ਲਹਿਰ ਦਾ ਇਹ ਆਮ ਪੈਂਤੜਾ ਵੀ ਕਿਸੇ ਨਿਸ਼ਚਿਤ ਪਰਸਤਾਵ ਵਿਚ ਅੰਕਿਤ ਕੀਤਾ ਨਹੀਂ ਮਿਲਦਾ। ਇਸ ਦਾ ਪਰਗਟਾਵਾ ਪਰਚਾਰ ਦੇ ਦੌਰਾਨ ਸਮੇਂ ਸਮੇਂ ਕੀਤੀਆਂ ਜਾਂਦੀਆਂ ਟਿਪਣੀਆਂ, ਗੁਰੂ ਸਾਹਿਬਾਨ ਦੇ ਜਨਮ ਦਿਨਾਂ ਉਤੇ ਲਿਖੇ ਜਾਂਦੇ ਲੇਖਾਂ ਅਤੇ ਕਦੀ-ਕਦਾਈਂ ਸਟੱਡੀ ਸਰਕਲਾਂ ਵਿਚ ਵਿਚਾਰੇ ਜਾਂਦੇ ਸਵਾਲਾਂ ਦੀ ਵਿਆਖਿਆ ਕਰਦਿਆਂ ਹੋਇਆ। ਸਮੁਚੇ ਤੌਰ ਉਤੇ ਇਹ ਹੀ ਕਹਿਣਾ ਪਵੇਗਾ ਕਿ ਇਕ ਸਾਹਿਤ ਵਜੋਂ ਗੁਰਬਾਣੀ ਦੀ ਪਰੰਪਰਾ ਦਾ ਅਤੇ ਇਕ ਆਰਥਿਕ-ਸਮਾਜੀ ਲਹਿਰ ਵਜੋਂ ਸਿੱਖੀ ਦੀ ਪਰੰਪਰਾ ਦਾ ਮਾਰਕਸਵਾਦੀ ਮੁਲੰਕਣ ਨਹੀਂ ਕੀਤਾ ਗਿਆ।

ਇਹ ਸਥਿਤੀ ਨਵੇਂ ਉਠ ਰਹੇ ਨੌਜਵਾਨ ਪੰਜਾਬੀ ਮਾਰਕਸਵਾਦੀਆਂ ਦੇ ਕੰਮ ਨੂੰ ਕੁਝ ਔਖਾ ਬਣਾ ਦੇਂਦੀ ਹੈ। ਉਹ ਪੁਰਾਣੀ ਪੀੜ੍ਹੀ ਉਤੇ ਜਾਇਜ਼ ਆਲੋਚਨਾ ਕਰ ਸਕਦੇ ਹਨ ਕਿ ਮਾਰਕਸਵਾਦ ਨੂੰ ਪੰਜਾਬੀ ਪਿੜ ਅੰਦਰ ਦਾਖ਼ਲ ਹੋਇਆਂ ਅੱਧੀ ਸਦੀ ਬੀਤ ਜਾਣ ਤੋਂ ਬਾਅਦ ਵੀ ਉਸ ਪੀੜ੍ਹੀ ਨੇ ਆਪਣਾ ਇਤਿਹਾਸਕ ਫ਼ਰਜ਼ ਪੂਰਾ ਨਹੀਂ ਕੀਤਾ। ਇਹ ਸਥਿਤੀ ਨੌਜਵਾਨ ਮਾਰਕਸਵਾਦੀਆਂ

ਲਈ ਇਕ ਵੰਗਾਰ ਪੇਸ਼ ਕਰਦੀ ਹੈ ਕਿ ਉਹ ਇਸ ਬਹੁਤ ਜ਼ਰੂਰੀ ਕੰਮ ਨੂੰ ਹੱਥਾਂ ਵਿਚ ਲੈਣ ਅਤੇ ਸਿਰੇ ਚਾੜ੍ਹਨ। ਪਰ ਨਾਲ ਹੀ ਇਹ ਸਥਿਤੀ ਉਹਨਾਂ ਦੇ ਕੰਮ ਵਿਚ ਆਸਾਨੀ ਦਾ ਇਕ ਅੰਸ਼ ਵੀ ਦਾਖ਼ਲ ਕਰਦੀ ਹੈ ਕਿਉਂਕਿ ਵਿਰਸੇ ਦੇ ਮੁਲੰਕਣ ਦੇ ਸੰਬੰਧ ਵਿਚ ਉਹਨਾਂ ਸਾਹਮਣੇ ਦੇਵ-ਕਦ ਸ਼ਖਸੀਅਤਾਂ ਦੇ ਕੀਤੇ ਹੋਏ ਕੰਮ ਦਾ ਨਾ ਹੋਣਾ, ਉਹਨਾਂ ਦਾ ਰਾਹ ਖੁੱਲ੍ਹਾ ਛੱਡਦਾ ਹੈ। ਇਸ ਉਪਰੰਤ ਮਾਰਕਸਵਾਦ ਨੂੰ ਪ੍ਰਣਾਈਆਂ ਹੋਈਆਂ ਰਾਜਸੀ ਪਾਰਟੀਆਂ ਦੀ ਇਕ ਆਮ ਸੇਧ, ਉਹਨਾਂ ਦਾ ਇਕ ਆਮ ਪੈਂਤੜਾ ਹੁੰਦਿਆਂ ਹੋਇਆਂ ਵੀ ਉਹਨਾਂ ਵਲੋਂ ਇਸ ਮਾਮਲੇ ਬਾਰੇ ਕਿਸੇ ਅੰਤਮ ਪਰਸਤਾਵ ਦੀ ਅਣਹੋਂਦ ਇਸ ਗੱਲ ਦਾ ਮੌਕਾ ਵੀ ਦੇਂਦੀ ਹੈ ਕਿ ਇਸ ਕੰਮ ਨੂੰ ਪਾਰਟੀਆਂ ਦੇ ਰਾਜਸੀ ਅਤੇ ਵਿਚਾਰਧਾਰਕ ਮਤਭੇਦਾਂ ਨਾਲੋਂ ਵਖ ਕਰਕੇ ਹੱਥ ਪਾਇਆ ਜਾ ਸਕੇ।

ਇਥੇ ਇਕ ਗੱਲ ਸਾਫ਼ ਕਰ ਦੇਣ ਦੀ ਲੋੜ ਹੈ। ਸਾਹਿਤ ਦੇ ਵਿਰਸੇ ਬਾਰੇ ਅਜੇ ਵੀ ਮੁਖੀ ਘੋਲ ਵਿਗਿਆਨਕ ਅਤੇ ਗ਼ੈਰ-ਵਿਗਿਆਨਕ, ਬਾਹਰਮੁਖੀ ਅਤੇ ਅੰਤਰਮੁਖੀ ਮੁਲੰਕਣ-ਵਿਧੀਆਂ ਵਿਚਕਾਰ ਹੈ। ਇਕ ਪਾਸੇ ਉਹ ਵਿਚਾਰਵਾਨ ਹਨ ਜਿਨ੍ਹਾਂ ਦਾ ਪੈਂਤੜਾ ਮਾਰਕਸਵਾਦ ਦਾ ਹੈ ਅਤੇ ਦੂਜੇ ਪਾਸੇ ਉਹ ਜਿਹੜੇ ਕਿਸੇ ਨਵੇਂ ਬੁਰਜੁਆ ਸਿਧਾਂਤ ਨੂੰ ਫੜ ਕੇ ਪੰਜਾਬੀ ਸਾਹਿਤ ਅਤੇ ਸਭਿਆ-ਚਾਰ ਦੇ ਖੇਤਰ ਉਤੇ ਲਾਗੂ ਕਰ ਦੇਂਦੇ ਹਨ। ਉਹਨਾਂ ਦੀ ਪਹੁੰਚ ਦਾ ਧੁਰਾ ਇਹ ਹੈ ਕਿ ਉਹ ਸਾਹਿਤ ਨੂੰ ਸਮਾਜਕ ਪਰਸਥਿਤੀਆਂ ਨਾਲੋਂ ਜਮਾਤੀ ਸੰਘਰਸ਼ ਦੇ ਤਕਾਜ਼ਿਆਂ ਨਾਲੋਂ ਵਖ ਕਰ ਕੇ ਦੇਖਦੇ ਹਨ, ਉਹ ਸਾਹਿਤ ਦੀ ਸਮਾਜ ਪ੍ਰਤੀ ਜ਼ਿਮੇਂਵਾਰੀ ਤੋਂ ਇਨਕਾਰ ਕਰਦੇ ਹਨ, ਸਾਹਿਤਕਾਰ ਦੇ ਪ੍ਰਤੀਬਧ ਹੋਣ ਨੂੰ ਜ਼ਿਹਨੀ ਗੁਲਾਮੀ ਕਹਿੰਦੇ ਹਨ ਅਤੇ ਕਿਸੇ ਇਕ ਜਾਂ ਦੂਜੇ ਰੂਪ ਵਿਚ, ਕਲਾ ਕਲਾ ਲਈ ਦੇ ਪੁਰਾਣੇ, ਵੇਲਾ-ਵਿਹਾ-ਚੁਕੇ ਸਿਧਾਂਤ ਨੂੰ ਚਿੰਬੜੇ ਰਹਿੰਦੇ ਹਨ। ਪਰ ਇਸ ਲੇਖ ਵਿਚ ਅਸੀਂ ਅਜਿਹੇ ਆਲੋਚਕਾਂ ਅਤੇ ਇਸ ਪਰਕਾਰ ਦੀ ਆਲੋਚਨਾ ਬਾਰੇ ਟਿਪਣੀ ਨਹੀਂ ਕਰਾਂਗੇ। ਇਹ ਇਸ ਲੇਖ ਦਾ ਵਿਸ਼ਾ ਨਹੀਂ ਹੈ।

ਇਸ ਲੇਖ ਦਾ ਵਿਸ਼ਾ ਕੇਵਲ ਸਾਹਿਤ ਦੇ ਵਿਰਸੇ ਬਾਰੇ ਮਾਰਕਸਵਾਦੀ ਦਰਿਸ਼ਟੀ ਦੇ ਕੁਝ ਨੁਕਤੇ ਪੇਸ਼ ਕਰਨਾ ਹੈ ਅਤੇ ਇਸ ਸੰਬੰਧੀ ਮਾਰਕਸਵਾਦ ਦੇ ਨਾਂ ਹੇਠ ਪੇਸ਼ ਕੀਤੇ ਜਾ ਰਹੇ ਗੈਰ-ਮਾਰਕਸੀ ਵਿਚਾਰਾਂ ਦਾ ਨੋਟਿਸ ਲੈਣਾ ਹੈ। ਚਰਚਾ ਦੇ ਘੇਰੇ ਨੂੰ ਸੀਮਤ ਰਖਣ ਲਈ ਇਥੇ ਸਾਹਿਤਕ ਵਿਰਸੇ ਵਿਚੋਂ ਕੁਝ ਇਕ ਉੱਘੀਆਂ ਅਤੇ ਪ੍ਰਤੀਨਿਧ ਮਿਸਾਲਾਂ ਨੂੰ ਹੀ ਲਿਆ ਜਾਵੇਗਾ।

ਮਾਰਕਸਵਾਦੀਆਂ ਨੂੰ ਵਿਗਿਆਨਕ ਅਤੇ ਇਤਿਹਾਸਕ ਪਦਾਰਥਵਾਦੀ ਦਰਿਸ਼ਟੀ ਤੋਂ ਗੁਰੂ ਨਾਨਕ ਦੇ ਪ੍ਰਬਲ ਮਾਨਵਵਾਦ ਦਾ ਤਕੜਾ ਹਾਂ-ਪੱਖੀ ਮੁੱਲ ਪਾਉਣਾ ਚਾਹੀਦਾ ਹੈ। ਇਹ ਮਾਨਵਵਾਦ ਨਾ ਕੇਵਲ ਹਿੰਦੂ ਤੇ ਮੁਸਲਮਾਨ ਵਿਚ ਤਮੀਜ਼ ਨਹੀਂ ਕਰਦਾ, ਨਾ ਕੇਵਲ ਸਮੂਹ ਲੋਕਾਂ ਨੂੰ ਬਰਾਬਰ ਸਮਝਦਾ ਹੈ, ਸਗੋਂ ਇਹ ਅਨੇਕ ਵਾਰ ਸਮਾਜ ਦੇ ਦਲਿਤ ਤਬਕਿਆਂ ਅਤੇ ਹਾਕਮਾਂ ਦੀ ਲੁਟ-ਖੋਹ ਦਾ ਸ਼ਿਕਾਰ ਹੋਏ ਲੋਕਾਂ ਪ੍ਰਤੀ ਆਪਣੀਆਂ ਹਮਦਰਦੀਆਂ ਸਪਸ਼ਟ ਸ਼ਬਦਾਂ ਵਿਚ ਅੰਕਿਤ ਕਰਦਾ ਹੈ। ਨਿਰਦਈ ਅਹਿਲਕਾਰਾਂ ਅਤੇ ਰਾਜਿਆਂ ਦੇ ਜ਼ੁਲਮਾਂ ਦੀ ਨਿਖੇਧੀ ਨਾਨਕਬਾਣੀ ਵਿਚ ਇਕ ਤੋਂ ਵਧ ਵਾਰ ਕੀਤੀ ਹੋਈ ਮਿਲਦੀ ਹੈ। ਵਾਰ ਮਲ੍ਹਾਰ ਵਿਚ "ਹਰਨਾ ਬਾਜਾ ਤੇ ਸਿਕਦਾਰਾਂ..." ਤੋਂ ਆਰੰਭ ਹੁੰਦੇ ਸ਼ਬਦ ਵਿਚ "ਰਾਜੇ ਸੀਂਹ ਮੁਕਦਮ ਕੁਤੇ, ਜਾਇ ਜਗਾਇਨ ਬੈਠੇ ਸੁਤੇ' ਲਿਖਣਾ, ਵਾਰ ਮਾਝ ਵਿਚ ਮਨੁੱਖਾਂ ਦੀ ਰੱਤ ਪੀਣ ਵਾਲਿਆਂ ਦੀ ਇਹਨਾਂ ਸ਼ਬਦਾਂ ਵਿਚ ਨਿਖੇਧੀ ਕਿ "ਜੇ ਰਤ ਲਗੈ ਕਪੜੈ, ਜਾਮਾ ਹੋਇ ਪਲੀਤੁ, ਜੋ ਰਤ ਪੀਵਹਿ ਮਾਣਸਾ, ਤਿਨ ਕਿਉਂ ਨਿਰਮਲ ਚੀਤ" ਅਤੇ

ਦਸਾਂ ਨਹੁੰਆਂ ਦੀ ਕਿਰਤ ਉਤੇ ਜ਼ੋਰ ਦੇਂਦਿਆਂ ਪਰਾਏ ਹੱਕ ਉਤੇ ਮੱਲ ਮਾਰਨ ਦਾ ਇਹਨਾਂ ਸ਼ਬਦਾਂ ਵਿਚ ਖੰਡਣ ਕਿ "ਹਕੁ ਪਰਾਇਆ ਨਾਨਕਾ, ਉਸੁ ਸੂਅਰੁ ਉਸੁ ਗਾਇ" ਇਹ ਇਤਿਹਾਸਕ ਤੌਰ ਉਤੇ ਇਨਕਲਾਬੀ ਮਾਨਵਵਾਦ ਦੀਆਂ ਕੁਝ ਇਕ ਉਘੀਆਂ ਮਿਸਾਲਾਂ ਹਨ। ਇਸੇ ਤਰ੍ਹਾਂ ਵਾਰ ਆਸਾ ਵਿਚ "ਦਇਆ ਕਪਾਹ ਸੰਤੋਖ ਸੂਤ, ਜਤੁ ਗੰਢੀ ਸਤ ਵਟੁ, ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ" ਅਤੇ ਵਾਰ ਮਾਝ ਵਿਚ "ਪੰਜਿ ਨਿਮਾਜਾ ਵਖਤ ਪੰਜਿ ਪੰਜਾ ਪੰਜੇ ਨਾਉ, ਪਹਿਲਾ ਸਚੁ ਹਲਾਲ ਦੁਇ, ਤੀਜਾ ਖੈਰ ਖੁਦਾਇ। ਚਉਥੀ ਨੀਅਤ ਰਾਸਿ ਮਨੁ, ਪੰਜਵੀਂ ਸਿਫ਼ਤ ਸਨਾਇ, ਕਰਨੀ ਕਲਮਾ ਆਖਿ ਕੈ ਤਾਂ ਮੁਸਲਮਾਨ ਸਦਾਇ। ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ।" ਅਤੇ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ, ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉਂ ਕਿਆ ਰੀਸ! ਜਿਥੇ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸੀਸ", ਵਿਚ ਮਜ਼ਬ ਅਤੇ ਜ਼ਾਤ ਦੀ ਬਿਨਾ ਉਤੇ ਮਨੁਖਾਂ ਵਿਚ ਵੰਡ ਦੀ ਨਿਖੇਧੀ ਕਰਦਿਆਂ ਸਮਾਜ ਦੇ ਨੀਵੇਂ ਤਬਕਿਆਂ ਵਿਚ ਆਪਣੇ ਆਪ ਨੂੰ ਸ਼ਾਮਲ ਕਰਨ ਵਿਚ ਗੌਰਵ ਮਹਿਸੂਸ ਕਰਨ ਦੀ ਸਪਸ਼ਟ ਪੁਜ਼ੀਸ਼ਨ ਲਈ ਗਈ ਹੈ।

ਮਾਰਕਸਵਾਦੀਆਂ ਨੂੰ ਇਤਿਹਾਸਕ ਤੱਥਾਂ ਦੇ ਆਧਾਰ ਉਤੇ ਹਾਕਮਾਂ ਦੇ ਜਬਰ ਦੇ ਵਿਰੋਧ ਮਜ਼ਬਾਂ ਅਤੇ ਜ਼ਾਤਾਂ ਦੀ ਤਮੀਜ਼ ਦੇ ਵਿਰੋਧ ਦੀ ਇਸ ਮਹਾਨ ਮਾਨਵਵਾਦੀ ਪਰੰਪਰਾ ਦੇ ਸਹੀ ਇਨਕਲਾਬੀ ਰੋਲ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਇਹ ਕੰਮ ਵਿਗਿਆਨਕ ਤਰੀਕੇ ਨਾਲ ਨਹੀਂ ਕੀਤਾ ਗਿਆ। ਮਾਰਕਸਵਾਦੀਆਂ ਦੀਆਂ ਲਿਖਤਾਂ ਵਿਚ ਜਿੱਥੇ ਉਪਰੋਕਤ ਅਤੇ ਇਸ ਤਰ੍ਹਾਂ ਦੀਆਂ ਗੁਰਬਾਣੀ ਦੀਆਂ ਹੋਰ ਤੁਕਾਂ ਦਾ ਹਵਾਲਾ ਅਨੇਕ ਵਾਰ ਦਿਤਾ ਗਿਆ ਹੈ, ਉਥੇ ਉਹਨਾਂ ਸਮਿਆਂ ਦੇ ਇਤਿਹਾਸ ਦਾ ਮਾਰਕਸਵਾਦੀ ਦਰਿਸ਼ਟੀ ਤੋਂ ਨਿਰਣਾ ਨਹੀਂ ਕੀਤਾ ਗਿਆ, ਅਥਵਾ ਉਸ ਸਮੇਂ ਦੀਆਂ ਘਟਨਾਵਾਂ ਬਾਰੇ ਇਤਿਹਾਸਕ ਪਦਾਰਥਵਾਦ ਦੀ ਦਰਿਸ਼ਟੀ ਤੋਂ ਲਿਖੀ ਹੋਈ ਕੋਈ ਟਿਪਣੀ ਨਹੀਂ ਮਿਲਦੀ। ਬੇਸ਼ਕ ਇਹ ਠੀਕ ਹੈ ਕਿ ਸਾਹਿਤ ਦੇ ਵਿਰਸੇ ਦੀ ਗੱਲ ਕਰਦਿਆਂ ਸਾਡੀ ਮੁਖ ਦਿਲਚਸਪੀ ਸਾਹਿਤ ਵਿਚ ਜੋ ਕੁਝ ਲਿਖਿਆ ਗਿਆ ਹੈ, ਉਸ ਨਾਲ ਹੈ, ਪਰ ਇਹ ਬੜਾ ਕਮਜ਼ੋਰ ਅਤੇ ਇਕ-ਪਾਸੜ ਮਾਰਕਸਵਾਦ ਹੋਵੇਗਾ ਜੇਕਰ ਇਤਿਹਾਸ ਬਾਰੇ, ਇਤਿਹਾਸਕ ਘਟਨਾਵਾਂ ਬਾਰੇ ਅਤੇ ਸਮਾਜਕ ਲਹਿਰਾਂ ਬਾਰੇ ਨਿਰਣੇ ਕੇਵਲ ਉਹਨਾਂ ਸਥਿਤੀਆਂ ਨਾਲ ਸੰਬੰਧਤ ਕਵਿਤਾ ਨੂੰ ਆਧਾਰ ਬਣਾ ਕੇ ਕੀਤੇ ਜਾਣ ਅਤੇ ਜੇਕਰ ਕਵਿਤਾ ਵਿਚੋਂ ਕਢੇ ਸਮਾਜਕ-ਇਤਿਹਾਸਕ ਨਤੀਜਿਆਂ ਉਤੇ ਇਤਿਹਾਸ ਦੀ ਸੁਤੰਤਰ ਖੋਜ ਦੀ ਗਵਾਹੀ ਦੀ ਮੋਹਰ ਜ਼ਰੂਰੀ ਨਾ ਸਮਝੀ ਜਾਵੇ।

ਗੁਰਬਾਣੀ ਦਾ ਸਾਹਿਤਕ ਕਿਰਤ ਵਜੋਂ ਨਿਰਣਾ ਕਰਦਿਆਂ ਮਾਰਕਸਵਾਦੀ ਵਿਚਾਰਵਾਨ ਲਾਜ਼ਮੀ ਤੌਰ ਉਤੇ ਇਸ ਦੇ ਅਧਿਆਤਮਕ ਪੱਖ ਵਲ ਆਉਂਦੇ ਹਨ, ਜੋ ਅਸਲ ਵਿਚ ਬਾਣੀ ਦਾ ਮੁੱਖ ਪੱਖ ਹੈ। ਗੁਰਬਾਣੀ ਅਨੁਸਾਰ ਕੁੱਲ ਸਰਿਸ਼ਟੀ ਰੱਬ ਦੀ ਰਚੀ ਹੋਈ ਹੈ। ਉਸ ਦੇ ਹੁਕਮ ਨਾਲ ਚੁਰਾਸੀ ਲਖ ਜੂਨ ਜ਼ਿੰਦਗੀ ਦੇ ਗੇੜ ਵਿਚੋਂ ਲੰਘਦੀ ਹੈ। ਮਨੁੱਖੀ ਜਨਮ ਸਭ ਤੋਂ ਕੀਮਤੀ ਹੈ ਅਤੇ ਰੱਬ ਦੀ ਮਿਹਰ ਨਾਲ ਪਰਾਪਤ ਹੁੰਦਾ ਹੈ। ਬੰਦੇ ਨੂੰ ਰੱਬ ਦੀ ਰਜ਼ਾ ਵਿਚ ਰਹਿੰਦਿਆਂ ਆਪਣਾ ਪਲ ਪਲ ਉਸ ਦੇ ਸਿਮਰਨ ਵਿਚ ਗੁਜ਼ਾਰਨਾ ਚਾਹੀਦਾ ਹੈ। ਸਵਾਸ ਸਵਾਸ ਵਾਹਿਗੁਰੂ ਦਾ ਨਾਮ ਜਪਣ ਨਾਲ ਮਨ ਦੀ ਮੈਲ ਉਤਰਦੀ ਹੈ ਅਤੇ ਜੇ ਚੰਗੇ ਭਾਗ ਹੋਣ ਤੇ ਉਸ ਦੀ ਮਿਹਰ ਹੋਵੇ ਤਾਂ ਵਾਹਿਗੁਰੂ ਦੇ ਨਾਮ ਦੀ ਦਾਤ ਪਰਾਪਤ ਹੋ ਸਕਦੀ ਹੈ। ਨਾਮ ਸਿਮਰਨ ਅਤੇ ਸ਼ੁਭ ਕਰਮਾਂ ਨਾਲ

ਚੁਰਾਸੀ ਲਖ ਜੂਨ ਦੇ ਗੇੜ ਵਿਚੋਂ ਨਿਕਲਿਆ ਜਾ ਸਕਦਾ ਹੈ, ਆਦਿ ।

ਗੁਰਬਾਣੀ ਦੇ ਅਧਿਆਤਮਵਾਦ ਨੂੰ ਮਾਰਕਸਵਾਦੀ ਤਾਂ ਕੀ ਬੁਰਜੂਆ ਵਿਗਿਆਨਕ ਸੋਚ ਵਾਲੇ ਲੋਕ ਵੀ ਪਰਵਾਨ ਨਹੀਂ ਕਰ ਸਕਦੇ । ਵਿਗਿਆਨ ਅਨੁਸਾਰ ਰੱਬ ਦੀ ਕੋਈ ਹੋਂਦ ਨਹੀਂ ਹੈ । ਵਿਗਿਆਨ ਦਾ ਅਤੇ ਪਦਾਰਥਵਾਦ ਦਾ ਸਰਿਸ਼ਟੀ ਦੀ ਰਚਨਾ ਬਾਰੇ ਆਪਣਾ ਮੱਤ ਹੈ । ਇਸ ਬਾਰੇ ਵੱਖ ਵੱਖ ਵਿਚਾਰ ਵੀ ਹੋ ਸਕਦੇ ਹਨ ਪਰ ਸਮੁੱਚੇ ਰੂਪ ਵਿਚ ਸਭੇ ਪਦਾਰਥਵਾਦੀ ਵਿਚਾਰ ਅਤੇ ਸਾਰੀ ਵਿਗਿਆਨਕ ਖੋਜ, ਕਿਸੇ ਦੈਵੀ ਪਰਾਸਰੀਰਕ ਸ਼ਕਤੀ ਦੀ ਹੋਂਦ ਤੋਂ ਇਨ-ਕਾਰੀ ਹਨ ।

ਗੁਰਬਾਣੀ ਅਨੁਸਾਰ ਨਾਮ ਸਿਮਰਨ ਨਾਲ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਬੰਦਾ ਮਾਇਆ ਦੇ ਜੰਜਾਲ ਤੋਂ ਮੁਕਤੀ ਹਾਸਲ ਕਰ ਸਕਦਾ ਹੈ, ਪਰ ਮਾਰਕਸਵਾਦ ਅਨੁਸਾਰ ਮਾਇਆ ਦਾ ਜੰਜਾਲ ਓਨਾਂ ਚਿਰ ਕਾਇਮ ਰਹਿੰਦਾ ਹੈ, ਜਦੋਂ ਤਕ ਲੋਟੂ ਆਰਥਕ-ਸਮਾਜਕ ਪਰਬੰਧ, ਜਗੀਰਦਾਰੀ, ਸਰਮਾਏਦਾਰੀ ਜਾਂ ਸਾਮਰਾਜਵਾਦ ਕਾਇਮ ਹਨ । ਇਹ ਪਰਬੰਧ ਜਾਂ ਪਰਣਾਲੀਆਂ ਕੇਵਲ ਜਮਾਤੀ ਸੰਘਰਸ਼ ਨਾਲ, ਆਰਥਕ-ਰਾਜਸੀ ਸੰਘਰਸ਼ ਨਾਲ ਬਦਲੀਆਂ ਜਾਂਦੀਆਂ ਹਨ ਅਤੇ ਇਸ ਸੰਘਰਸ਼ ਵਿਚ ਇਨਕਲਾਬੀ ਜਮਾਤਾਂ ਅਤੇ ਉਹਨਾਂ ਦੀਆਂ ਹਮਾਇਤੀ ਤੇ ਸੰਗੀ-ਸਾਥੀ ਜਮਾਤਾਂ ਫ਼ੈਸਲਾ-ਕਰੂ ਰੋਲ ਅਦਾ ਕਰਦੀਆਂ ਹਨ । ਗੁਰਬਾਣੀ ਮਨੁੱਖੀ ਮਨ ਦੀ ਸਰਦਾਰੀ ਦਾ, ਰੱਬ ਦੀ ਰਜ਼ਾ ਵਿਚ ਪਰਾਪਤ ਕੀਤੀ ਇਸ ਸਰਦਾਰੀ ਦਾ ਸਿਧਾਂਤ ਹੈ । ਪਦਾਰਥਕ ਵਸੀਲਿਆਂ ਦੀ ਸ਼ਰਦਾਰੀ ਗੁਰਬਾਣੀ ਲਈ ਨਿਰਾਰਥਕ ਹੈ, ਸਗੋਂ ਹਾਨੀਕਾਰਕ ਹੈ । ਮਾਰਕਸਵਾਦ ਸਮੂਹ ਕਿਰਤੀਆਂ ਦੀ ਪਦਾਰਥਕ ਵਸੀਲਿਆਂ ਉਤੇ ਸਰਦਾਰੀ ਦਾ ਸਿਧਾਂਤ ਹੈ, ਪਦਾਰਥਕ ਵਸੀਲਿਆਂ ਤੋਂ ਬਿਨਾਂ ਮਨ ਦੀ ਸਰਦਾਰੀ ਦਾ ਮਾਰਕਸਵਾਦ ਲਈ ਕੋਈ ਅਰਥ ਨਹੀਂ ।

ਮਾਰਕਸਵਾਦ ਜਮਾਤੀ ਸੰਘਰਸ਼ ਨੂੰ ਇਤਿਹਾਸ ਦੀ ਅਟੱਲ ਸਚਾਈ ਮੰਨਦਾ ਹੈ ਅਤੇ ਇਸ ਸੰਘਰਸ਼ ਵਿਚ ਨਾ ਕੇਵਲ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਤਬਕਿਆਂ ਦਾ ਸਾਥ ਹੀ ਦੇਂਦਾ ਹੈ. ਮਜ਼ਦੂਰ ਜਮਾਤ ਦੀ ਲਾਜ਼ਮੀ ਜਿੱਤ ਨੂੰ ਹੀ ਅਟੱਲ ਦਸਦਾ ਹੈ, ਸਗੋਂ ਜਮਾਤੀ ਸੰਘਰਸ਼ ਦੇ ਇਤਿਹਾਸ ਦਾ ਨਿਚੋੜ ਕਢ ਕੇ, ਇਸ ਲੜਾਈ ਲਈ, ਇਨਕਲਾਬ ਦੀ ਲੜਾਈ ਲਈ, ਯੁਧ-ਚਾਲ ਦਾ, ਦਾਅ-ਪੇਚ ਦਾ ਪੈਂਤੜਾ ਬੰਨ੍ਹਣਾ ਵੀ ਸਿਖਾਉਂਦਾ ਹੈ । ਮਾਰਕਸਵਾਦ ਇਨਕਲਾਬੀ ਸ਼ਕਤੀਆਂ ਦੀ ਅਗਵਾਈ ਦਾ ਹਥਿਆਰ ਹੈ । ਗੁਰਬਾਣੀ, ਵੱਡੇ ਲੋਕਾਂ ਤੇ ਉਪਰਲੇ ਤਬਕਿਆਂ ਪ੍ਰਤੀ ਅਪਰ-ਵਾਨਗੀ ਦਾ ਸਟੈਂਡ ਲੈਂਦਿਆਂ ਹੋਇਆਂ ਅਤੇ ਨੀਵਿਆਂ ਤਬਕਿਆਂ ਨਾਲ ਹਮਦਰਦੀ ਤੇ ਅਪਣੱਤ ਪਰਗਟ ਕਰਦਿਆਂ ਹੋਇਆਂ ਵੀ ਜਮਾਤੀ ਸੰਘਰਸ਼ ਦਾ ਪੈਂਤੜਾ ਨਹੀਂ ਬਣਦੀ । ਵਧ ਤੋਂ ਵੱਧ ਇਹ ਕਿਹਾ ਜਾ ਸਕਦਾ ਹੈ ਕਿ ਗਰੀਬ ਅਤੇ ਦੱਬੇ-ਕੁਚਲੇ ਲੋਕਾਂ ਲਈ ਹਮਦਰਦੀ (ਜਿਹੜੀ ਸਭਨਾਂ ਧਾਰਮਿਕ ਬਾਣੀਆਂ ਵਿਚ ਮੌਜੂਦ ਹੈ) ਬੀਜ ਰੂਪ ਵਿਚ ਉਹ ਆਧਾਰ ਹੈ, ਜਿਸ ਉਤੇ ਤੁਰਕੇ, ਸਿਖ ਲਹਿਰ, ਕੁਝ ਸਮੇਂ ਬਾਅਦ, ਜਦੋਂ ਇਹ ਏਨੀਂ ਕਮਜ਼ੋਰ ਸਮਾਜਕ ਤਾਕਤ ਨਹੀਂ ਸੀ ਰਹੀ ਕਿ ਮੁਗਲ ਹਾਕਮ ਇਸ ਨੂੰ ਨਜ਼ਰ-ਅੰਦਾਜ਼ ਕਰਦੇ. ਢਹਿ ਰਹੀ ਜਗੀਰਦਾਰੀ ਨਾਲ ਟਕਰਾਈ ।

ਇਤਿਹਾਸ ਨੇ ਮਨੁੱਖ ਦੀ ਆਜ਼ਾਦੀ ਦਾ ਸਵਾਲ ਕਦੇ ਅਮੂਰਤ (ਐਬਸਟਰੈਕਟ) ਰੂਪ ਵਿਚ ਪੇਸ਼ ਨਹੀਂ ਕੀਤਾ, ਨਾ ਇਸ ਰੂਪ ਵਿਚ ਨਜਿੱਠਿਆ ਹੈ । ਮਾਰਕਸਵਾਦੀਆਂ ਲਈ ਇਹ ਸਵਾਲ ਅਮੂਰਤ ਅਤੇ ਅਨਿਸ਼ਚਿਤ ਮਨੁੱਖ ਦੀ ਆਜ਼ਾਦੀ ਦਾ ਨਹੀਂ, ਸਗੋਂ ਠੋਸ, ਜਮਾਤੀ ਮਨੁੱਖ ਦੀ,

ਵਿਸ਼ੇਸ ਜਮਾਤੀ, ਆਰਥਕ-ਸਮਾਜਕ ਅਤੇ ਰਾਜਸੀ ਆਜ਼ਾਦੀ ਦਾ ਸਵਾਲ ਹੈ । ਇਹ ਕਹਿਣਾ ਗ਼ਲਤ ਹੈ ਕਿ ਗੁਰਬਾਣੀ ਮਨੁੱਖ ਦੀ ਆਜ਼ਾਦੀ ਦਾ ਮਸਲਾ ਖੜ੍ਹਾ ਕਰਦੀ ਹੈ । ਘੱਟੋ-ਘੱਟ ਉਸ ਰੂਪ ਵਿਚ ਨਹੀਂ ਖੜਾ ਕਰਦੀ, ਜਿਸ ਰੂਪ ਵਿਚ ਮਾਰਕਸਵਾਦ ਕਰਦਾ ਹੈ । ਗੁਰਬਾਣੀ ਤਾਂ ਬੁਰਜੂਆ ਇਨਕਲਾਬ ਦੀ ਭਾਵਨਾ ਵਿਚ ਵੀ ਮਨੁੱਖ ਦੀ ਆਜ਼ਾਦੀ ਦੀ ਗੱਲ ਨਹੀਂ ਕਰਦੀ । ਗੁਰਬਾਣੀ ਲਈ ਮਨੁੱਖ ਦੀ ਆਜ਼ਾਦੀ ਦਾ ਇਕੋ ਰੂਪ ਹੈ, ਇਹ ਹੈ ਨਾਮ ਸਿਮਰਨ ਰਾਹੀਂ ਮਨੁਖੀ ਮਨ ਦੀ ਮਾਇਆ ਦੇ ਜੰਜਾਲ ਤੋਂ, ਪੰਜਾਂ ਵਿਕਾਰਾਂ ਤੋਂ, ਆਤਮਕ ਮੁਕਤੀ । ਇਸ ਆਤਮਕ ਮੁਕਤੀ ਤੋਂ ਬਿਨਾਂ, ਇਸ ਜ਼ਿਹਨੀ ਤੇ ਮਾਨਸਿਕ ਤਬਦੀਲੀ ਤੋਂ ਬਿਨਾਂ ਗੁਰਬਾਣੀ ਕਿਸੇ ਹੋਰ ਮਨੁੱਖੀ ਆਜ਼ਾਦੀ ਦੀ ਗੱਲ ਨਹੀਂ ਕਰਦੀ । ਮਾਰਕਸਵਾਦ ਲਈ ਆਤਮਕ ਮੁਕਤੀ ਦਾ ਕੋਈ ਅਰਥ ਨਹੀਂ, ਜੇ ਕੋਈ ਹੈ ਤਾਂ ਉਹ ਪਰਚੰਡ ਗਿਆਨ ਦੇ ਰੂਪ ਵਿਚ ਹੀ ਹੈ । ਮਾਰਕਸਵਾਦ ਆਤਮਕ ਸੰਤੁਸ਼ਟੀ ਦਾ ਸਿਧਾਂਤ ਹੈ, ਜਿਹੜੀ ਪਦਾਰਥਕ ਵਸੀਲਿਆਂ ਉੱਤੇ ਕਿਰਤੀਆਂ ਦੇ ਕਾਬਜ਼ ਹੋ ਜਾਣ ਤੋਂ ਬਾਅਦ ਆਰਥਕਤਾ, ਵਿਗਿਆਨ ਅਤੇ ਸਭਿਆਚਾਰ ਦੀ ਸਰਬ ਪੱਖੀ ਪਰਫੁਲਤਾ ਦੇ ਆਧਾਰ ਉਤੇ ਹੀ ਪਰਾਪਤ ਕੀਤੀ ਜਾ ਸਕਦੀ ਹੈ । ਗੁਰਬਾਣੀ ਲਈ ਮਨੁੱਖ ਦੀ ਸਰੇਸ਼ਟ ਪਰਾਪਤੀ ਰੱਬ ਨੂੰ ਪਰਵਾਨ ਹੋਣਾ ਹੈ । ਮਾਰਕਸਵਾਦ ਲਈ ਇਹ ਪਰਾਪਤੀ ਕਿਰਤੀਆਂ ਦਾ ਆਪਣੀ ਕਿਰਤ ਅਥਵਾ ਹੋਣੀ ਦਾ ਮਾਲਕ ਹੋਣਾ ਹੈ ।

ਪੰਜਾਬੀ ਸਾਹਿਤ ਦੇ ਵਿਰਸੇ ਦੀ ਗੱਲ ਕਰਦਿਆਂ ਗੁਰਬਾਣੀ ਦੇ ਨਾਲ ਸੂਫੀ ਸਾਹਿਤ ਦਾ ਸਥਾਨ ਨਿਸਚਿਤ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ । ਇਤਿਹਾਸਕ ਤੌਰ ਉਤੇ ਸੂਫ਼ੀ ਮਤ ਦਾ ਜਨਮ ਇਸਲਾਮੀ ਰਾਜ ਦੇ ਜਗੀਰੂ ਜਬਰ ਤੋਂ ਉਪਰਾਮ ਆਮ ਲੋਕਾਂ ਦੀ ਨਿਰਾਸਤਾ ਅਤੇ ਉਹਨਾਂ ਦੇ ਰੋਸ ਤੇ ਧਾਰਮਿਕ ਪਰਗਟਾਵੇ ਦੇ ਰੂਪ ਵਿਚ ਹੋਇਆ । ਭਾਵੇਂ ਇਸ ਦਾ ਪਰੇਰਨਾ-ਸਰੋਤ ਖ਼ੁਦ ਹਜ਼ਰਤ ਮੁਹੰਮਦ ਦੇ ਕੁਰਾਨ ਵਿਚ ਅੰਕਿਤ ਵਿਚਾਰ ਸਨ ਅਤੇ ਭਾਵੇਂ ਇਹ ਮਤ ਨਵ-ਅਫਲਾਤੂਨਵਾਦ ਦੇ ਪਰਭਾਵ ਹੇਠ ਵਿਕਸਤ ਹੋਇਆ ਜਾਂ ਇਸਲਾਮ, ਬੁਧ ਮਤ, ਹਿੰਦੂ ਵੇਦਾਂਤ ਅਤੇ ਈਸਾਈ ਮਤ ਦੇ ਵਿਚਾਰਾਂ ਦਾ ਇਕ ਦੂਜੇ ਨਾਲ ਟਕਰਾਅ ਅਤੇ ਮੇਲ ਇਸ ਦੇ ਵਿਕਾਸ ਲਈ ਜ਼ਿਮੇਂਵਾਰ ਸਨ, ਇਹ ਮਤ ਬਹੁਤ ਛੇਤੀ ਇਸਲਾਮੀ ਰਾਜ ਅਤੇ ਉਸ ਦੇ ਵਿਚਾਰਧਾਰਕ ਕਾਰਿੰਦਿਆਂ, ਮਜ਼੍ਹਬ ਦੇ ਸਰਕਾਰੀ ਪ੍ਰਤੀਨਿਧਾਂ, ਕਾਜ਼ੀਆਂ ਅਤੇ ਮੌਲਾਨਿਆਂ ਦੇ ਅਤਾਬ ਦਾ ਸ਼ਿਕਾਰ ਹੋਇਆ । ਇਹ ਗੱਲ ਇਤਫ਼ਾਕੀਆ ਨਹੀਂ ਸੀ ਕਿ ਮੋਹਰੀ ਸੂਫ਼ੀ ਫ਼ਕੀਰਾਂ ਵਿਚੋਂ ਸਮੇਂ ਦੇ ਹਾਕਮਾਂ ਨੇ ਕਈਆਂ (ਮਨਸੂਰ, ਸੁਹਾਬਦੀਨ ਸੁਹਰਾਵਰਦੀ, ਸ਼ਮਸ ਤਬਰੇਜ਼, ਜ਼ਕਰੀਆ, ਸਮਰੱਦ) ਨੂੰ ਮੌਤ ਦੇ ਘਾਟ ਉਤਾਰਿਆ ।

ਜਗੀਰਦਾਰੀ ਦੌਰ ਵਿਚ ਪੈਦਾ ਹੋਏ ਹੋਰਨਾਂ ਧਾਰਮਿਕ ਫਲਸਫ਼ਿਆਂ ਵਾਂਗ ਸੂਫੀਮਤ ਵੀ ਕਈ ਫ਼ਿਰਕਿਆਂ ਵਿਚ ਵੰਡਿਆ ਗਿਆ । ਇਹਨਾਂ ਵਿਚੋਂ ਚਿਸ਼ਤੀ, ਸੁਹਰਾਵਰਦੀ, ਨਕਸ਼ਬੰਦੀ ਅਤੇ ਕਾਦਰੀ ਵਧੇਰੇ ਪਰਸਿਧ ਹੋਏ ਹਨ । ਸੱਭੋ ਫਿਰਕੇ ਇਕ ਰੱਬ ਦੇ ਵਿਸ਼ਵਾਸੀ ਹੋਏ ਹਨ । ਸੂਫੀਆਂ ਨੇ ਇਸ ਸੰਸਾਰ ਨੂੰ ਰੱਬ ਦਾ ਹੁਸਨ ਮੰਨਿਆ ਹੈ ਤੇ ਰੱਬ ਦੀ ਪਰਾਪਤੀ ਦਾ ਪਰਮੁੱਖ ਰਾਹ ਇਸ਼ਕ ਦਾ ਰਾਹ ਦਸਿਆ ਹੈ । ਸੂਫ਼ੀਮਤ ਅਨੁਸਾਰ ਰੱਬ ਦੀ ਪਰਾਪਤੀ ਲਈ ਇਹ ਜ਼ਰੂਰੀ ਹੈ ਕਿ ਸੂਫ਼ੀ ਵਖ ਵਖ ਪੜਾਵਾਂ ਵਿਚੋਂ ਲੰਘੇ । ਇਬਾਦਤ ਦੇ ਪੜਾਅ ਵਿਚ ਮਨੁੱਖ ਆਪਣੇ ਆਪ ਨੂੰ ਰੱਬ ਦਾ ਸੇਵਕ ਸਮਝੇ, ਇਸ਼ਕ ਦੇ ਪੜਾਅ ਵਿਚ ਉਸ ਨੂੰ ਆਪਣਾ ਪ੍ਰੀਤਮ ਮੰਨੇ, ਜ਼ੁਹਦ ਦੇ ਪੜਾਅ ਵਿਚ ਤਪ ਕਰੇ, ਮਆਰਫ਼ਤ ਦੇ ਪੜਾਅ ਵਿਚ ਗਿਆਨ ਹਾਸਲ ਕਰੇ, ਵਜਦ ਦੇ ਪੜਾਅ ਵਿਚ ਮਸਤੀ ਵਿਚ ਆਵੇ, ਹਕੀਕਤ ਦੇ ਪੜਾਅ ਵਿਚ ਸਚਾਈ ਦਾ ਦਰਸ਼ਨ ਕਰੇ, ਵਸਲ ਵਿਚ ਰੱਬ ਨਾਲ

ਮਿਲਾਪ ਹੋਵੇ ਅਤੇ ਫਨਾ ਦੇ ਆਖ਼ਰੀ ਪੜਾਅ ਵਿਚ ਆਪਣੀ ਹੋਂਦ ਨੂੰ ਰੱਬ ਵਿਚ ਮਿਟਾ ਦੇਵੇ। ਸੂਫ਼ੀਮਤ ਅਨੁਸਾਰ ਸੂਫ਼ੀ ਦਾ ਸਫ਼ਰ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਵਲ ਨੂੰ ਜਾਂਦਾ ਹੈ। ਮਜਾਜ਼ੀ ਦਾ ਆਰੰਭ ਗੁਰੂ, ਪੀਰ ਨਾਲ ਪਿਆਰ ਹੋਣ ਤੋਂ ਹੁੰਦਾ ਹੈ ਅਤੇ ਫੇਰ ਉਸ ਦੀ ਸਹਾਇਤਾ ਨਾਲ ਮੰਜ਼ਿਲਿ- ਮਕਸੂਦ ਨੂੰ ਹਾਸਲ ਕਰੀਦਾ ਹੈ। ਸੂਫ਼ੀ ਦਾ ਜੀਵਨ ਰੱਬ ਦੀ ਤਾਂਘ ਵਿਚ ਦਿਨ-ਰਾਤ ਬਤੀਤ ਕਰਨ ਦਾ ਹੈ। ਉਸ ਦਾ ਰਸਤਾ ਮਨ ਨੂੰ ਮਾਰਨ ਅਤੇ ਸਰੀਰ ਨੂੰ ਵਸ ਵਿਚ ਕਰਨ ਦਾ ਰਸਤਾ ਹੈ।

ਪੰਜਾਬੀ ਸੂਫ਼ੀ ਕਾਵਿ-ਧਾਰਾ ਵਿਚ ਆਪਣੇ ਵਿਲੱਖਣ ਗੁਣ ਹਨ। ਬੇਸ਼ਕ ਪੰਜਾਬੀ ਸੂਫ਼ੀ ਕਵੀਆਂ ਨੇ ਆਪਣੇ ਮੂਲ ਵਿਚਾਰ ਤਾਂ ਬਹੁਤ ਹੱਦ ਤਕ ਅਰਬੀ ਅਤੇ ਈਰਾਨੀ ਸੂਫ਼ੀਆਂ ਵਾਲੇ ਹੀ ਰੱਖੇ, ਪਰ ਇਹਨਾਂ ਵਿਚਾਰਾਂ ਦੀ ਪੇਸ਼ਕਾਰੀ ਕੁਝ ਇਸ ਢੰਗ ਨਾਲ ਕੀਤੀ ਕਿ ਸੂਫ਼ੀ ਕਵਿਤਾ ਸਭਨਾਂ ਅਰਥਾਂ ਵਿਚ ਪੰਜਾਬੀ ਧਰਤੀ ਦੀ ਪੈਦਾਵਾਰ ਅਤੇ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ ਬਣ ਗਈ। ਪੰਜਾਬੀ ਸੂਫ਼ੀ ਕਵੀਆਂ ਨੇ ਮੁੱਖ ਰੂਪ ਵਿਚ ਮਨੁੱਖ ਨੂੰ ਨੇਕ ਅਮਲਾਂ ਦੀ ਤਾਕੀਦ ਕੀਤੀ ਹੈ, ਰੱਬੀ ਪਿਆਰ ਦੇ ਗੀਤ ਗਾਏ ਹਨ, ਬੰਦੇ ਨੂੰ ਮੌਤ ਸਦਾ ਚੇਤੇ ਰੱਖਣ ਦੀ ਪਰੇਰਨਾ ਦਿਤੀ ਹੈ, ਹੱਦ ਦਰਜੇ ਦੀ ਨਿਮਰਤਾ ਦੇ ਗੁਣ ਗ੍ਰਹਿਣ ਕਰਨ ਲਈ ਕਿਹਾ ਹੈ ਅਤੇ ਕਈ ਹਾਲਤਾਂ ਵਿਚ ਰੱਬੀ ਭਗਤੀ ਦੇ ਟਾਕਰੇ ਵਿਚ ਸ਼ਰਾਅ-ਸ਼ਰੀਅਤ ਦਾ ਖੁਲ੍ਹਾ ਤੇ ਰੱਜਵਾਂ ਖੰਡਣ ਕੀਤਾ ਹੈ।

ਇਥੇ ਪਰਮੁਖ ਸੂਫ਼ੀ ਕਵੀਆਂ ਦੀਆਂ ਕਿਰਤਾਂ ਬਾਰੇ ਕੁਝ ਜ਼ਰੂਰੀ ਨੁਕਤਿਆਂ ਉਤੇ ਵਿਚਾਰ ਕਰਨੀ ਉਚਿਤ ਹੋਵੇਗੀ।

ਸ਼ੇਖ਼ ਫ਼ਰੀਦ ਪੰਜਾਬੀ ਦੇ ਪਹਿਲੇ ਕਵੀ ਹੋਣ ਦੇ ਨਾਲ ਨਾਲ ਪਹਿਲੇ ਸੂਫ਼ੀ ਕਵੀ ਵੀ ਸਨ। ਗੁਰੂ ਅਰਜਨ ਨੇ ਉਹਨਾਂ ਦੀ ਬਾਣੀ ਨੂੰ ਆਦਿ ਗਰੰਥ ਵਿਚ ਥਾਂ ਦਿਤੀ। ਗੁਰੂਆਂ ਦੀ ਬਾਣੀ ਅਤੇ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਬੁਨਿਆਦੀ ਵਿਚਾਰਾਂ ਅਤੇ ਭਾਵਾਂ ਦੀ ਸਾਂਝ ਤਾਂ ਪਰਤੱਖ ਹੀ ਹੈ। ਇਹ ਗੱਲ ਵੀ ਸਪੱਸ਼ਟ ਹੈ ਕਿ ਫ਼ਰੀਦ ਪੱਕੇ ਸ਼ਰਈ ਮੁਸਲਮਾਨ ਸਨ ਅਤੇ ਗੁਰੂ ਅਰਜਨ ਵਲੋਂ ਫੇਰ ਵੀ ਉਹਨਾਂ ਦੀ ਬਾਣੀ ਦਾ ਵੱਡਾ ਮੁੱਲ ਪਾਉਣਾ ਇਹੋ ਹੀ ਜ਼ਾਹਰ ਕਰਦਾ ਹੈ ਕਿ ਮਾਨਵਵਾਦ ਗੁਰਬਾਣੀ ਲਈ ਕੁੰਜੀਵਤ ਹੈਸੀਅਤ ਰਖਦਾ ਹੈ। ਪਰ ਇਥੇ ਨਾਲ ਹੀ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਦੇ ਨਾਲ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਨੇ ਆਪਣੀਆਂ ਟਿਪਣੀਆਂ ਵੀ ਦਿਤੀਆਂ ਹਨ। ਇਹਨਾਂ ਸਭਨਾਂ ਟਿਪਣੀਆਂ ਦਾ ਰੁਖ਼ ਇਕੋ ਹੈ। ਮੁਖ ਤੌਰ ਉਤੇ ਇਹ ਟਿਪਣੀਆਂ ਫ਼ਰੀਦ ਦੇ ਇਕ ਤਰ੍ਹਾਂ ਦੇ ਅਤਿਵਾਦ ਵਲ ਨੂੰ ਅਪ੍ਰਵਾਨਗੀ ਦੀ ਪਹੁੰਚ ਦਾ ਪਰਗਟਾਵਾ ਕਰਦੀਆਂ ਹਨ।

ਫ਼ਰੀਦ-ਬਾਣੀ ਵਿਚ ਤਪ ਤਿਆਗ ਉਤੇ ਏਨਾਂ ਜ਼ੋਰ ਹੈ ਕਿ ਸੰਸਾਰੀ ਜੀਵ ਲਈ ਆਪਣੇ ਸਾਧਾਰਨ ਜੀਵਨ ਵਿਚ ਵਿਚਰਦਿਆਂ ਮੁਕਤੀ ਪਰਾਪਤ ਕਰਨ ਦਾ ਕੋਈ ਰਸਤਾ ਇਸ ਵਿਚੋਂ ਨਜ਼ਰ ਨਹੀਂ ਆਉਂਦਾ। ਇਹ ਵੀ ਗੁਰਬਾਣੀ ਦੀ ਸਿੱਖਿਆ ਦੀ ਮੁੱਖ ਸੇਧ ਨਾਲੋਂ ਵੱਖਰੀ ਗੱਲ ਹੈ। ਕੇਵਲ ਫ਼ਰੀਦ ਹੀ ਇਹ ਕਹਿ ਸਕਦੇ ਸਨ : "ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥" ਅਤੇ "ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ ॥ ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥"

ਏਥੇ ਫ਼ਰੀਦ ਬਹੁਤ ਉਘੜਵੇਂ ਰੂਪ ਵਿਚ ਨਾ ਕੇਵਲ ਸੰਸਾਰਕ ਤਿਆਗ ਦੀ ਆਪਣੀ

ਫ਼ਿਲਾਸਫ਼ੀ ਨੂੰ ਉਸ ਦੇ ਮੰਤਕੀ ਨਤੀਜੇ ਤਕ ਪਹੁੰਚਾਉਂਦੇ ਹਨ, ਸਗੋਂ ਸਮਾਜ ਦੀਆਂ ਦੱਬੀਆਂ-ਲਤਾੜੀਆਂ ਜਮਾਤਾਂ ਨੂੰ ਸਲਾਹ ਦੇਂਦੇ ਹਨ ਕਿ ਆਪਣੀ ਗ਼ਰੀਬੀ ਵਿਰੁਧ ਕੋਈ ਸ਼ਿਕਵਾ ਸ਼ਕਾਇਤ ਨਾ ਕਰਨ ਅਤੇ ਜੋ ਕੁਝ ਮਿਲਦਾ ਹੈ ਉਸ ਉਤੇ ਸਬਰ-ਸ਼ੁਕਰ ਕਰਨ ।

ਫ਼ਰੀਦ ਕੇਵਲ ਮੌਤ ਚੇਤੇ ਕਰਾ ਕੇ ਨੇਕ ਅਮਲਾਂ ਅਤੇ ਰੱਬ ਦੀ ਭਗਤੀ ਦਾ ਉਪਦੇਸ਼ ਹੀ ਨਹੀਂ ਦੇਂਦੇ ਉਹ ਕਬਰ ਨੂੰ ਮਨੁਖ ਦਾ ਅਸਲੀ ਘਰ ਵੀ ਦਸਦੇ ਹਨ ਅਤੇ ਕਹਿੰਦੇ ਹਨ : "ਫ਼ਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥ ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥" ਫ਼ਰੀਦ ਰੱਬ ਦੇ ਵੈਰਾਗ ਵਿਚ ਏਨੇ ਇਕ-ਪਾਸੜ ਹੋ ਜਾਂਦੇ ਹਨ ਕਿ ਉਹ ਕਹਿ ਉਠਦੇ ਹਨ : "ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲ ਕਪਹਿ ਚੁਖ ॥ ਪਵਨਿ ਨਾ ਇਤੀ ਮਾਮਲੇ ਸਹਾ ਨਾ ਇਤੀ ਦੁਖ ॥"

ਮਾਰਕਸ ਦੇ ਕਥਨ ਨੂੰ ਗੁਰ-ਮੰਤਰ ਵਾਂਗੂ ਲਏ ਬਗ਼ੈਰ ਇਹ ਕਿਹਾ ਜਾ ਸਕਦਾ ਹੈ ਕਿ ਮਜ਼੍ਹਬ ਦਾ ਇਸ ਤਰ੍ਹਾਂ ਦਾ ਰਵੱਈਆ ਹੀ ਹੋਵੇਗਾ ਜਿਸ ਨੂੰ ਸਾਹਮਣੇ ਰਖ ਕੇ ਮਾਰਕਸ ਨੇ ਲਿਖਿਆ ਕਿ ਮਜ਼੍ਹਬ ਲੋਕਾਂ ਦੀ ਅਫ਼ੀਮ ਹੈ, ਭਾਵੇਂ ਕਿ ਉਸ ਨੇ ਇਕ ਤੋਂ ਵੱਧ ਵਾਰ ਇਤਿਹਾਸ ਦੇ ਡੂੰਘੇ ਅਧਿਅਨ ਦੇ ਆਧਾਰ ਉਤੇ ਜਮਾਤੀ ਲੜਾਈਆਂ ਦਾ ਮਜ਼੍ਹਬ ਦੇ ਝੰਡੇ ਹੇਠ ਲੜਿਆ ਜਾਣਾ ਵੀ ਪਰਵਾਨ ਕੀਤਾ ਹੈ ।

ਪੰਜਾਬੀ ਦੇ ਦੋ ਹੋਰ ਉਘੇ ਸੂਫ਼ੀ ਕਵੀ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਮੁਖ ਰੂਪ ਵਿਚ ਬਿਰਹਾ ਅਤੇ ਵੈਰਾਗ ਦੇ ਕਵੀ ਸਨ । ਰੱਬ ਤੋਂ ਵਿਛੋੜੇ ਦੀ ਪੀੜ ਸ਼ਾਹ ਹੁਸੈਨ ਨੂੰ ਦੀਵਾਨਾ ਬਣਾ ਦੇਂਦੀ ਹੈ । ਉਸ ਦੀ ਲਿਖਤ ਵਿਚ ਪਰਮਾਤਮਾ ਤੋਂ ਵਿਛੜੀ ਜੀਵ-ਆਤਮਾ ਦਾ ਦੁਖਾਂਤ ਸਿਖਰ ਉਤੇ ਹੈ । ਪਰ ਜਿਥੇ ਸ਼ੇਖ਼ ਫ਼ਰੀਦ ਸ਼ਰੀਅਤ ਦੀ ਪਾਬੰਦੀ ਨਾ ਕਰਨ ਕਰਕੇ ਆਪਣੇ ਆਪ ਨੂੰ "ਬੇਨਿਵਾਜਾ ਕੁਤਿਆ" ਕਹਿੰਦੇ ਹਨ, ਉਥੇ ਸ਼ਾਹ ਹੁਸੈਨ ਸ਼ਰਾਅ ਦੀ ਪਾਬੰਦੀ ਬਾਰੇ ਖਾਮੋਸ਼ ਹੈ । ਸ਼ਾਹ ਹੁਸੈਨ ਨੇ ਆਪਣੀਆਂ ਕਾਫ਼ੀਆਂ ਵਿਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਸਾਧਾਰਨ ਗੱਲਾਂ ਅਤੇ ਘਟਨਾਵਾਂ ਦੀ ਸ਼ਬਦਾਵਲੀ ਵਿਚ ਆਪਣੀ ਗੱਲ ਆਖੀ ਹੈ । ਕਿਸੇ ਫ਼ਿਲਾਸਫ਼ੀ ਦੀ ਵਿਆਖਿਆ ਨੂੰ ਉਸ ਨੇ ਹੱਥ ਨਹੀਂ ਪਾਇਆ, ਨਾ ਹੀ ਆਲਮਾਨਾ ਅੰਦਾਜ਼ ਵਿਚ ਕੋਈ ਗੱਲ ਆਖੀ ਹੈ । ਕਾਫ਼ੀਆਂ ਲਈ ਉਸ ਨੇ ਘੋੜੀ, ਥਾਲ ਤੇ ਕਲੀਆਂ ਆਦਿਕ ਦੀਆਂ ਬਹਿਰਾਂ ਵਰਤੀਆਂ ਹਨ, ਜਿਨ੍ਹਾਂ ਵਿਚ ਬੇਓੜਕ ਸਾਦਗੀ ਹੈ । ਉਸ ਦੀ ਕਵਿਤਾ ਇਕ ਮਾਇਆ ਦੀ ਦੁਨੀਆਂ ਦੀ ਨਾਸ਼ਮਾਨਤਾ, ਚੰਗੇ ਅਮਲਾਂ ਦੀ ਲੋੜ, ਮੁਰਸ਼ਿਦ ਦੀ ਸਹਾਇਤਾ ਨਾਲ ਰੱਬ ਦੀ ਪਰਾਪਤੀ, ਪ੍ਰਭੂ ਭਗਤੀ ਬਿਨਾਂ ਇਸ ਜੀਵਨ ਦੇ ਵਿਅਰਥ ਹੋਣ ਆਦਿ ਭਾਵ ਅਤੇ ਵਿਚਾਰ ਮਿਲਦੇ ਹਨ ।

ਸ਼ਾਹ ਹੁਸੈਨ ਦੀ ਕਵਿਤਾ ਦਾ ਇਕ ਮੁੱਖ ਭਾਵ ਨਿਮਰਤਾ ਹੈ । "ਸ਼ਾਹ ਹੁਸੈਨ ਫ਼ਕੀਰ ਨਿਮਾਣਾ" ਤਾਂ ਉਸ ਦਾ ਤਕੀਆ-ਕਲਾਮ ਹੀ ਹੈ । ਉਹ ਸਿੱਧੇ ਤੌਰ ਤੇ ਦਲੇਰੀ ਨਾਲ, ਗੁਰੂ ਨਾਨਕ ਜਾਂ ਕਬੀਰ ਵਾਂਗ ਜ਼ਾਤ-ਪਾਤ ਉਤੇ ਆਧਾਰਤ ਜਗੀਰੂ ਸਮਾਜ ਦਾ ਖੰਡਣ ਨਹੀਂ ਕਰਦਾ । ਹਾਂ, ਉਹ ਆਪਣੇ ਆਪ ਨੂੰ ਜੁਲਾਹਾ ਦੱਸਣ ਵਿਚ ਵੀ ਕੋਈ ਹੇਠੀ ਮਹਿਸੂਸ ਨਹੀਂ ਕਰਦਾ । ਸ਼ਾਹ ਹੁਸੈਨ ਦੌਲਤ ਅਤੇ ਦੌਲਤਮੰਦੀ ਵਲ ਫ਼ਕੀਰੀ ਲਾਪਰਵਾਹੀ ਦਾ ਪਰਗਟਾਵਾ ਕਰਦਾ ਹੈ ।

ਕਈ ਕਾਫ਼ੀਆਂ ਵਿਚ ਸ਼ਾਹ ਹੁਸੈਨ ਨੇ ਰੱਬ ਨੂੰ "ਤਖ਼ਤ ਹਜ਼ਾਰੇ ਦਾ ਸਾਈਂ" ਕਿਹਾ ਹੈ ਅਤੇ ਆਪਣੇ ਆਪ ਨੂੰ ਹੀਰ ਦੇ ਰੂਪ ਵਿਚ ਪੇਸ਼ ਕੀਤਾ ਹੈ । ਉਸ ਨੇ ਕਿਸੇ ਵੀ ਹੋਰ ਸੂਫ਼ੀ ਕਵੀ ਨਾਲੋਂ

ਭਗਤੀ ਲਹਿਰ ਦੀ ਸ਼ਬਦਾਵਲੀ ਅਤੇ ਬਿੰਬ ਵਧੇਰੇ ਅਪਣਾਏ ਹਨ।

ਬੁਲ੍ਹੇ ਸ਼ਾਹ ਨੇ ਸੂਫ਼ੀਵਾਦ ਦੇ ਵਿਚਾਰਾਂ ਅਤੇ ਭਾਵਾਂ ਨੂੰ ਟਕਸਾਲੀ ਪੰਜਾਬੀ ਬੋਲੀ ਵਿਚ ਪੇਸ਼ ਕੀਤਾ ਹੈ। ਉਸ ਦੀ ਰਚਨਾ ਵਿਚ ਇਹ ਵਿਚਾਰ ਅੰਕਿਤ ਹਨ ਕਿ ਸਾਰੇ ਧਰਮ, ਯੋਗ ਅਤੇ ਫ਼ਿਰਕੇ ਉਸ ਇਕੋ ਰੱਬ ਵਲ ਜਾਂਦੇ ਹਨ ਅਤੇ ਇਸ ਲਈ ਵਖ ਵਖ ਫ਼ਿਰਕਿਆਂ ਵਿਚਕਾਰ ਵਿਰੋਧ ਦੀ ਕੋਈ ਗੁੰਜਾਇਸ਼ ਨਹੀਂ। ਰੱਬ ਨੂੰ ਪਾ ਸਕਣ ਦਾ ਰਾਜ਼ ਨਫ਼ਸ ਨੂੰ ਮਾਰਨ ਦਾ ਹੈ। ਸਾਰੇ ਦੁੱਖਾਂ ਦਾ ਅੰਤਿਮ ਇਲਾਜ ਰੱਬ ਨਾਲ ਮਿਲਾਪ ਹੈ। ਮਨੁੱਖ ਨੂੰ ਵਾਪਰਦੇ ਦੁੱਖ ਰੱਬ ਵੱਲ ਨੂੰ ਅਜ਼ਮਾਇਸ਼ ਦੇ ਪੜਾਅ ਹਨ। ਮਨੁੱਖ ਦਾ ਕਰਤੱਵ ਸਬਰ, ਸ਼ੁਕਰ ਨਾਲ ਅਤੇ ਰੱਬ ਉਤੇ ਭਰੋਸਾ ਰੱਖ ਕੇ ਇਹਨਾਂ ਵਿਚੋਂ ਪਾਰ ਲੰਘਣ ਦਾ ਹੋਣਾ ਚਾਹੀਦਾ ਹੈ।

ਬੁਲ੍ਹੇ ਸ਼ਾਹ ਨੇ ਸ਼ਰੀਅਤ ਦੀ ਕਟੜਤਾ ਦਾ ਵਿਰੋਧ ਵਧੇਰੇ ਉਘੜਵੇਂ ਰੂਪ ਵਿਚ ਕੀਤਾ ਹੈ। ਉਸ ਨੇ ਨਿਰਜਿੰਦ ਮਜ਼ਬੀ ਰਸਮਾਂ-ਰਿਵਾਜਾਂ ਵਿਰੁਧ ਬਗ਼ਾਵਤ ਦਾ ਝੰਡਾ ਚੁਕਿਆ, ਭਾਵੇਂ ਕਿ ਇਹ ਬਗ਼ਾਵਤ ਕਿਸੇ ਨਵੇਂ ਸਮਾਜਕ ਪਰਬੰਧ ਵਲ ਸੰਕੇਤ ਨਹੀਂ ਸੀ ਕਰਦੀ। ਉਸ ਨੇ ਆਪਣੇ ਸਮੇਂ ਦੇ ਸਮਾਜਕ ਪਰਬੰਧ ਨੂੰ ਛੁਟਿਆਇਆ। ਉਸ ਦੀਆਂ ਬਹੁਤ ਪਰਸਿੱਧ ਕਾਫ਼ੀਆਂ ਵਿਚ ਪਰਚਲਤ ਧਾਰਮਕ ਕਦਰਾਂ-ਕੀਮਤਾਂ ਦਾ ਸਖ਼ਤ ਖੰਡਣ ਇਹਨਾਂ ਪੰਕਤੀਆਂ ਵਿਚ ਮਿਲਦਾ ਹੈ: "ਫੂਕ ਮੁਸੱਲਾ ਭੰਨ ਸਿਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ..." ਅਤੇ "ਹਾਜੀ ਲੋਕ ਮੱਕੇ ਵਲ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ। ਜਿਤ ਵਲ ਯਾਰ ਉਤੇ ਵਲ ਕਾਬਾ, ਭਾਵੇਂ ਵੇਖ ਕਿਤਾਬਾਂ ਚਾਰੇ" ਅਤੇ "ਧਰਮ-ਸਾਲ ਧਾੜਵੀ ਰਹਿੰਦੇ, ਠਾਕੁਰਦੁਆਰੇ ਠੱਗ, ਵਿਚ ਮਸੀਤਾਂ ਰਹਿਣ ਕੁਸੱਤੀ, ਆਸ਼ਿਕ ਰਹਿਣ ਅਲੱਗ।" ਅਤੇ "ਸਾਧੋ ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ ਦੇ ਵਿਚ ਚੋਰ। ਕਿਤੇ ਰਾਮਦਾਸ ਕਿਤੇ ਫ਼ਤਹ ਮੁਹੰਮਦ, ਇਹੋ ਕਦੀਮੀ ਸ਼ੋਰ।"

ਬੁਲ੍ਹੇ ਸ਼ਾਹ ਵਲੋਂ ਨਾਦਰਸ਼ਾਹ ਅਹਿਮਦ ਸਾਹ ਅਬਦਾਲੀ ਦੇ ਹੱਲਿਆਂ ਬਾਰੇ ਖ਼ਾਮੋਸ਼ੀ ਅਤੇ ਮੁਗ਼ਲ ਰਾਜ ਦੇ ਖੁੱਸ ਜਾਣ ਉਤੇ ਉਸ ਨਾਲ ਹਮਦਰਦੀ ਦਾ ਪਰਗਟਾਵਾ ਕੇਵਲ ਇਹ ਹੀ ਦਰਸਾਉਂਦਾ ਹੈ ਕਿ ਉਸ ਸਮੇਂ ਦੀਆਂ ਸਮਾਜਕ-ਰਾਜਸੀ ਪਰਸਥਿਤੀਆਂ ਬਾਰੇ ਉਸ ਦੀ ਸਮਝ ਕਿੰਨੀ ਕਮਜ਼ੋਰ ਸੀ।

ਤਦ ਫੇਰ ਸੂਫ਼ੀ ਕਵਿਤਾ ਦਾ ਕੀ ਮੁਲੰਕਣ ਕੀਤਾ ਜਾਵੇ? ਇਹ ਗੱਲ ਤਾਂ ਸਪੱਸ਼ਟ ਹੀ ਹੈ ਕਿ ਕਿਉਂਕਿ ਫਰੀਦ, ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਵਖ ਵਖ ਸਮਿਆਂ ਵਿਚ ਹੋਏ, ਇਸ ਲਈ ਉਹਨਾਂ ਵਿਚਕਾਰ ਸੂਫ਼ੀਵਾਦ ਦੀ ਸਾਂਝ ਹੁੰਦਿਆਂ ਹੋਇਆਂ ਵੀ, ਉਹਨਾਂ ਦੇ ਵਿਚਾਰਾਂ ਵਿਚ ਬਹੁਤ ਵੱਡਾ ਫ਼ਰਕ ਹੈ। ਇਸ ਕਵਿਤਾ ਦੀ ਇਕ ਮੁੱਖ ਦੇਣ ਗੁਰਬਾਣੀ ਵਾਂਗ ਮਾਨਵਵਾਦ ਜ਼ਰੂਰ ਹੈ। ਪਰ ਜਿੱਥੇ ਗੁਰਬਾਣੀ ਦਾ ਮਾਨਵਵਾਦ ਵਧੇਰੇ ਜਾਨਦਾਰ ਹੈ ਅਤੇ ਇਸੇ ਕਰਕੇ ਇਕ ਤਕੜੀ ਲਹਿਰ ਦਾ ਆਧਾਰ ਬਣਦਾ ਹੈ, ਉਥੇ ਸੂਫ਼ੀ ਕਵਿਤਾ ਦਾ ਮਾਨਵਵਾਦ, ਬੁਲ੍ਹੇ ਸ਼ਾਹ ਦੀ ਕਵਿਤਾ ਦੇ ਰੂਪ ਵਿਚ ਧਾਰਮਿਕ ਸਥਾਪਨਾਵਾਂ ਦਾ ਵਿਰੋਧ ਕਰਦਿਆਂ ਹੋਇਆਂ ਵੀ, ਬਹੁਤ ਹੱਦ ਤਕ ਅੰਤਰਮੁਖੀ ਅਤੇ ਅਪਸਾਰਵਾਦੀ ਹੈ। ਸੂਫ਼ੀਆਂ ਦਾ ਇਸਲਾਮੀ ਰਾਜ ਨਾਲ ਟਕਰਾਅ ਕਈ ਰੂਪਾਂ ਵਿਚ ਅਤੇ ਕਈ ਕਾਰਨਾਂ ਕਰਕੇ ਆਇਆ ਹੋਵੇਗਾ। ਪਰ ਪੰਜਾਬੀ ਸੂਫ਼ੀ ਕਵੀਆਂ ਨੇ ਲੰਮੇ ਸਮੇਂ ਲਈ ਸ਼ਰਾਅ-ਸ਼ਰੀਅਤ ਨੂੰ ਚੈਲਿੰਜ ਨਹੀਂ ਕੀਤਾ। ਸ਼ੇਖ਼ ਫ਼ਰੀਦ ਪੱਕੇ ਨਿਮਾਜ਼ੀ ਰਹੇ। ਸ਼ਾਹ ਹੁਸੈਨ ਸ਼ਰਾਅ ਦੇ

ਮਸਲੇ ਉੱਤੇ ਖ਼ਾਮੋਸ਼ ਰਹੇ ਅਤੇ ਬੁਲ੍ਹੇ ਸ਼ਾਹ ਦੇ ਵਕਤ ਤੱਕ ਹਾਲਾਤ ਬਹੁਤ ਬਦਲ ਚੁੱਕੇ ਸਨ। ਭਾਵੇਂ ਸਮਾਜਕ ਤੌਰ ਉਤੇ ਅਜੇ ਮੁਸੱਲਾ ਫੂਕਣ ਅਤੇ ਲੋਟਾ ਭੰਨਣ ਦੀ ਗੱਲ ਕਰਨਾ ਬੜੇ ਹੌਸਲੇ ਦੀ ਮੰਗ ਕਰਦਾ ਸੀ, ਇਸਲਾਮੀ ਰਾਜ ਅਤੇ ਉਸ ਦੇ ਕਾਰਿੰਦੇ ਹੁਣ ਰਾਜਸੀ ਮੰਚ ਉਤੇ ਹਾਵੀ ਨਹੀਂ ਸਨ ਕਿ ਉਹ ਇਸ ਤਰ੍ਹਾਂ ਦੀਆਂ 'ਕਾਫਰਾਨਾ' ਹਰਕਤਾਂ ਵਿਰੁਧ ਕਿਸੇ ਕਿਸਮ ਦੀ ਕੋਈ ਕਾਰਵਾਈ ਕਰ ਸਕਦੇ। ਮੁਗਲ ਰਾਜ ਦੇ ਪਤਨ ਦੀ ਵਜ੍ਹਾ ਕਰਕੇ ਬੁਲ੍ਹੇ ਸ਼ਾਹ ਵਲੋਂ ਧਾਰਮਕ ਕਟੜਤਾ ਨੂੰ ਦਿਤੇ ਗਏ ਚੈਲਿੰਜ ਦੇ ਉਹ ਨਤੀਜੇ ਨਹੀਂ ਨਿਕਲ ਸਕਦੇ ਸਨ ਜਿਹੜੇ 800 ਸਾਲ ਪਹਿਲਾਂ 'ਅਨਲਹੱਕ' ਕਹਿਣ ਵਾਲੇ ਮਨਸੂਰ ਲਈ ਨਿਕਲੇ ਸਨ।

ਸ਼ੇਖ ਫਰੀਦ ਤੋਂ ਲੈਕੇ ਬੁਲ੍ਹੇ ਸ਼ਾਹ ਤਕ ਦੀ ਸੂਫ਼ੀ ਕਵਿਤਾ ਦੀ ਵਸਤੂ ਅਤੇ ਇਸ ਸਾਰੇ ਸਮੇਂ ਵਿਚ ਸੂਫੀ ਮੱਤ ਦੇ ਕਾਰ ਵਿਹਾਰ ਬਾਰੇ ਪਰਾਪਤ ਥੋੜ੍ਹੀ-ਬਹੁਤ ਜਾਣਕਾਰੀ ਸਾਨੂੰ ਇਕ ਵਿਗਿਆਨਕ ਨਤੀਜਾ ਕੱਢਣ ਵਲ ਲੈ ਜਾਂਦੀ ਹੈ ਅਤੇ ਉਹ ਇਹ ਹੈ ਕਿ ਸਿਵਾਏ ਬੁਲ੍ਹੇ ਸ਼ਾਹ ਤੋਂ, ਇਸ ਸਾਰੀ ਧਾਰਾ ਨੂੰ ਕਿਸੇ ਤਰ੍ਹਾਂ ਦੇ ਇਨਕਲਾਬੀ ਮੰਤਵਾਂ ਅਥਵਾ ਟੀਚਿਆਂ ਨਾਲ ਜੋੜਨਾ ਅਸਲੀਅਤ ਤੋਂ ਲਾਂਭੇ ਜਾਣਾ ਹੈ। ਬੁਲ੍ਹੇ ਸ਼ਾਹ ਦੀ ਕਵਿਤਾ ਵੀ ਕਿਸੇ ਇਨਕਲਾਬ ਲਈ ਵੰਗਾਰ ਨਹੀਂ। ਇਹ ਮੁੜ-ਘਿੜ ਕੇ ਸਿਰਫ਼ ਮਜ਼ਬ ਦੀ ਅਤਿਅੰਤ ਭੱਦੀ ਸੂਰਤ ਸਥਾਪਤ ਮਜ਼ਬ ਦੇ ਇਦਾਰਿਆਂ ਨੂੰ ਰੱਦ ਕਰਨ ਤਕ ਹੀ ਸੀਮਤ ਰਹਿੰਦੀ ਹੈ ਅਤੇ ਇਸ ਦਾ ਆਪਣਾ ਸਾਰਾ ਚੌਖਟਾ ਫਿਰ ਵੀ ਇਕ ਮਜ਼ਬ ਦਾ ਹੀ ਰਹਿੰਦਾ ਹੈ, ਭਾਵੇਂ ਕਿ ਇਹ ਮਜ਼ਬ, ਮਜ਼ਬ ਦੇ ਉਸ ਪੁਰਾਣੇ ਅਤੇ ਵੇਲਾ-ਵਿਹਾ-ਚੁੱਕੇ ਰੂਪ ਨਾਲੋਂ ਵਧੇਰੇ ਉਚੇਰਾ ਹੈ, ਬਦਲ ਚੁਕੀਆਂ ਹਾਲਤਾਂ ਦੇ ਵਧੇਰੇ ਅਨੁਕੂਲ ਹੈ ਅਤੇ ਆਮ ਲੋਕਾਂ ਦੀਆਂ ਮੰਗਾਂ ਉਮੰਗਾਂ ਦੇ ਵਧੇਰੇ ਨੇੜੇ ਨਜ਼ਰ ਆਉਂਦਾ ਹੈ।

ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਪੰਜਾਬੀ ਸੂਫੀ ਕਵੀ ਉਹਨਾਂ ਪੰਜ ਸਦੀਆਂ ਦੇ ਸਮੇਂ ਵਿਚ ਵਿਚਰੇ ਹਨ ਜਿਨ੍ਹਾਂ ਵਿਚ ਪੰਜਾਬ ਉਤੇ ਭਾਰੇ ਉਪੱਦਰ ਹੋਏ, ਧਾੜਵੀਆਂ ਦੇ ਹਮਲੇ ਹੁੰਦੇ ਰਹੇ, ਮੁਗਲ ਸਲਤਨਤ ਨੇ ਆਪਣੇ ਪੈਰ ਪੱਕੇ ਤੌਰ ਉਤੇ ਜਮਾਏ ਅਤੇ ਜ਼ੋਰੀਂ ਦਾਨ ਹੀ ਨਹੀਂ ਮੰਗਿਆ ਗਿਆ ਸਗੋਂ ਲੋਕਾਂ ਨੂੰ ਤਲਵਾਰ ਦਾ ਡਰ ਦੇ ਕੇ ਮਜ਼ਬ ਤਬਦੀਲ ਕਰਨ ਉਤੇ ਵੀ ਮਜਬੂਰ ਕੀਤਾ ਗਿਆ। ਜੇ ਪੰਜਾਬੀ ਸੂਫੀ ਕਵੀ ਸਥਾਪਤੀ ਦੇ ਡਟਵੇਂ ਅਤੇ ਗੰਭੀਰ ਵਿਰੋਧੀ ਹੁੰਦੇ ਤਾਂ ਉਹਨਾਂ ਨਾਲ ਉਹੋ ਬੀਤਦੀ, ਜੋ ਬਾਕੀ ਉਘੇ ਸੂਫ਼ੀ ਫ਼ਕੀਰਾਂ ਨਾਲ ਹੋਈ ਸੀ। ਜੇ ਉਹ ਜਗੀਰੂ ਸੰਕਲਪੀ ਢਾਂਚੇ ਅੰਦਰ ਰਹਿੰਦਿਆਂ ਹੋਇਆਂ ਵੀ ਕੁਝ ਨਿੱਗਰ ਸਮਾਜਕ ਸੁਧਾਰਾਂ ਦੇ ਤਕੜੇ ਮੁਦਈ ਹੁੰਦੇ ਤਾਂ ਵੀ ਉਹਨਾਂ ਨੂੰ ਹਾਕਮਾਂ ਹੱਥੋਂ ਘੱਟੋ-ਘੱਟ ਸਿਖ ਗੁਰੂਆਂ ਜਿੰਨੀਆਂ ਤਕਲੀਫ਼ਾਂ ਤਾਂ ਪਹੁੰਚਾਈਆਂ ਹੀ ਜਾਂਦੀਆਂ। ਪਰ ਇਹ ਕੁਝ ਨਹੀਂ ਹੋਇਆ। ਇਸ ਲਈ ਪੰਜਾਬੀ ਸੂਫ਼ੀ ਕਵੀਆਂ ਨੂੰ ਜਾਂ ਉਹਨਾਂ ਦੇ ਸੰਕਲਪੀ ਆਦਰਸ਼ਕ ਸੂਫੀਆਂ ਨੂੰ ਇਨਕਲਾਬੀਆਂ ਨਾਲ ਮੇਲਣਾ ਗਲਤ ਹੈ।

ਅਸਲੀਅਤ ਇਹ ਹੈ ਕਿ ਪੰਜਾਬ ਵਿਚ ਸੂਫੀ ਸੰਪਰਦਾ ਦਾ ਵਧਣਾ-ਫੁਲਣਾ ਖ਼ੁਦ ਉਹਨਾਂ ਸਮਾਜਕ ਹਾਲਤਾਂ ਦੀ ਪੈਦਾਵਾਰ ਸੀ, ਜਿੰਨ੍ਹਾਂ ਵਿਚ ਜਗੀਰਦਾਰਾਂ ਦੀ ਆਰਥਕ ਲੁਟ-ਖੋਹ ਅਤੇ ਉਹਨਾਂ ਦੇ ਸਮਾਜਕ ਜਬਰ ਨੇ ਆਮ ਜਨਤਾ ਨੂੰ ਬਿਲਕੁਲ ਨਿਢਾਲ ਕਰ ਦਿਤਾ ਸੀ ਅਤੇ ਜਦੋਂ ਸਥਾਪਤ ਇਸਲਾਮ ਦਾ ਸੰਕਲਪੀ ਢਾਂਚਾ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਮਾਨਸਿਕ ਰਾਹਤ ਦੇਣ ਦੀ ਸਮਰੱਥਾ ਨਹੀਂ ਸੀ ਰਖਦਾ।

ਇਸ ਤਰ੍ਹਾਂ ਦੇ ਨਿਰਣੇ ਦਾ ਇਹ ਭਾਵ ਬਿਲਕੁਲ ਨਹੀਂ ਕਿ ਸੂਫ਼ੀ ਕਵਿਤਾ ਦੀ ਹਾਂ-ਪੱਖੀ

ਦੇਣ ਨਿਗੂਣੀ ਹੈ। ਇਹਨਾਂ ਕਈ ਸੌ ਸਾਲਾਂ ਵਿਚ ਧਾਰਮਿਕ ਸਹਿਨਸ਼ੀਲਤਾ ਮਨੁੱਖੀ ਏਕਤਾ ਅਤੇ ਨੇਕ ਅਮਲਾਂ ਦਾ ਜਿਹੜਾ ਪਰਚਾਰ ਸੂਫ਼ੀ ਕਵਿਤਾ ਅਤੇ ਸੂਫ਼ੀ ਸੰਪਰਦਾ ਰਾਹੀਂ ਹੋਇਆ, ਉਸ ਨੇ ਪੰਜਾਬ ਦੇ ਇਕ ਸਾਂਝੇ ਸਭਿਆਚਾਰ ਦੀ ਉਸਾਰੀ ਵਿਚ ਅਤੇ ਉਸ ਅਮਲ ਵਿਚ ਮਦਦ ਕੀਤੀ ਜਿਸ ਨਾਲ ਕਲ੍ਹ ਦੇ ਧਾੜਵੀ ਪਠਾਣ ਅਤੇ ਮੁਗ਼ਲ ਹਿੰਦੁਸਤਾਨੀ ਜੀਵਨ ਅਤੇ ਸਭਿਆਚਾਰ ਦਾ ਅੰਗ ਬਣਨ ਲਗ ਪਏ। ਕੁਝ ਵੀ ਹੋਵੇ, ਇਸ ਤੱਥ ਨੂੰ ਕਿਵੇਂ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ ਕਿ ਪੰਜਾਬੀ ਕਵਿਤਾ ਦੇ ਅਮੁੱਕ ਵਹਿਣ ਵਿਚ ਸੂਫ਼ੀ ਕਵੀ ਸਭ ਤੋਂ ਵੱਧ ਮਹੱਤਵ-ਪੂਰਨ ਕੜੀ ਹਨ। ਗੁਰਬਾਣੀ ਬਰਿਜ-ਭਾਸ਼ਾ ਵਿਚ ਰਚੀ ਗਈ। ਜੇ ਪੰਜਾਬੀ ਸਾਹਿਤ ਵਿਚੋਂ ਸੂਫ਼ੀਆਂ ਨੂੰ ਨਫ਼ੀ ਕਰ ਦਿਤਾ ਜਾਵੇ ਤਾਂ ਕਿੱਸਾਕਾਰਾਂ ਨੂੰ ਛੱਡ ਕੇ ਆਧੁਨਿਕ ਸਾਹਿਤਕ ਯੁੱਗ ਤਕ ਸਾਰੀ ਕਵਿਤਾ ਹੀ ਅਲੋਪ ਹੋ ਜਾਂਦੀ ਹੈ। ਇਹ ਇਕ ਹੋਰ ਤਰ੍ਹਾਂ ਦੀ ਅਣ-ਵਿਗਿਆਨਕ ਪਹੁੰਚ ਹੋਵੇਗੀ। ਆਖ਼ਰ ਕਿੱਸਾਕਾਰੀ ਜਾਂ ਆਧੁਨਿਕ ਕਵਿਤਾ ਅਤੇ ਹੋਰ ਸਾਹਿਤ ਵੀ ਕਿਵੇਂ ਵਿਕਾਸ ਕਰਦੇ, ਜੇਕਰ ਸੂਫ਼ੀ ਕਵਿਤਾ ਦਾ ਵਿਰਸਾ ਨਾ ਹੁੰਦਾ। ਹਾਂ ਵਿਰਸੇ ਦਾ ਮਤਲਬ ਲਾਜ਼ਮੀ ਇਨਕਲਾਬੀ ਵਿਰਸਾ ਨਹੀਂ। ਮਾਰਕਸ-ਵਾਦੀਆਂ ਨੂੰ ਇਹ ਬਹੁਤ ਜ਼ਰੂਰੀ ਤਮੀਜ਼ ਕਰਨੀ ਚਾਹੀਦੀ ਹੈ।

ਸਾਹਿਤ ਦੇ ਵਿਰਸੇ ਦੀ ਗੱਲ ਕਰਦਿਆਂ ਪੰਜਾਬੀ ਕਿੱਸਾਕਾਰਾਂ ਦੀ ਚਰਚਾ ਵੀ ਜ਼ਰੂਰੀ ਹੈ। ਇਹਨਾਂ ਵਿਚੋਂ ਅਸੀਂ ਕੇਵਲ ਵਾਰਿਸ ਸ਼ਾਹ ਦੀ ਪਰਸਿਧ ਰਚਨਾ "ਹੀਰ" ਦੀ ਹੀ ਗੱਲ ਕਰਾਂਗੇ। ਇਸ ਗੱਲ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ "ਹੀਰ" ਸਭਨਾਂ ਅਰਥਾਂ ਵਿਚ ਇਕ ਸ਼ਾਹਕਾਰ ਹੈ। ਇਸ ਕਿੱਸੇ ਵਿਚ ਉਸ ਸਮੇਂ ਦੇ ਪੰਜਾਬ ਦੇ ਸਮਾਜਕ ਜੀਵਨ ਦੇ ਅਨੇਕ ਪੱਖਾਂ ਦੀ ਉਘੜਵੀਂ ਤਸਵੀਰ ਪੇਸ਼ ਕੀਤੀ ਗਈ ਹੈ। ਹੀਰ ਦਾ ਪਾਤਰ ਕਹਾਣੀ ਦੇ ਕੇਂਦਰ ਵਿਚ ਰਖ ਕੇ ਵਾਰਿਸ ਨੇ ਰਾਂਝੇ ਨਾਲ ਉਸ ਦੇ ਪਿਆਰ ਦਾ ਵਿਸਥਾਰ, ਇਸ ਵਿਚ ਪੈਂਦੀਆਂ ਔਕੜਾਂ ਤੇ ਉਲਝਣਾਂ ਅਤੇ ਅਖ਼ੀਰ ਵਾਪਰਦੇ ਦੁਖਾਂਤ ਰਾਹੀਂ ਉਸ ਸਮੇਂ ਦੀਆਂ ਸਮਾਜਕ ਅਤੇ ਸਦਾਚਾਰਕ ਕਦਰਾਂ ਨੂੰ ਸਾਹਮਣੇ ਲਿਆਂਦਾ ਹੈ। ਜਿਸ ਚੀਜ਼ ਨੇ ਇਸ ਕਿੱਸੇ ਨੂੰ ਇਕ ਅਮਰ ਕਿਰਤ ਬਣਾ ਦਿਤਾ ਹੈ, ਉਹ ਹੈ ਵਾਰਿਸ ਦੀ ਵਿਸਥਾਰ ਭਰੀ ਜਾਣਕਾਰੀ ਜੋ ਉਸ ਨੇ ਅਵਸਥਾਵਾਂ ਅਤੇ ਵਿਅਕਤੀਆਂ ਦੇ ਰੋਲ ਨੂੰ ਉਜਾਗਰ ਕਰਨ ਲਈ ਅਤੇ ਕਈ ਵਾਰ ਕੇਵਲ ਗੱਲਬਾਤ ਲਮਕਾਉਣ ਲਈ ਜਾਂ ਕਿੱਸੇ ਦੀ ਰਵਾਨੀ ਨੂੰ ਹੋਰ ਵਧਾਉਣ ਲਈ ਵਰਤੀ ਹੈ। ਇਕ ਚੋਟੀ ਦੇ ਕਵੀ ਵਜੋਂ ਵਾਰਿਸ ਦੀ ਪ੍ਰਤਿਭਾ ਇਸ ਕਿੱਸੇ ਵਿਚੋਂ ਕਈ ਪੱਖਾਂ ਤੋਂ ਝਲਕਦੀ ਹੈ। ਇਕ ਉਹ ਵਾਰਿਸ ਹੈ ਜਿਹੜਾ ਹੀਰ ਜਾਂ ਰਾਂਝੇ ਦੀ ਜ਼ਬਾਨੀ ਜਾਂ ਕਿਸੇ ਹੋਰ ਪਾਤਰ ਕੋਲੋਂ ਅਤੇ ਕਈ ਵਾਰੀ ਆਪਣੇ ਵਲੋਂ ਵੀ ਇਸ਼ਕ ਦੀਆਂ ਡੂੰਘੀਆਂ ਰਮਜ਼ਾਂ ਬਾਰੇ ਆਲਮਾਨਾ ਬਹਿਸ ਕਰਦਾ ਹੈ। ਇਹ ਵਾਰਿਸ ਇਸਲਾਮੀ ਫ਼ਲਸਫ਼ੇ ਦਾ ਪੰਡਤ ਅਤੇ ਕੁਰਾਨ ਦਾ ਹਾਫ਼ਿਜ਼ ਨਜ਼ਰ ਆਉਂਦਾ ਹੈ। ਨਾਲ ਹੀ ਉਹ ਸੂਫ਼ੀਮਤ ਦਾ ਚੰਗਾ ਜਾਣਕਾਰ ਪਰਤੀਤ ਹੁੰਦਾ ਹੈ। ਇਕ ਉਹ ਵਾਰਿਸ ਹੈ, ਜਿਹੜਾ ਨਾ ਕੇਵਲ ਪੇਂਡੂ ਜੀਵਨ ਦੀ ਡੂੰਘੀ ਜਾਣਕਾਰੀ ਰਖਦਾ ਹੈ, ਸਗੋਂ ਲੋਕਾਂ ਦੇ ਮਨੋਵਿਗਿਆਨ ਉਤੇ ਵੀ ਉਸ ਨੂੰ ਪੂਰਾ ਅਬੂਰ ਹਾਸਲ ਹੈ। ਲੋੜ ਪੈਣ ਉਤੇ ਉਹ ਖਰ੍ਹਵੇ ਪੇਂਡੂ ਜਜ਼ਬਿਆਂ ਨੂੰ ਅਸਭਯ ਸ਼ਬਦਾਵਲੀ ਵਿਚ ਅੰਕਿਤ ਕਰਨੋਂ ਵੀ ਗੁਰੇਜ਼ ਨਹੀਂ ਕਰਦਾ, ਜਦੋਂ ਉਸ ਵਲੋਂ ਪੇਸ਼ ਕੀਤੇ ਜਾ ਰਹੇ ਪਾਤਰਾਂ ਦਾ ਕਿਰਦਾਰ ਇਸ ਗੱਲ ਦੀ ਮੰਗ ਕਰਦਾ ਹੋਵੇ। "ਹੀਰ" ਦਾ ਬੈਂਤ ਵਿਚ ਲਿਖਿਆ ਹੋਣਾ ਵੀ ਉਸ ਦੀ ਆਮ ਪਰਸਿੱਧੀ ਦਾ ਇਕ ਵੱਡਾ ਕਾਰਨ ਬਣਿਆ ਹੈ।

ਵਾਰਿਸ ਦੀ "ਹੀਰ" ਉਤੇ ਬਹੁਤ ਵਾਰ ਚਰਚਾ ਹੋ ਚੁਕੀ ਹੈ। ਮੋਟੇ ਤੌਰ ਉਤੇ ਮਾਰਕਸ-ਵਾਦੀ ਵਿਚਾਰ ਰਖਣ ਵਾਲੇ ਆਲੋਚਕ ਇਹ ਪਰਵਾਨ ਕਰਦੇ ਪਰਤੀਤ ਹੁੰਦੇ ਹਨ ਕਿ "ਹੀਰ" ਇਕ ਵਧੀਆ ਕਿਰਤ ਹੈ ਜਿਸ ਵਿਚ ਉਸ ਸਮੇਂ ਦੇ ਪੰਜਾਬ ਦਾ ਯਥਾਰਥਕ ਚਿਤਰ ਮੌਜੂਦ ਹੈ। ਪਰ ਮਾਰਕਸਵਾਦੀਆਂ ਵਿਚਕਾਰ "ਹੀਰ" ਵਿਚ ਅੰਕਿਤ ਕੀਤੇ ਗਏ ਇਸ਼ਕ ਦੇ ਰੂਪ ਅਤੇ ਇਸ ਦੇ ਖ਼ਾਸੇ ਬਾਰੇ ਡੂੰਘੇ ਮਤ-ਭੇਦ ਹਨ। ਕੀ ਇਹ ਇਸ਼ਕ ਕਿਸੇ ਤਰ੍ਹਾਂ ਦਾ ਇਨਕਲਾਬੀ ਖ਼ਾਸਾ ਰਖਦਾ ਸੀ, ਅਥਵਾ ਕੀ ਹੀਰ-ਰਾਂਝੇ ਦੀ ਕਹਾਣੀ ਦਾ ਕੇਂਦਰੀ ਧੁਰਾ ਇਸਤਰੀ ਵਲੋਂ ਮਨ-ਮਰਜ਼ੀ ਨਾਲ ਆਪਣਾ ਮਰਦ ਚੁਣ ਸਕਣ ਦਾ ਹੱਕ ਹੈ ? ਮਾਰਕਸਵਾਦੀਆਂ ਦੀ ਉਹ ਧਿਰ ਜਿਹੜੀ ਹੀਰ-ਰਾਂਝੇ ਦੇ ਇਸ਼ਕ ਨੂੰ ਇਨਕਲਾਬੀ ਖ਼ਾਸੀਅਤਾਂ ਤੋਂ ਸੱਖਣਾ ਵੇਖਦੀ ਹੈ, ਇਹ ਦਲੀਲ ਦੇਂਦੀ ਹੈ ਕਿ ਆਪਣੀ ਮਰਜ਼ੀ ਦਾ ਪਤੀ ਚੁਣਨ ਦੇ ਹੱਕ ਵਿਚ, ਸਾਰੇ ਕਿੱਸੇ ਵਿਚ, ਕਿਤੇ ਵੀ ਹੀਰ ਵਲੋਂ ਕੁਝ ਨਹੀਂ ਆਖਿਆ ਗਿਆ। ਉਸ ਧਿਰ ਦਾ ਕਹਿਣਾ ਹੈ ਕਿ ਵਾਰਿਸ ਨੇ ਆਪਣੇ ਸਾਰੇ ਵਰਣਨ ਵਿਚ ਇਹੋ ਪੈਂਤੜਾ ਲਿਆ ਹੈ ਕਿ ਹੀਰ ਦਾ ਰਾਂਝੇ ਨਾਲ ਸੰਬੰਧ ਰੱਬ ਵਲੋਂ ਬਣਾਇਆ ਗਿਆ ਸੰਬੰਧ ਸੀ। ਉਸ ਧਿਰ ਦੀ ਇਕ ਇਹ ਵੀ ਦਲੀਲ ਹੈ ਕਿ ਸ਼ਰਈ ਮੁਸਲਮਾਨ ਵੀ ਇਹ ਪੁਜ਼ੀਸ਼ਨ ਲੈਂਦੇ ਪਰਤੀਤ ਹੁੰਦੇ ਹਨ ਕਿ ਕਿਉਂਕਿ ਲੜਕੀ ਨੇ ਸੈਦੇ ਨੂੰ ਕਬੂਲ ਨਹੀਂ ਕੀਤਾ (ਸ਼ਰਾਅ ਅਨੁਸਾਰ ਵਿਆਹ ਭਾਵੇਂ ਮਾਪੇ ਹੀ ਕਰਨ, ਦੋਹਾਂ ਪਾਸਿਆਂ ਤੋਂ ਕਬੂਲ ਹੋਣ ਦੀ ਰਸਮੀ ਹਾਂ ਹੋਣੀ ਜ਼ਰੂਰੀ ਹੁੰਦੀ ਹੈ) ਇਸ ਲਈ ਨਿਕਾਹ ਜਾਇਜ਼ ਨਹੀਂ ਹੋਇਆ। ਜੇਕਰ ਸ਼ਰਈ ਮੁਸਲਮਾਨ ਵੀ ਹੀਰ ਦਾ ਸੈਦੇ ਨਾਲ ਨਿਕਾਹ ਜਾਇਜ਼ ਨਹੀਂ ਸਮਝਦੇ ਤਾਂ ਹੀਰ ਦੀ ਰਾਂਝੇ ਨਾਲ ਵਿਆਹ ਦੀ ਜ਼ਿਦ ਵਿਚ ਇਨਕਲਾਬੀ ਅੰਸ਼ ਕਿਥੋਂ ਆ ਗਿਆ ? ਇਸ ਧਿਰ ਦਾ ਸਪਸ਼ਟ ਸਟੈਂਡ ਇਹ ਹੈ ਕਿ ਵਾਰਿਸ ਅਨੁਸਾਰ ਅਸਲ ਝਗੜਾ ਮਾਪਿਆਂ ਦੀ ਮਰਜ਼ੀ ਅਤੇ ਹੀਰ ਦੀ ਮਰਜ਼ੀ ਵਿਚਕਾਰ ਨਹੀਂ ਸਗੋਂ ਰੱਬੀ ਥਾਪਣਾ ਅਤੇ ਲੋਕਾਚਾਰੀ ਵਿਚਕਾਰ ਹੈ। ਇਸ ਉਪਰੰਤ, ਜਦੋਂ ਵਾਰਿਸ ਚੂਚਕ ਨੂੰ ਭੰਡਦਾ ਹੈ ਤਾਂ ਇਸ ਕਰਕੇ ਨਹੀਂ ਕਿ ਉਸ ਨੇ ਆਪਣੀ ਧੀ ਦੇ ਹੱਕ ਨੂੰ ਦਬਾਇਆ ਹੈ, ਸਗੋਂ ਇਸ ਕਰਕੇ ਹੈ ਕਿ ਉਸ ਨੇ ਆਪਣਾ ਵਾਇਦਾ ਪੂਰਾ ਨਹੀਂ ਕੀਤਾ। ਵਾਰਿਸ ਅਨੁਸਾਰ ਇਹ ਵਾਇਦਾ ਚੂਚਕ ਨੇ ਰਾਂਝੇ ਨਾਲ ਕੀਤਾ ਸੀ ਕਿ ਜੇ ਰਾਂਝਾ ਚਾਕ ਬਣਿਆ ਰਹੇ ਤਾਂ ਉਹ ਆਪਣੀ ਧੀ ਉਸ ਨਾਲ ਵਿਆਹ ਦੇਵੇਗਾ।

ਦੂਜੀ ਧਿਰ ਨੇ "ਹੀਰ" ਦੇ ਕਿੱਸੇ ਵਿਚ ਹੀਰ-ਰਾਂਝੇ ਦੇ ਪੇਸ਼ ਕੀਤੇ ਗਏ ਰੋਲ ਨੂੰ "ਜਮਾਤੀ ਸਮਾਜ ਦੀ ਤੋਰ ਦੇ ਖ਼ਿਲਾਫ਼ ਸਮਾਜਕ ਰੌ" ਦਾ ਅੰਗ ਕਿਹਾ ਹੈ, ਹੀਰ ਦੇ ਇਸ਼ਕ ਨੂੰ "ਦਬੀਆਂ ਜਮਾਤਾਂ ਦੀ ਆਜ਼ਾਦੀ ਤੇ ਪਿਆਰ ਦੀ ਪੂਰਤੀ ਦਾ ਪਰਤੀਨਿਧ" ਕਿਹਾ ਹੈ, ਹੀਰ ਨੂੰ ਇਨਕਲਾਬੀ ਨਾਇਕਾ ਕਿਹਾ ਹੈ ਜਿਹੜੀ ਆਪਣੇ ਇਸ਼ਕ ਦੇ ਰੂਪ ਵਿਚ ਜਗੀਰੂ ਸਮਾਜ ਦੀਆਂ ਕਦਰਾਂ ਵਿਰੁਧ ਜੂਝਦੀ ਹੈ।

ਇਹ ਗੱਲ ਠੀਕ ਹੈ ਕਿ ਵਾਰਿਸ ਅਨੁਸਾਰ ਝਗੜਾ ਰੱਬੀ ਥਾਪਣਾ ਅਤੇ ਲੋਕਾਚਾਰੀ ਵਿਚਕਾਰ ਹੀ ਹੈ। ਪਰ ਕੀ ਇਹ ਗੱਲ ਕਹਿਣੀ ਵਧੇਰੇ ਠੀਕ ਨਹੀਂ ਹੋਵੇਗੀ ਕਿ ਵਾਰਿਸ ਦੀ ਇਹ ਪੁਜ਼ੀਸ਼ਨ ਅਤੇ "ਹੀਰ" ਵਿਚਲੀ ਕਹਾਣੀ ਦੇ ਕਈ ਹੋਰ ਮੋੜ-ਘੋੜ ਅਤੇ ਕਿੰਨੀ ਸਾਰੀ ਇਸ਼ਕ ਦੀ ਵਿਆਖਿਆ ਵਾਰਿਸ ਨੇ ਕੇਵਲ ਇਸ ਕਾਰਨ ਭਰ ਦਿੱਤੀ ਹੈ ਕਿ ਉਸ ਦੇ ਸਾਹਮਣੇ ਕਿੱਸਾ ਲਿਖਣ ਲਗਿਆਂ ਦੋ ਵੱਡੀਆਂ ਸਮਸਿਆਵਾਂ ਸਨ। ਇਕ ਇਹ ਕਿ ਉਹ ਵਾਕਈ ਇਕ ਅਜਿਹਾ ਕਿੱਸਾ

ਲਿਖਣਾ ਚਾਹੁੰਦਾ ਸੀ ਜਿਹੜਾ ਆਮ ਤੇ ਖ਼ਾਸ ਨੂੰ ਚੇਟਕ ਲਾ ਸਕੇ ਅਤੇ ਦੂਜੀ ਇਹ ਕਿ ਉਹ ਹੀਰ ਦੇ ਇਸ਼ਕ ਨੂੰ ਸੂਫ਼ੀਵਾਦ ਦੇ ਗੂਹੜੇ ਰੰਗ ਵਿਚ ਪੇਸ਼ ਕਰਨਾ ਚਾਹੁੰਦਾ ਸੀ। ਇਸੇ ਕਾਰਨ ਵਾਰਿਸ ਦੀ ਕਹਾਣੀ ਕਈ ਸਵਾਲ ਵਿਚੇ ਹੀ ਛੱਡ ਦੇਂਦੀ ਹੈ। ਮਿਸਾਲ ਵਜੋਂ ਇਹ ਕਿ ਜਦੋਂ ਹੀਰ ਦਾ ਇਸ਼ਕ ਨਸ਼ਰ ਹੋ ਜਾਂਦਾ ਹੈ, ਤਾਂ ਵੀ ਚੂਚਕ ਰਾਂਝੇ ਨੂੰ ਘਰੋਂ ਕਿਉਂ ਨਹੀਂ ਕਢਦਾ ? ਕੀ ਉਸ ਨੇ ਵਾਕਈ ਇਹ ਹਾਸੋਹੀਣਾ ਵਾਅਦਾ ਰਾਂਝੇ ਨੂੰ ਦਿੱਤਾ ਹੋਇਆ ਸੀ ਕਿ ਉਹ ਆਪਣੀ ਧੀ ਉਸ ਨਾਲ ਵਿਆਹ ਦੇਵੇਗਾ ? ਫ਼ੇਰ ਵਾਰਿਸ ਨੇ ਇਕ ਅਜਿਹੀ ਗੱਲ ਲਿਖ ਦਿੱਤੀ ਹੈ ਜਿਸ ਨੂੰ ਕੇਵਲ ਗ਼ੈਬੀ ਤਾਕਤਾਂ ਦੀ ਹੋਂਦ ਦੇ ਆਧਾਰ ਉਤੇ ਹੀ ਮੰਨਿਆ ਜਾ ਸਕਦਾ ਹੈ, ਭਾਵ ਰਾਂਝੇ ਨੂੰ ਤਾਂ ਚੂਚਕ ਘਰੋਂ ਕੱਢਣ ਨੂੰ ਤਿਆਰ ਹੋ ਜਾਂਦਾ ਹੈ ਪਰ ਉਹਦੀਆਂ ਮੱਝਾਂ ਨਹੀਂ ਉਸ ਤੋਂ ਬਗ਼ੈਰ ਛਿੜਦੀਆਂ।

ਇਸ ਲਈ ਆਲੋਚਕ ਲਈ ਜਿੱਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਵਾਰਿਸ ਹੀਰ ਨੂੰ ਕਿਸੇ ਸਮੇਂ ਵੀ ਆਪਣੇ ਹੱਕ ਲਈ ਜੂਝਦੀ ਨਹੀਂ ਵਿਖਾਉਂਦਾ, ਉਥੇ ਉਸ ਨੇ ਇਹ ਵੀ ਨੋਟ ਕਰਨਾ ਹੈ ਕਿ ਰੱਬੀ ਥਾਪਣਾ ਵਾਲਾ ਸਾਰਾ ਮਸਲਾ ਜਿਸ ਉਤੇ ਵਾਰਿਸ, ''ਹੀਰ'' ਦੀ ਸਦਾਚਾਰਕ ਉਸਾਰੀ ਦੀ ਨੀਂਹ ਰੱਖਦਾ ਹੈ, ਅਸਲ ਵਿਚ ਉਸ ਦਾ ਆਪਣਾ ਹੀ ਸੰਕਲਪ ਹੈ। ਜੇ ਹੀਰ ਆਪਣੇ ਮਰਦ ਨੂੰ ਚੁਣਨ ਦੇ ਹੱਕ ਬਾਰੇ ਅਣਜਾਣ ਸੀ ਤਾਂ ਉਹ ਰਾਂਝੇ ਨੂੰ ਪਰਾਪਤ ਕਰਨ ਪਿਛੇ ਸੂਫ਼ੀਵਾਦ ਦੇ ਸਿਧਾਂਤਾਂ ਬਾਰੇ ਉਸ ਤੋਂ ਵੀ ਅਣਜਾਣ ਹੋ ਸਕਦੀ ਹੈ।

ਅਸਲ ਵਿਚ ਹੀਰ-ਰਾਂਝੇ ਦੀ ਨਿਰੋਲ ਮਨੁਖੀ ਕਹਾਣੀ ਨੂੰ, ਇਸ ਉਤੇ ਮੜ੍ਹੀਆਂ ਜਾਂਦੀਆਂ ਕਿੱਸਾਕਾਰਾਂ ਦੀਆਂ ਵਿਆਖਿਆਵਾਂ ਨਾਲੋਂ ਵੱਖ ਕਰਕੇ ਸਮਝਣ ਨਾਲ ਵਧੇਰੇ ਸਪਸ਼ਟਤਾ ਹੋ ਸਕਦੀ ਹੈ। ਮਾਰਕਸਵਾਦੀ ਆਲੋਚਕ ਦੋਹਾਂ ਪੱਖਾਂ ਦਾ ਵੱਖ ਵੱਖ ਨੋਟਿਸ ਲੈ ਸਕਦੇ ਹਨ। ਇਉਂ ਵੇਖਿਆਂ ਵਾਰਿਸ ਸ਼ਾਹ ਦੀਆਂ ਕਹਾਣੀ ਨੂੰ ਰੋਚਕ ਬਣਾਉਣ ਲਈ ਲਿਖੀਆਂ ਗਈਆਂ ਕਈ ਗੱਲਾਂ ਅਤੇ ਉਸ ਦਾ ਸੂਫ਼ੀਵਾਦ ਦਾ ਫ਼ਲਸਫ਼ਾ ਉਸ ਦੇ ਆਪਣੇ ਹਨ, ਜਦੋਂ ਕਿ ਹੀਰ-ਰਾਂਝੇ ਦੀ ਪਿਆਰ-ਕਹਾਣੀ ਆਪਣੇ ਆਪ ਵਿਚ ਮਨੁਖੀ ਹੱਕਾਂ ਦੀ ਪਰਾਪਤੀ ਲਈ ਸੰਘਰਸ਼ ਨਾਲ ਜੁੜ ਜਾਂਦੀ ਹੈ। ਪਰ ਫੇਰ, ਇਸ ਕਹਾਣੀ ਉੱਤੇ ਲੰਮੇ ਚੌੜੇ ਇਨਕਲਾਬੀ ਉਦੇਸ਼ ਬੰਨ੍ਹਣਾ, ਇਸ ਨੂੰ ਖਾਹ-ਮਖ਼ਾਹ ਜਮਾਤੀ ਸੰਘਰਸ਼ ਦਾ ਅੰਗ ਬਣਾਈ ਜਾਣਾ ਵੀ ਉਨਾਂ ਹੀ ਗ਼ਲਤ ਹੈ। ਇਹ ਠੀਕ ਹੈ ਕਿ ਹੀਰ ਦੀ ਟੱਕਰ ਜਗੀਰੂ ਕਦਰਾਂ ਨਾਲ ਹੁੰਦੀ ਹੈ, ਚੂਚਕ, ਕੈਦੋ ਅਤੇ ਕਾਜ਼ੀ ਇਹਨਾਂ ਕਦਰਾਂ ਦੇ ਪਹਿਰੇਦਾਰ ਹਨ, ਇਹਨਾਂ ਦੇ ਪ੍ਰਤੀਨਿਧ ਹਨ। ਪਰ ਹੀਰ ਦੀਆਂ ਆਪਣੀਆਂ ਕਦਰਾਂ ਕੀ ਹਨ ? ਉਸ ਨੂੰ ਤਾਂ ਸਿਰਫ਼ ਆਪਣਾ ਮਹਿਬੂਬ ਚਾਹੀਦਾ ਹੈ। ਇਉਂ ਉਹ ਜਗੀਰੂ ਕਦਰਾਂ ਵਿਰੁਧ ਜ਼ਾਤੀ ਲੜਾਈ ਵਿਚ ਇਕ ਅੰਗ ਸਾਬਤ ਹੁੰਦੀ ਹੈ, ਉਸ ਨੂੰ ਜਗੀਰੂ-ਵਿਰੋਧੀ ਇਨਕਲਾਬ ਦੇ ਆਸ਼ਿਆਂ ਨਾਲ ਜੋੜਨਾ ਗ਼ਲਤ ਹੈ।

ਵਿਰਸੇ ਦਾ ਮੁਲੰਕਣ ਕਰਦਿਆਂ ਜਿਥੇ ਤੰਗ-ਨਜ਼ਰੀ ਤੋਂ ਬਚਣ ਦੀ ਲੋੜ ਹੈ ਓਥੇ ਮਾਰਕਸ-ਵਾਦੀਆਂ ਸਾਹਮਣੇ ਇਸ ਗੱਲ ਬਾਰੇ ਸੁਚੇਤ ਰਹਿਣ ਦਾ ਸਵਾਲ ਵੀ ਓਨਾ ਹੀ ਮਹੱਤਵ ਪੂਰਨ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਇਹ ਮਿੱਥ ਕੇ ਜੋਖਣਾ ਸ਼ੁਰੂ ਨਾ ਕਰੀਏ ਕਿ ਅਸਾਂ ਇਸ ਵਿਚੋਂ ਆਪਣੇ ਮੌਜੂਦਾ ਇਨਕਲਾਬ ਲਈ ਸਹਾਇਕ ਅੰਸ਼ ਜ਼ਰੂਰ ਕਢਣੇ ਹਨ, ਭਾਵੇਂ ਇਹ ਅੰਸ਼ ਉਸ ਵਿਚ ਕਿੰਨੀ ਕਮਜ਼ੋਰ ਮਾਤਰਾ ਵਿਚ ਕਿਉਂ ਨਾ ਹੋਣ। ਕਦੇ ਵੀ ਕੋਈ ਹਥਲਾ ਇਨਕਲਾਬ ਬੀਤੇ ਸਮੇਂ ਦੇ ਕਿਸੇ ਇਨਕਲਾਬ ਨੂੰ ਬਹੁੜੀ ਬਹੁੜੀ ਕਰਕੇ ਸਫ਼ਲ ਨਹੀਂ ਹੋਇਆ। ਅਤੇ ਸਾਡੇ ਬੀਤੇ ਵਿਚ ਇਨਕਲਾਬ ਵੀ ਕਿਹੜੇ ਹੋਏ ਹਨ ?



## ਸੋਹਣ ਸਿੰਘ ਸੀਤਲ

ਸਾਹਿਤ ਅਕਾਦਮੀ ਨੇ ਇਸ ਵਰ੍ਹੇ ਸੋਹਣ ਸਿੰਘ ਸੀਤਲ ਦੇ ਨਾਵਲ "ਜੁਗ ਬਦਲ ਗਿਆ" ਨੂੰ ਪੰਜਾਬੀ ਦੀ ਸ੍ਰੇਸ਼ਟ ਪੁਸਤਕ ਵਜੋਂ ਪੁਰਸਕਾਰ ਦੇ ਕੇ ਸਨਮਾਨਿਆ ਹੈ। ਸੋਹਣ ਸਿੰਘ ਸੀਤਲ ਪੰਜਾਬੀਆਂ ਲਈ ਵਾਰਕਾਰ ਢਾਡੀ ਦੇ ਰੂਪ ਵਿਚ ਇਕ ਜਾਣਿਆ ਪਛਾਣਿਆ ਨਾਉਂ ਹੈ। ਪਰ ਉਹ ਬਹੁ ਪੱਖੀ ਪ੍ਰਤਿਭਾ ਵਾਲਾ ਸਾਹਿੱਤਕਾਰ ਵੀ ਹੈ; ਇਸ ਪਾਸੇ ਪੰਜਾਬੀ ਸਾਹਿਤ ਜਗਤ ਅਤੇ ਖਾਸਕਰ ਪੰਜਾਬੀ ਆਲੋਚਕਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ। ਉਸ ਦੇ ਇਕ ਸਫਲ ਢਾਡੀ ਹੋਣ ਨੂੰ ਜਿਵੇਂ ਸਾਹਿੱਤਕਾਰ ਵਜੋਂ ਉਸ ਦੀ ਸੀਮਾ ਮਿਥ ਲਿਆ ਗਿਆ। ਇਸ ਲਈ ਲੰਮੇਂ ਸਮੇਂ ਤਕ ਉਸ ਦੀ ਸਾਹਿੱਤਕ ਘਾਲਣਾ ਦਾ ਯੋਗ ਮੁੱਲ ਨਹੀਂ ਪਿਆ। ਬਿਨਾਂ ਪੜ੍ਹਿਆਂ ਫਤਵਾ ਦੇਣ ਵਾਲੇ 'ਵਿਦਵਾਨਾਂ' ਦੀ ਤਾਂ ਸਾਡੀ ਜ਼ਬਾਨ ਵਿਚ ਹਾਲੇ ਵੀ ਕਮੀ ਨਹੀਂ। ਅਜਿਹੇ 'ਵਿਦਵਾਨਾਂ' ਨੂੰ ਉਹਨਾਂ ਦੀ ਵਿਦਵਤਾ ਮੁਬਾਰਕ। ਪਰ ਜਿੰਨ੍ਹਾਂ ਨੇ ਸੀਤਲ ਦੇ ਨਾਵਲਾਂ ਦਾ ਅਧਿਐਨ ਕੀਤਾ ਹੈ ਉਹ ਇਸ ਬਾਰੇ ਇਕ ਮੱਤ ਹਨ ਕਿ ਸੀਤਲ ਪੰਜਾਬੀ ਦੇ ਦੋ ਤਿੰਨ ਚੰਗੇ ਨਾਵਲਕਾਰਾਂ ਵਿਚੋਂ ਹੈ। ਉਸ ਨੇ ਲਗ ਪਗ ਡੇਢ ਦਰਜਨ ਨਾਵਲ ਲਿਖੇ ਹਨ ਜਿੰਨ੍ਹਾਂ ਵਿਚ ਪੰਜਾਬੀ ਪੇਂਡੂ ਜੀਵਨ ਦਾ ਬਹੁਤ ਯਥਾਰਥਕ ਚਿਤਰਨ ਮਿਲਦਾ ਹੈ। ਜੰਗ ਜਾਂ ਅਮਨ, ਤੂਤਾਂ ਵਾਲਾ ਖੂਹ, ਜੁਗ ਬਦਲ ਗਿਆ, ਜਵਾਲਾ ਮੁਖੀ ਤਾਂ ਨਿਸ਼ਚੇ ਹੀ ਪੰਜਾਬੀ ਦੇ ਸਰਬ ਸ੍ਰੇਸ਼ਟ ਨਾਵਲਾਂ ਵਿਚ ਗਿਣੇ ਜਾ ਸਕਦੇ ਹਨ।

ਅਸੀਂ ਸੋਹਣ ਸਿੰਘ ਸੀਤਲ ਨੂੰ ਉਸ ਦੀ ਪ੍ਰਾਪਤੀ ਉੱਤੇ ਅਤੇ ਸਾਹਿਤ ਅਕਾਦਮੀ ਨੂੰ ਉਸ ਦੀ ਸੁਚੱਜੀ ਚੋਣ ਉੱਤੇ ਮੁਬਾਰਕਬਾਦ ਦਿੰਦੇ ਹਾਂ।

ਸੰਪਾਦਕ

ਤੀਰ ਖਾ ਕੇ ਵੀ, ਕਿਸੇ ਦੇ ਉਡਣ ਦੀ ਹਸਰਤ ਤਾਂ ਵੇਖ।
ਦਰਦ ਨਾ ਤੂੰ ਵੇਖ, ਇਕ ਦਿਨ ਦਰਦ ਦੀ ਸੂਰਤ ਤਾਂ ਵੇਖ।

ਮਾਂਦ ਪੈ ਜਾਂਦਾ ਹੈ ਸੂਰਜ, ਆਪਣੇ ਅੰਤਮ ਸਮੇਂ,
ਦਾਰ ਤੇ ਚੜ੍ਹ ਕੇ ਵੀ ਕੈਸੀ ਹੈ, ਮੇਰੀ ਰੰਗਤ ਤਾਂ ਵੇਖ।

ਕਿਸ ਤਰ੍ਹਾਂ ਜ਼ਖਮਾਂ 'ਤੇ ਕੋਈ, ਲੂਣ ਪਾ ਪਾ ਜਾਗਦੈ,
ਆ ਕਦੇ ਤੂੰ ਇਸ ਬਹਾਨੇ, ਆ ਕੇ ਇਹ ਹਾਲਤ ਤਾਂ ਵੇਖ।

ਬੇੜੀਆਂ ਪੈਰੀਂ, ਦੁਆਲੇ ਤੇਜ਼ ਸੰਗੀਨਾਂ ਦੀ ਵਾੜ,
ਜਾ ਰਿਹੈ ਸਜ-ਧਜ ਕੇ ਕੋਈ, ਇਕ ਨਜ਼ਰ ਫੱਬਤ ਤਾਂ ਵੇਖ।

ਦਿਲ 'ਚ ਤੇਰੀ ਯਾਦ, ਉਜੜੇ ਮਹਿਲ ਅੰਦਰ ਜਿਉਂ ਚਿਤਰ,
ਆ ਕਦੇ ਇਸ ਬਚ ਗਈ, ਦੀਵਾਰ ਦੀ ਹਸਰਤ ਤਾਂ ਵੇਖ।

ਕੀ ਡਰਾਉਨੈਂ, 'ਨੇਰ ਤੋਂ ਦੀਵੇ ਬੁਝਾ ਕੇ ਵਾਰ ਵਾਰ,
ਸਿਪ ਦੇ ਨ੍ਹੇਰੇ ਵਿਚ ਵੀ, ਮੋਤੀ ਦੀ ਜ਼ਰਾ ਗ਼ੈਰਤ ਤਾਂ ਵੇਖ।

●

**ਗ਼ਜ਼ਲ**/ਸ਼ੇਰ ਸਿੰਘ ਕੰਵਲ

ਦਿਹੁ ਅਸਾਡੇ ਦਰ ਤੋਂ ਤੁਰ ਗਏ ਖੜੇ ਖੜੇ ।
ਰਾਤਾਂ ਹੱਥੋਂ ਤਾਰੇ ਕਿਰ ਗਏ ਫੜੇ ਫੜੇ ।

ਗਲ ਗਲ ਤਾਣੀਂ ਦੁੱਖ ਦੇ ਪਾਣੀ ਆਣ ਚੜ੍ਹੇ
ਅਪਣੇ ਵਲੋਂ ਤੁਰੇ ਬਥੇਰਾ ਰੜੇ ਰੜੇ !

ਹੱਸਦੇ ਕੋਲੇ ਤੁਰਦੇ ਤੁਰਦੇ ਖੜ੍ਹਦੇ ਸਨ
ਦੁੱਖ ਦੇ ਦਿਨ ਸਭ ਤੁਰ ਗਏ ਦੋਸਤ ਖੜੇ ਖੜੇ ।

ਠੇਕੇ ਪੀਂਦਾ ਪੰਡਤ ਉਤੋਂ ਫ਼ੜਿਆ ਜਦ
ਪਾਣੀ ਦੇ ਸਿਰ ਪੈ ਗਏ ਉਸ ਦੇ ਘੜੇ ਘੜੇ !

ਸੋਚਾਂ ਫਿਕਰਾਂ ਦੇ ਘੁਣ ਨੇ ਸਭ ਖਾਧੇ ਨੇ
ਸੜਕਾਂ ਤੇ ਜੋ ਲੋਕ ਫਿਰਨ ਪਏ ਦੜੇ ਦੜੇ ।

ਉਹ ਦਿਨ ਕਿੰਨਾ ਜ਼ਾਲਮ ਰਾਤ ਭਿਆਨਕ ਸੀ
ਜਿਸ ਦਿਨ ਦੋਨੋਂ ਅਸੀਂ ਪਏ ਸਾਂ ਲੜੇ ਲੜੇ ।

ਬੰਦਾ ਕਿੰਨਾ ਨਿੱਕਾ ਹੈ ਪਰ ਵੱਡਾ ਵੀ
ਕਿੰਨੇ ਨਿੱਕੇ ਤੁਰ ਗਏ ਏਥੋਂ ਬੜੇ ਬੜੇ ।

ਕਿੰਨਾ ਦਿਲਕਸ਼ ਜਾਲ ਹੈ ਕੰਵਲ ਸਮਾਜਵਾਦ
ਅਨਪੜ੍ਹ ਲੋਕ ਬਚਾਉਂਦੇ ਫਸ ਗਏ ਪੜ੍ਹੇ ਪੜ੍ਹੇ ।

●

## ਇਹ ਘਰ ਵੀ ਤੇਰਾ ਆਪਣਾ ਹੈ/ਫ਼ਤਿਹਜੀਤ

ਮੇਰੇ ਮਹਿਮਾਨ
ਬੈਠ ਵੀ ਜਾ—ਬੈਠ ਵੀ ਜਾ!
ਇਸ ਘਰ ਦੀ ਹਰ ਸ਼ੈ ਤੇਰੀ ਹੈ
ਇਹ ਘਰ ਤੇਰਾ ਆਪਣਾ ਹੈ।

ਮੇਰੀਆਂ ਅੱਖਾਂ ਦੇ ਵਿੱਚ ਚਾਨਣ
ਬਾਹਾਂ ਵਿੱਚ ਮੁਹੱਬਤ,
ਬੁੱਲ੍ਹਾਂ ਤੇ ਲਰਜ਼ ਰਹੇ ਗੀਤਾਂ ਦੇ ਸੁਰ
ਹਰ ਸ਼ੈ ਤੇਰੀ ਹੈ—ਹਰ ਸ਼ੈ ਤੇਰੀ ਹੈ।

ਟੁੱਟਿਆ ਬੂਹਾ
ਢੱਠਿਆ ਚੁੱਲ੍ਹਾ
ਤੇ ਆਹਾਂ ਦੇ ਢੇਰ ਬਿਨਾਂ
ਮੰਨਿਆਂ ਕੁਝ ਚੀਖ਼ਾਂ ਵੀ ਤੈਨੂੰ
ਘੇਰਦੀਆਂ ਤਾਂ ਹੋਣਗੀਆਂ
ਪਰ ਫੁੱਲਾਂ ਦਿਆ ਆਸ਼ਕ ਯਾਰਾ
ਤੇਰੇ ਹਰ ਇਕ ਨਾਜ਼ ਦੀ ਖ਼ਾਤਰ
'ਸ਼ੌਕ-ਸੁਰਾਹੀਆਂ' ਭਰ ਸਕਦਾ ਹਾਂ।
ਤੂੰ ਚਾਹੇਂ ਤਾਂ ਲੱਕ ਬੰਨ੍ਹ ਘੁੰਗਰੂ
ਭਰੇ ਬਾਜ਼ਾਰ 'ਚ ਨੱਚ ਸਕਦਾ ਹਾਂ।
ਲਟ ਲਟ ਕਰਕੇ ਮੱਚ ਸਕਦਾ ਹਾਂ।

ਐਪਰ ਸੁਹਲ ਤਬੀਅਤ ਯਾਰਾ
ਤੇਰੀ ਸੁਹਲ ਤਬੀਅਤ—
ਫਿਰ ਵੀ ਜੇ ਨਾਸਾਜ਼ ਰਹੇ,
ਤੂੰ ਹੀ ਦੱਸ ਫਿਰ—
ਕਿਸ ? ਚੰਦਰੀ—ਉਡੀਕ 'ਚ ਆਖ਼ਰ
ਇਹ ਜੀਂਦੀ ਆਵਾਜ਼ ਰਹੇ।

ਠੀਕ—ਕਿ ਤੂੰ ਰਿਸ਼ਮਾਂ ਦਾ ਸੁਆਮੀ
ਤੇਰੇ ਘਰ ਦੀ ਹਰ ਸ਼ੈ ਵਿੱਚ ਤਾਂ
ਨਿੱਤ ਨਵੀਂ ਖ਼ੁਸ਼ਬੋ ਉਗਦੀ ਹੈ,
ਤੇ ਤੈਨੂੰ ਆਦਤ ਹੈ ਕੇਵਲ
ਫੁੱਲਾਂ ਦੀ ਮਹਿਫ਼ਲ ਵਿੱਚ ਬਹਿ ਕੇ
ਮਹਿਕਾਂ ਦਾ ਸੰਗੀਤ ਸੁਣਨ ਦੀ।

ਠੀਕ-ਕਿ ਤੂੰ ਗ਼ਮ ਦੇ ਦਰਿਆ 'ਚੋਂ
ਇਕ ਚੂਲੀ ਵੀ ਭਰ ਨਹੀਂ ਪੀਤੀ,
ਕੰਡਿਆਲੀ ਇਸ ਸੇਜ ਤੇ ਜਿਸ ਤੇ
ਮੇਰੀ ਹਰ ਇਕ ਰਾਤ ਗੁਜ਼ਰਦੀ
ਤੇਰੀ ਕਦੇ ਰਾਤ ਨਹੀਂ ਬੀਤੀ।

ਫਿਰ ਵੀ ਮੇਰੇ ਸੁਹਲ ਤਬੀਅਤ ਯਾਰਾ
ਇਕ ਪਲ ਤਾਂ ਇਸ ਘਰ ਵਿੱਚ ਰਹਿ ਜਾ
ਇਹ ਘਰ ਵੀ ਤੇਰਾ ਆਪਣਾ ਹੈ।
ਇਸ ਘਰ ਦੀ ਹਰ ਸ਼ੈ ਤੇਰੀ ਹੈ
ਮੇਰੇ ਮਹਿਮਾਨ—ਬੈਠ ਵੀ ਜਾ!

## ਮੈਂ ਨਾ ਮਾਨੂੰ/ਇਕਬਾਲ ਦੀਪ

ਹੜਤਾਲਾਂ......ਹੜਤਾਲਾਂ, ਮੇਰੇ ਲਈ ਖੜਤਾਲਾਂ।
ਕੀਰਤਨ 'ਚ ਲੀਨ, ਵਕਤ ਨੂੰ ਮੈ ਟਾਲਾਂ।

ਨਾਅਰੇ......ਨਾਅਰੇ, ਮੇਰੇ ਲਈ ਹੁਲਾਰੇ।
ਵਿਰੋਧੀਆਂ ਦੀ ਚਰਚਾ, ਮੈਨੂੰ ਚੜ੍ਹਾਵੇ ਚੁਬਾਰੇ।

ਜਲਸੇ......ਜਲੂਸ, ਡਾਢੇ ਮੈਨੂੰ ਸੂਤ।
ਕੁੱਝ ਨਾ ਦੀਂਹਦਾ ਸੁਣਦਾ, ਮੇਰੀ ਗੱਦੀ ਸਾਊਂਡ ਪਰੂਫ਼।

ਧਰਨੇ......ਧਰਨੇ, ਜਿਉਂ ਖੇਤ ਖੜ੍ਹੇ ਡਰਨੇ।
ਦਮ ਦੇਖਣ ਲਈ ਮੈਂ, ਲੋਕ ਆਊਟ ਨੇ ਕਰਨੇ।

ਘੇਰਾਉ......ਘੇਰਾਉ, ਰਤਾ ਨਾ ਘਬਰਾਉ।
ਪੁੱਤ ਦੇ ਕੇ ਤੋਰਾਂ, ਮੇਰੇ ਪਾਸ ਤਾਂ ਆਉ।

ਮਰਨ ਵਰਤ......ਵਰਤ, ਹੋ ਜਾਏ ਸ਼ਰਤ।
ਉਦਾਂ ਵੀ ਤਾਂ ਫੂਕ, ਜਾਣੀ ਸੀ ਸਰਕ।

## ਗਤੀ/ਮੋਹਨ ਭੰਡਾਰੀ

ਇੰਗਲੈਂਡ ਤੋਂ ਰਘੁਬੀਰ ਦੀ ਚਿੱਠੀ ਆਈ, "ਛੋਟੇ ਭਾਈ, ਮੈਂ ਭਾਰਤ ਆ ਰਿਹਾ ਹਾਂ। ਪਾਲਮ ਹਵਾਈ ਅੱਡੇ, ਨੌਂ ਨਵੰਬਰ ਨੂੰ ਸਵੇਰੇ ਸੱਤ ਵਜੇ, ਮੇਰਾ ਜਹਾਜ਼ ਉਤਰੇਗਾ। ਲੈਣ ਆਈਂ।"

ਰਾਤ ਮੈਂ ਆਪਣੇ ਇਕ ਨਵੇਂ ਬਣੇ ਮਿੱਤਰ-ਲੇਖਕ ਦੇ ਘਰ ਕੱਟਣੀ ਸੀ। ਸੋ ਇਕ ਦਿਨ ਪਹਿਲਾਂ ਦਿੱਲੀ ਪੁੱਜ ਗਿਆ। ਇਸ ਤੋਂ ਪਹਿਲਾਂ ਅਸੀਂ ਇਕ ਦੋ ਵੇਰਾਂ ਮਿਲ ਚੁੱਕੇ ਸਾਂ। ਇਸ ਲਈ ਮੈਂ ਬਿਨਾਂ ਝਿਜਕ ਉਹਦੇ ਕੁਆਟਰ ਚਲਿਆ ਗਿਆ। ਸੋਚਿਆ ਸੀ ਉਸ ਨੂੰ ਹੈਰਾਨ ਕਰਾਂਗਾ। ਪਰ ਉਸ ਦੀ ਹਾਲਤ ਦੇਖ ਕੇ ਆਪ ਪ੍ਰੇਸ਼ਾਨ ਹੋ ਗਿਆ। ਪਹਿਲੀ ਨਜ਼ਰੇ ਲੱਗਿਆ ਜਿਵੇਂ ਮੈਂ ਗ਼ਲਤ ਥਾਂ ਤੇ ਆ ਗਿਆ ਹੋਵਾਂ। ਉਸ ਦੇ ਸਿਰ ਅਤੇ ਦਾਹੜੀ ਦੇ ਵਾਲ ਬੇਤਰਤੀਬੇ ਜਿਹੇ ਢੰਗ ਨਾਲ ਵਧੇ ਹੋਏ ਸਨ। ਇਕ ਜੰਗਲ ਵਾਂਗ। ਉਹ ਆਪਣੀ ਪੈਂਟ ਅਤੇ ਬੂਟਾਂ ਸਮੇਤ ਫਰਸ਼ ਉਤੇ ਬਿਸਤਰ ਲਗਾਈ ਪਿਆ ਸਿਗਰਟ ਨਾਲ ਸਿਗਰਟ ਲਾ ਕੇ ਪੀ ਰਿਹਾ ਸੀ। ਉਹਦੇ ਮੂੰਹ 'ਚੋਂ ਧੂਏਂ ਦਾ ਗੋਲਾ ਨਿਕਲਦਾ, ਰਾਹ 'ਚ ਛੱਲਾ ਬਣਦਾ, ਫੈਲਦਾ ਅਤੇ ਛੱਤਣ ਨਾਲ ਲੱਗ ਕੇ ਟੁੱਟ ਜਾਂਦਾ। ਕਮਰੇ ਵਿਚ ਖਿਲਰੇ ਅਣਗਿਣਤ ਸਿਗਰਟਾਂ ਦੇ ਟੋਟਿਆਂ ਤੋਂ ਲਗਦਾ ਸੀ ਜਿਵੇਂ ਉਹ ਪਿਛਲੇ ਕਈਆਂ ਦਿਨਾਂ ਤੋਂ ਇਸੇ ਹਾਲਤ ਵਿਚ ਪਿਆ ਸਿਗਰਟਾਂ ਫੂਕਦਾ ਰਿਹਾ ਸੀ।

ਮੈਂ ਉਸ ਦਾ ਹਾਲ ਚਾਲ ਪੁੱਛਿਆ। ਉਹ ਚੁੱਪ ਰਿਹਾ। ਇਕ ਦੋ ਸਾਂਝੇ ਦੋਸਤਾਂ ਦੀ ਗੱਲ ਕੀਤੀ। ਪਰ ਉਹ ਟਿਕਟਿਕੀ ਬੰਨ੍ਹ ਕੇ ਛੱਤ ਵੱਲ ਦੇਖੀ ਜਾ ਰਿਹਾ ਸੀ। "ਲਗਦੈ ਕਿਸੇ ਗੰਭੀਰ ਰਚਨਾ ਦੀ ਜਨਮ-ਪੀੜਾ ਵਿਚੋਂ ਲੰਘ ਰਿਹਾ ਏਂ ਤੂੰ।" ਆਖ਼ਰ ਮੈਂ ਉਸ ਦੀ ਦੁਖਦੀ ਰਗ ਛੇੜੀ। ਉਹ ਥੋੜ੍ਹਾ ਜਿਹਾ ਸੁਚੇਤ ਹੋਇਆ ਅਤੇ ਅੱਖਾਂ ਭਰ ਕੇ ਬੋਲਿਆ, "ਉਹ ਮੈਨੂੰ ਦਿਖਾਈ ਦਈ ਜਾਂਦੇ।"

"ਉਹ ਕੌਣ ?" ਮੈਂ ਉਤਸੁਕ ਹੋ ਕੇ ਪੁੱਛਿਆ।

"ਕੰਧ ਵਿਚ ਬੈਠਾ ਮਨੁੱਖ।" ਉਸ ਨੇ ਅੱਖਾਂ ਝਮਕਦਿਆਂ ਪਹਿਲੀ ਵੇਰਾਂ ਮੇਰੀ ਵੱਲ ਦੇਖਿਆ। ਫੇਰ ਜਿਉਂ ਜਿਉਂ ਉਹ 'ਉਸ ਮਨੁੱਖ' ਬਾਬਤ ਮੈਨੂੰ ਦਸਦਾ ਰਿਹਾ ਤਿਉਂ ਤਿਉਂ ਕੁਦਰਤੀ ਹਾਲਤ ਵਿਚ ਆਉਂਦਾ ਗਿਆ। ਉਸ ਦੀ ਸਾਰੀ ਗੱਲਬਾਤ ਤੋਂ ਮੈਂ ਇਹੋ ਅੰਦਾਜ਼ਾ ਲਗਾ ਸਕਿਆ ਕਿ ਇਕ ਮਨੁੱਖ, ਜੋ ਕੰਧ ਵਿਚ ਬੈਠਾ ਹੈ, ਨੇ ਉਸ ਨੂੰ ਬਹੁਤ ਟੁੰਬਿਆ ਹੈ।

"ਆ ਤੈਨੂੰ ਦਿਖਾ ਕੇ ਲਿਆਵਾਂ।" ਮੈਨੂੰ ਆਪਣੀ ਗੱਲ ਵਿਚ ਦਿਲਚਸਪੀ ਲੈਂਦਿਆਂ ਦੇਖਕੇ ਉਹ ਹੋਰ ਵੀ ਉਤਸ਼ਾਹ ਨਾਲ ਬੋਲਿਆ।

"ਫੇਰ ਕਦੇ ਸਹੀ।" ਮੈਂ ਉਸਨੂੰ ਟਾਲਣਾ ਚਾਹੁੰਦਾ ਸਾਂ। ਦਰ ਅਸਲ ਅਜਿਹੇ ਕਿਸੇ ਮਨੁੱਖ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਸੀ।

"ਤੂੰ ਤੁਰ ਪੈ ਬੱਸ।" ਕਹਿੰਦਿਆਂ ਉਹ ਉੱਠ ਖੜ੍ਹਾ ਹੋਇਆ। "ਤੇਰੇ ਕੋਲ ਰਾਤ ਕੱਟਣੀ ਐਂ ਭਰਾਵਾ, ਜਿੱਥੇ ਮਰਜੀਐ, ਧੂਹੀ ਫਿਰ।" ਆਖ ਕੇ ਮੈਂ ਮਗਰ ਹੋ ਲਿਆ।

ਉਹ ਮੈਨੂੰ ਮਨੁੱਖਾਂ ਨਾਲ ਅੱਟੇ ਹੋਏ ਬਾਜ਼ਾਰਾਂ ਵਿਚੋਂ ਦੀ ਲਈ ਜਾ ਰਿਹਾ ਸੀ। ਸੜਕਾਂ ਉਤੇ ਕੀੜੀਆਂ ਵਾਂਗ ਫਿਰ ਰਹੇ ਲੋਕ ਆਪਸ ਵਿਚ ਖਹਿਸਰ ਰਹੇ ਸਨ। ਮੈਂ ਉਸ ਕੰਧ ਵਿਚਲੇ ਮਨੁੱਖ ਬਾਬਤ ਸੋਚਦਾ ਜਾ ਰਿਹਾ ਸਾਂ ਕਿ ਮੇਰਾ ਮਿੱਤਰ ਬੋਲਿਆ, 'ਇਹ ਦਿੱਲੀ ਹੈ, ਪਿਆਰੇ। ਮਹਾਂ ਨਗਰ। ਆਪਣੇ ਆਪ ਵਿਚ ਇਕ ਸੰਸਾਰ। ਗੁੰਝਲਾਂ ਅਤੇ ਆਤਮ ਵਿਰੋਧਾਂ ਦਾ ਭਰਿਆ ਹੋਇਆ, ਜਿੱਥੇ ਮਨੁੱਖ ਆਪਣੀ ਹੋਂਦ ਭਾਲਦਾ ਭਾਲਦਾ ਗੁਆਚ ਜਾਂਦਾ ਹੈ। ਹਿੱਪੀ ਬਣਦਾ ਹੈ। ਫੇਰ ਤਲਾਸ਼ ਕਰਦਾ ਹੈ– ਨਵੇਂ ਮਨੁੱਖ ਦੀ।" ਉਸਨੇ ਲੰਬਾ ਸਾਹ ਲਿਆ ਅਤੇ ਮੇਰੀ ਉਂਗਲ ਫੜਕੇ ਬੱਚੇ ਵਾਂਗ ਤੋਰਦਾ ਅਤੇ ਭੀੜ ਤੋਂ ਬਚਦਾ ਬਚਾਉਂਦਾ ਉਹ ਅੱਗੇ ਵਧਣ ਲੱਗਾ। ਫੇਰ ਉਹ ਥੋੜ੍ਹਾ ਰੁਕਿਆ ਅਤੇ ਮੈਨੂੰ ਨਵੇਂ ਸਭਿਆਚਾਰ, ਮਹਾਂ ਨਗਰ ਦਾ ਦੁਖਾਂਤ,– ਪੌਪ ਮਿਊਜ਼ਕ, ਆਧੁਨਿਕ ਲੇਖਕ ਦਾ ਦਾਇਤਵ......ਪੁਰਾਣੀ ਪੀੜ੍ਹੀ ਦੇ ਲੇਖਕਾਂ ਦੀ ਸਾਧਾਰਣਤਾ ਅਤੇ ਅਗਿਆਨਤਾ ਬਾਬਤ ਦੱਸਣ ਲੱਗਾ।

ਮੈਨੂੰ ਮੁਸਕਰਾਉਂਦਾ ਦੇਖ ਕੇ ਉਹ ਚੁੱਪ ਹੋ ਗਿਆ ਤੇ ਫੇਰ ਕਹਿਣ ਲੱਗਾ, "ਮਾਫ਼ ਕਰਨਾ, ਕਿਤੇ ਬੋਰ ਤਾਂ ਨਹੀਂ ਹੋ ਰਿਹਾ ਤੂੰ ? ਦਰਅਸਲ ਮੇਰਾ ਮਨ ਦਿੱਲੀ ਦੀ ਸੜਕ ਵਾਂਗ ਭਰਿਆ ਪਿਆ ਹੈ।"

"ਤੇ ਉਹ ਮਨੁੱਖ ? ਕੰਧ ਵਾਲਾ।" ਮੈਂ ਉਹਦਾ ਧਿਆਨ ਪਹਿਲੀ ਗੱਲ ਵੱਲ ਮੋੜਿਆ।

"ਹਾਂ......ਸੱਚ ਮੁੱਚ ਬੜਾ ਅਜੀਬ ਹੈ ਉਹ। ਅੱਠਵਾਂ ਅਜੂਬਾ।" ਉਸਨੇ ਇਹ ਸ਼ਬਦ ਏਨੀ ਜ਼ੋਰ ਦੀ ਬੋਲੇ ਕਿ ਸੜਕ ਉਤੇ ਤੁਰੇ ਜਾਂਦੇ ਇਕ ਜੋੜੇ ਨੇ ਅੱਖਾਂ 'ਚ ਹੱਸ ਕੇ ਇਕ ਦੂਜੇ ਦੇ ਮੂੰਹ ਵੱਲ ਦੇਖਿਆ।

ਅਸੀਂ ਅੱਗੇ ਸਰਕ ਗਏ।

"ਨਾਲੇ ਲੋਕ ਸੰਸਾਰ ਪ੍ਰਸਿੱਧ ਮੁੱਕੇਬਾਜ਼ ਮੁਹੰਮਦ ਅਲੀ ਨੂੰ ਅੱਠਵਾਂ ਅਜੂਬਾ ਕਹਿੰਦੇ ਨੇ ?" ਮੈਂ ਟੋਕਿਆ।

"ਉਹ ਆਹੋ। ਕਹਿੰਦੇ ਹੋਣਗੇ ਲੋਕ। ਇਹ ਇਕ ਲੇਖਕ ਦੀ ਭਾਲ ਹੈ। ਉਸ ਦੀ ਆਪਣੀ ਤਲਾਸ਼। ਲੋਕ ਤਾਂ ਉਹਦੇ ਕੋਲ ਦੀ ਬਿਨਾਂ ਦੇਖੇ ਲੰਘ ਜਾਂਦੇ ਨੇ।"

ਉਸਨੇ ਮੇਰੇ ਵੱਲ ਘੂਰ ਕੇ ਦੇਖਿਆ। ਜਿਵੇਂ ਮੈਂ ਉਸ ਦੀ ਸੋਚ ਦੀ ਉਲੰਘਣਾ ਕਰਕੇ ਬੜੀ ਭਾਰੀ ਅਵੱਗਿਆ ਕੀਤੀ ਹੋਵੇ। ਉਸ ਫੇਰ ਬੋਲਣਾ ਸ਼ੁਰੂ ਕੀਤਾ, "ਮੈਂ ਉਸਨੂੰ ਲਗ ਭਗ ਇਕ ਸਾਲ ਤੋਂ ਦੇਖਦਾ ਆ ਰਿਹਾ ਹਾਂ। ਮਘੋਰੇ ਵਿਚ ਉਹ ਬੈਠਾ ਹੁੰਦਾ ਹੈ, ਝੁੰਬ ਮਾਰ ਕੇ। ਧਰਤੀ ਤੋਂ ਪੰਜ ਫੁੱਟ ਛੇ ਇੰਚ ਉੱਚਾ। ਨਾ ਆਸਮਾਨ 'ਚ, ਨਾ ਧਰਤੀ ਤੇ। ਦੁਨੀਆਂ ਤੋਂ ਅਲੱਗ ਥਲੱਗ। ਇਸ ਨੂੰ ਅਸੀਂ ਲੇਖਕ ਲੋਕ ਮੋਹਭੰਗ ਦੀ ਅਵੱਸਥਾ ਕਹਿੰਦੇ ਹਾਂ। ਦਰਅਸਲ ਮੈਂ ਉਸ ਬਾਰੇ ਲਿਖਣਾ ਚਾਹੁੰਦਾ ਹਾਂ, ਇਕ ਨਾਵਲ। ਜਾਂ ਘੱਟੋ-ਘੱਟ ਇਕ ਕਹਾਣੀ। ਪਰ ਗੱਲ ਸਹੁਰੀ ਮੇਰੀ ਪਕੜ ਵਿਚ ਨਹੀਂ ਆ ਰਹੀ।"

'ਪਕੜ' ਸ਼ਬਦ ਉਤੇ ਉਸਨੇ ਏਨਾ ਜ਼ੋਰ ਦਿੱਤਾ ਕਿ ਮੇਰਾ ਹਾਸਾ ਨਿਕਲ ਗਿਆ। ਗੱਲ ਕਰਦਿਆਂ ਉਸ ਨੇ ਆਪਣੇ ਹੱਥ ਦੀ ਮੁਦਰਾ ਇਉਂ ਬਣਾ ਲਈ ਸੀ ਜਿਵੇਂ ਗੱਲ ਨਹੀਂ ਕੋਈ ਮੁਰਗੀ ਫੜਨਾ ਚਾਹੁੰਦਾ ਹੋਵੇ।

ਹਸਦਿਆਂ ਹਸਦਿਆਂ ਮੇਰੀਆਂ ਅੱਖਾਂ ਭਰ ਆਈਆਂ।

ਮੇਰੀ ਹਾਲਤ ਦੇਖ ਕੇ ਉਸ ਨੂੰ ਕੁਝ ਹੌਂਸਲਾ ਹੋਇਆ 'ਤੇ ਭਾਵੁਕ ਹੋ ਕੇ ਉਸ ਮੇਰੀਆਂ ਅਖਾਂ 'ਚ ਦੇਖਦਿਆਂ ਫੇਰ ਕਹਿਣਾ ਸ਼ੁਰੂ ਕੀਤਾ, "ਦੇਖਿਆ......ਤੇਰੇ 'ਤੇ ਵੀ ਅਸਰ ਹੋ ਗਿਆ। ਇਸ ਗੱਲ ਦਾ। ਹਾਲਾਂ ਕਿ ਤੂੰ ਲੇਖਕ ਨਹੀਂ। ਜੇ ਹੁੰਦਾ ਤਾਂ ਪਤਾ ਨਹੀਂ ਤੇਰੇ 'ਤੇ ਕੀ ਬੀਤਦੀ। ਮੇਰੀ ਤਾਂ ਉਸ ਆਦਮੀ ਨੇ ਨੀਂਦ ਹਰਾਮ ਕਰ ਦਿੱਤੀ ਹੈ। ਕਾਫੀ ਹਾਊਸ ਵਿਚ ਬੈਠ ਕੇ ਮੈਂ ਕਈ ਕਈ ਘੰਟੇ ਉਸ ਬਾਬਤ ਸੋਚਦਾ ਰਿਹਾ ਹਾਂ। ਉਸ ਛਿਣ ਨੂੰ ਪਕੜਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਜਦੋਂ ਉਸ ਨੇ ਇਹ ਫੈਸਲਾ ਲਿਆ ਹੋਵੇਗਾ।"

"ਟੁੱਟੀ ਹੋਈ ਕੰਧ ਵਿਚ ਬੈਠਣ ਦਾ!" ਮੈਂ ਵਿਅੰਗ ਕੀਤਾ।

"ਤੂੰ ਮੇਰੀ ਗੱਲ ਤਾਂ ਸੁਣ," ਉਸ ਨੇ ਕਾਹਲਾ ਪੈਂਦਿਆਂ ਆਖਣਾ ਜਾਰੀ ਰੱਖਿਆ, "ਪਰ ਅਜੇ ਤਕ ਮੈਂ ਕਾਮਯਾਬ ਨਹੀਂ ਹੋਇਆ। ਜਦੋਂ ਹੋ ਗਿਆ ਤਾਂ ਸਮਝਾਂਗਾ ਪ੍ਰਾਪਤੀ ਹੋ ਗਈ ਹੈ। ਇਕ ਨਵਾਂ ਮਨੁੱਖ ਲੱਭ ਲਿਆ ਹੈ। ਉਦੋਂ ਮੇਰੀ ਰਚਨਾ ਅਨੂਠੀ ਹੋਵੇਗੀ।"

"ਸਾਡੇ ਭਾਰਤ ਵਾਸੀਆਂ ਲਈ ਇਹ ਕੋਈ ਨਵੀਂ ਗੱਲ ਨਹੀਂ। ਇਹ ਮੇਰਾ ਖਿਆਲ ਹੈ।" ਅਜੇ ਮੈਂ ਕਹਿਣ ਹੀ ਲੱਗਾ ਸੀ ਕਿ ਉਸ ਨੇ ਵਿਚੋਂ ਹੀ ਟੋਕ ਦਿੱਤਾ ਤੇ ਬੋਲਿਆ, "ਦੇਖੇਂਗਾ ਤਾਂ ਹੈਰਾਨ ਰਹਿ ਜਾਏਂਗਾ। ਬੱਸ ਪੁੱਜਣ ਹੀ ਵਾਲੇ ਆਂ ਅਸਲੀ ਥਾਂ ਤੇ।"

ਅਸੀਂ ਕੰਧ ਦੇ ਸਿਰੇ ਕੋਲ ਅਪੜ ਗਏ।

ਸੱਚ ਮੁੱਚ ਉਥੇ ਇਕ ਆਦਮੀ ਬੈਠਾ ਸੀ। ਇਕ ਵੱਡੀ ਦਿਉਕੱਦ ਕੰਧ ਦੇ ਵਿਚਕਾਰੋਂ ਕੁਝ ਇੱਟਾਂ ਉਖੜੀਆਂ ਹੋਈਆਂ ਸਨ। ਇਕ ਮਘੋਰਾ ਜਿਹਾ ਬਣ ਗਿਆ ਸੀ। ਉਸ ਵਿਚ ਉਹ ਬੈਠਾ ਸੀ। ਉਸ ਦੇ ਕੋਲ ਇਕ ਖੂੰਡੀ ਟੇਢੀ ਕਰਕੇ ਰੱਖੀ ਹੋਈ ਸੀ। ਇਕ ਸਿਲਵਰ ਦਾ ਛਾਟਾ, ਦੋ ਸੜੇ ਜਿਹੇ ਕੇਲੇ ਅਤੇ ਕੁਝ ਗੇਂਦੇ ਦੇ ਬਾਸੀ ਫੁੱਲ ਉਹਦੇ ਬਰਾਬਰ ਪਏ ਸਨ।

"ਕਾਸ਼ ਮਨੁੱਖ ਧਰਤੀ ਉਤੇ ਸ਼ਾਨ ਨਾਲ ਤੁਰਨਾ ਸਿੱਖ ਲੈਂਦਾ।" ਮੈਂ ਕਿਹਾ। ਪਰ ਉਸ ਨੇ ਮੇਰੀ ਗੱਲ ਵੱਲ ਧਿਆਨ ਨਾ ਦਿੱਤਾ ਅਤੇ ਬੋਲਿਆ, "ਅੱਜ ਤਾਂ ਮੂੰਹ ਵੀ ਨੰਗਾ ਰੱਖਿਆ ਹੋਇਐ। ਕਰ ਲੈ ਦੀਦਾਰ! ਤੇਰੀ ਰੂਹ ਖੁਸ਼ ਹੋ ਜੂ।" ਇਹ ਗੱਲ ਉਸ ਨੇ ਮੇਰੇ ਕੰਨ ਕੋਲ ਆਪਣਾ ਮੂੰਹ ਕਰਕੇ ਏਨੀ ਹੌਲੀ ਦੇ ਕੇ ਕਹੀ ਜਿਵੇਂ ਉਸ ਦੀ ਸਮਾਧੀ ਭੰਗ ਹੋਣ ਤੋਂ ਡਰਦਾ ਹੋਵੇ।

ਅਸੀਂ ਮਘੋਰੇ ਦੇ ਹੇਠਾਂ ਕੰਧ ਦੇ ਐਨ ਨਾਲ ਲਗ ਕੇ ਖੜੇ ਤਾਂ ਮੈਂ ਦੋ ਕਦਮ ਪਿੱਛੇ ਹਟ ਗਿਆ। ਫੇਰ ਥੋੜ੍ਹਾ ਅੱਗੇ ਨੂੰ ਅਹੁਲਿਆ। ਜਿਵੇਂ ਆਦਮੀ ਇਕ ਦਮ ਤ੍ਰਭਕ ਕੇ ਕਰਦਾ ਹੈ। ਭਮੱਤਰਿਆ ਜਿਹਾ। ਜਾਂ ਚਹਿਕ ਕੇ ਕਬੂਤਰ ਵਾਂਗ ਗੁਟਕਦਾ ਹੈ। ਇਕ ਕਦਮ ਪਿੱਛੇ, ਦੋ ਕਦਮ ਅੱਗੇ। ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਬੁੱਲ੍ਹ ਫਰਕ ਰਹੇ ਸਨ। ਮੱਥੇ ਉਤੇ ਪਸੀਨੇ ਦੀਆਂ ਕਣੀਆਂ ਉਭਰੀਆਂ ਹੋਈਆਂ। ਡੁਬਡੁਬਾਈਆਂ ਅੱਖਾਂ ਵਿਚ ਖੁਸ਼ੀ ਭਰੀ ਲਿਸ਼ਕ ਸੀ। ਇਕ ਚਮਕ ਜਿਸ ਨੇ ਘੋਰ ਤਲਖ਼ੀ ਵਿਚੋਂ ਜਨਮ ਲਿਆ ਹੋਵੇ। ਇਕ ਅਕਹਿ ਆਨੰਦ ਜਿਸ ਦੀ ਪਿੱਠ ਉਤੇ ਮਣਾਂ ਮੂੰਹ ਉਦਾਸੀਆਂ ਬੈਠੀਆਂ ਹੋਣ। ਜਿਵੇਂ ਜੇਠ ਹਾੜ੍ਹ ਦੇ ਮਹੀਨੇ ਰੇਗਿਸਤਾਨ ਵਿਚ ਊਠ ਲਈ ਜਾਂਦੇ ਕਾਫ਼ਲੇ ਦੇ ਲੋਕਾਂ ਨੂੰ ਇਕ ਦਮ ਕੋਈ ਚਸ਼ਮਾ ਦਿਖਾਈ ਦੇ ਜਾਵੇ।

ਸ਼ਾਇਦ ਮੈਂ ਆਪਣੀ ਹਾਲਤ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਿਆ। ਇਹ ਕੰਮ ਤਾਂ ਲੇਖਕਾਂ ਦਾ ਹੈ। ਜੋ ਮਨੁੱਖ ਦੇ ਮਨ ਵਿਚ ਉਤਰ ਕੇ ਉਸ ਦੇ ਹਾਵ ਭਾਵ ਚੰਗੀ ਤਰ੍ਹਾਂ ਜਾਣ ਲੈਂਦੇ

ਹਨ। ਫੇਰ ਸ਼ਬਦਾਂ ਦਾ ਜਾਮਾ ਪੁਆਕੇ ਕੋਰੇ ਕਾਗਜ਼ ਉਤੇ ਸਾਕਾਰ ਕਰ ਦਿੰਦੇ ਹਨ। ਮਨੁੱਖ ਦੇ ਮਨ ਦੀ ਤਸਵੀਰ ਖਿੱਚ ਕੇ ਰੱਖ ਦਿੰਦੇ ਹਨ। ਪਰ ਮੈਂ ਆਪਣੇ ਮਨ ਦੇ ਵਹਿਣ ਵਿਚ ਏਨਾ ਵਹਿ ਗਿਆ ਸਾਂ ਕਿ ਭੁੱਲ ਹੀ ਗਿਆ। ਲੇਖਕ ਤਾਂ ਮੇਰੇ ਪਿੱਛੇ ਖੜ੍ਹਾ ਸਭ ਕੁਝ ਦੇਖ ਰਿਹਾ ਸੀ। ਜਿਸ ਨੇ ਨਵੇਂ ਮਨੁੱਖ ਦੀ ਖੋਜ ਦਾ ਬੀੜਾ ਚੁੱਕਿਆ ਹੋਇਆ ਸੀ। ਕੰਧ ਵਿਚਲਾ ਮਨੁੱਖ ਤਾਂ ਪੁਰਾਣਾ ਸੀ। ਸਮੇਂ ਦੇ ਥਪੇੜਿਆਂ ਦਾ ਝੰਬਿਆ ਹੋਇਆ ਥੱਕਿਆ ਤੇ ਹਾਰਿਆ ਹੋਇਆ।

ਕਿਤੇ ਇਹ ਛਲਾਵਾ ਤਾਂ ਨਹੀਂ ? ਮੇਰੇ ਮਨ ਵਿਚ ਸ਼ੰਕਾ ਪੈਦਾ ਹੋਈ। ਮੈਂ ਫੇਰ ਧਿਆਨ ਨਾਲ ਦੇਖਿਆ।

"ਮੱਥਾ ਚੌੜਾ, ਚਿਹਰੇ ਤੇ ਮਾਤਾ ਦੇ ਦਾਗ, ਨੱਕ ਉਤੇ ਮਹੁਕਾ, ਖੱਬੀ ਪੁੜਪੁੜੀ ਉਤੇ ਜ਼ਖ਼ਮ ਦਾ ਨਿਸ਼ਾਨ, ਪਲਕਾਂ ਝੜੀਆਂ ਹੋਈਆਂ, ਭਰਵੱਟਿਆਂ ਉਤੇ ਝਾੜੀਨੁਮਾ ਸੰਘਣੇ ਵਾਲ, ਅੱਖਾਂ ਬਿੱਲੀਆਂ, ਦੁੱਧਾ ਕਾਸ਼ਨੀ ਰੰਗੀਆਂ ਅਤੇ ਪੱਟਾਂ ਉਤੇ ਮੋਰਨੀਆਂ ਦਾ ਜੋੜਾ।"

ਉਹੀ ਸੀ। ਤਾਇਆ ਪੇੜਾ।

ਜਿਸਦੀਆਂ ਬਿੱਲੀਆਂ ਅੱਖਾਂ ਉਤੇ ਨਾਈਆਂ ਦੀ ਗੁਬਿੰਦੀ ਮੋਹਿਤ ਹੋ ਗਈ ਸੀ।

ਜਦੋਂ ਉਹ ਜੰਮਿਆਂ ਤਾਂ ਮੇਰੀ ਦਾਦੀ ਉਥੇ ਸੀ। ਉਸ ਨੂੰ ਗੋਲਮਟੋਲ ਜਿਹੇ ਨੂੰ ਦੇਖ ਕੇ ਉਸਦੇ ਮੂੰਹੋਂ ਨਿਕਲ ਗਿਆ ਸੀ, "ਭਾਈ ਮੁੰਡਾ ਕਾਹਦੈ, ਮੱਖਣ ਦਾ ਪੇੜਾ ਐ ਨਿਰਾ।"

ਉਸੇ ਦਿਨ ਤੋਂ ਉਸ ਦਾ ਨਾਂ ਪੇੜਾ ਪੈ ਗਿਆ ਸੀ।

ਉਂਝ ਮਾਪਿਆਂ ਨੇ ਉਹਦਾ ਨਾਂ ਬਾਲ ਮੁਕੰਦ ਰੱਖਿਆ ਸੀ। ਛੋਟਾ ਹੁੰਦਾ ਉਹ ਬੜਾ ਸ਼ਰਾਰਤੀ ਸੀ। ਸ਼ਰਾਰਤੀ ਅਤੇ ਖ਼ਬਤੀ। ਖੇਡਣ ਗਿਆ ਜਾਂ ਕਿਸੇ ਨੂੰ ਮਾਰ ਕੇ ਆਉਂਦਾ ਜਾਂ ਆਪ ਕੁੱਟ ਖਾ ਕੇ।

ਉਸ ਦੇ ਮਾਪੇ ਉਹਦੀਆਂ ਆਦਤਾਂ ਤੋਂ ਜਿੱਚ ਹੋ ਜਾਂਦੇ। ਪਿੰਡ ਦੇ ਦੇਖਦਿਆਂ ਦੇਖਦਿਆਂ ਉਹ ਭਰ ਜੁਆਨ ਹੋਇਆ।

ਚਾਅ ਮੱਤਾ, ਇਕ ਦਿਨ ਮੇਲੇ ਗਿਆ ਤਾਂ ਪੱਟਾਂ ਉਤੇ ਮੋਰਨੀਆਂ ਖੁਣਵਾ ਲਿਆਇਆ। ਜਦੋਂ ਦੌੜਦਾ ਤਾਂ ਮੋਰਨੀਆਂ ਉਹਦੇ ਪੱਟਾਂ ਉਤੇ ਪਾਇਲਾਂ ਪਾਉਣ ਲੱਗ ਪੈਂਦੀਆਂ।

ਪਿੰਡ ਦੀਆਂ ਕੁੜੀਆਂ ਛੋਪ ਪਾ ਕੇ ਬਹਿੰਦੀਆਂ ਤਾਂ ਗੁਬਿੰਦੀ ਵੀ ਆ ਜਾਂਦੀ। ਉਹ ਲੰਬੇ ਲੰਬੇ ਗੀਤ ਛੋਂਹਦੀਆਂ। ਗੀਤਾਂ ਵਿਚੋਂ ਉਹਨਾਂ ਦੇ ਸੁਪਨੇ ਮਚਲ ਮਚਲ ਪੈਂਦੇ। ਲੰਬੇ ਲੰਬੇ ਸੁਪਨੇ। ਪੂਣੀਆਂ ਵਿਚੋਂ ਨਿਕਲੀਆਂ ਮਹੀਨ ਤੰਦਾਂ ਵਰਗੇ। ਕਹਿੰਦੇ ਨੇ ਇਕ ਰਾਤ ਗੁਬਿੰਦੀ ਦੀ ਪੂਣੀ ਵਿਚੋਂ ਨਿਕਲੀ ਕੱਚੀ ਤੰਦ ਉਤੇ ਕਾਸ਼ਨੀ ਰੰਗ ਡੁੱਲ੍ਹ ਗਿਆ। ਉਸ ਰਾਤ ਉਸ ਨੇ ਉਚੀ ਹੇਕ ਕੱਢ ਕੇ ਗਾਇਆ ਸੀ :

'ਇਕ ਮੇਰੀ ਅੱਖ ਕਾਸ਼ਨੀ,
ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ।'

ਦੂਜੀ ਸਵੇਰ ਪਿੰਡ ਦੇ ਪਾਣੀਆਂ ਦਾ ਰੰਗ ਗੰਧਲਾ ਹੋ ਗਿਆ। ਘਰ ਘਰ ਉਸੇ ਦੀਆਂ ਗੱਲਾਂ ਹੋ ਰਹੀਆਂ ਸਨ। ਉਸ ਦਾ ਘਰੋਂ ਨਿਕਲਣਾ ਬੰਦ ਹੋ ਗਿਆ।

ਫੇਰ ਉਹੀ ਗੱਲ ਹੋਈ ਜੋ ਆਮ ਤੌਰ ਤੇ ਹੁੰਦੀ ਹੁੰਦੀ ਹੈ।

ਗੁਬਿੰਦੀ ਦਾ ਵਿਆਹ ਹੋ ਗਿਆ।

ਬਾਲ ਮੁਕੰਦ ਦੀ ਮੰਗ ਛੁੱਟੀ।

ਉਹ ਪਿੰਡ ਵਿਚ ਕਮਲਿਆਂ ਵਾਂਗ ਫਿਰਨ ਲੱਗਾ। ਪਿੰਡ ਦੇ ਵੈਲੀ ਮੁੰਡਿਆਂ ਦੀ ਢਾਣੀ ਵਿਚ ਇਕ ਮਨੁੱਖ ਦਾ ਹੋਰ ਵਾਧਾ ਹੋ ਗਿਆ। ਉਥੇ ਰੋਜ਼ ਡਾਂਗ ਚਲਦੀ। ਨਿੱਤ ਖਰੂਦ ਪੈਂਦਾ।

ਕਦੇ ਉਹ ਕਿਸੇ ਨੂੰ ਮਾਰ ਕੇ ਆਉਂਦਾ। ਕਦੇ ਆਪ ਕੁੱਟ ਖਾ ਕੇ। ਪਿੰਡ 'ਤੇ ਬੱਦਲਵਾਈ ਰਹਿਣ ਲੱਗੀ। ਬੇਮੌਸਮਾਂ ਮੀਂਹ ਪੈ ਕੇ ਲੋਕਾਂ ਨੂੰ ਤੰਗ ਕਰਦਾ। ਖੱਤਿਆਂ ਵਿਚ ਪਾਣੀ ਭਰਿਆ ਰਹਿਣ ਲੱਗਾ। ਪਿੰਡ ਦੀਆਂ ਬੀਹੀਆਂ ਵਿਚ ਭਰੇ ਚਿੱਕੜ ਨਾਲ ਲੋਕਾਂ ਦੇ ਕਪੜੇ ਭਰ ਭਰ ਜਾਂਦੇ। 'ਸਾਡੇ ਤੇ ਤਾਂ ਕੁਦਰਤ ਵੀ ਕਰੋਪ ਹੋਗੀ।' ਲੋਕ ਦੁਖੀ ਹੋ ਕੇ ਗੱਲਾਂ ਕਰਦੇ।

ਪਿੰਡ ਵਿਚ ਸਫ਼ੈਦ ਪੋਸ਼ਾਂ ਦੀ ਹਵੇਲੀ ਕਾਨੂੰਨ ਦੀਆਂ ਬਾਹਾਂ ਜਿੰਨੀ ਲੰਬੀ ਸੀ। ਬੱਸ ਕਰੋਪੀ ਤੋਂ ਉਹੀ ਇਕ ਬਚੀ ਸੀ।

ਸਾਲ 1947 ਚੜ੍ਹ ਗਿਆ ਸੀ। ਪਿੰਡ ਦੇ ਮੁਸਲਮਾਨ ਘਰਾਂ ਵਿਚ ਨਿੱਕੀਆਂ ਨਿੱਕੀਆਂ ਗਠੜੀਆਂ ਬੰਨ੍ਹੀਂ, ਬੈਠੇ ਰੋ ਰਹੇ ਸਨ। ਉਹਨਾਂ ਨੂੰ ਮਾਰਨ ਲਈ ਲਾਗਲੇ ਪਿੰਡ ਦੇ ਲੋਕਾਂ ਦੀਆਂ ਧਾੜਾਂ ਵਹੀਰਾਂ ਘੱਤੀ ਉਨ੍ਹਾਂ ਦੇ ਪਿੰਡ ਵੱਲ ਵਧ ਰਹੀਆਂ ਸਨ। ਪਿੰਡ ਵਿਚ ਕੁਝ ਗੱਭਰੂ ਸਨ ਜਿਨ੍ਹਾਂ ਨੇ ਮਾਰਿਆ ਜਾਣਾ ਸੀ। ਕੁਝ ਘਰ ਸਨ ਜਿਨ੍ਹਾਂ ਨੇ ਸੁੰਨੇ ਹੋ ਜਾਣਾ ਸੀ। ਕੁੜੀਆਂ ਸਨ, ਗੁਥਿੰਦੀ ਦੇ ਹਾਣ ਦੀਆਂ, ਜਿੰਨ੍ਹਾਂ ਦੀਆ ਇੱਜ਼ਤਾਂ ਚੁਰੱਸਤਿਆਂ ਵਿਚ ਲੁੱਟੀਆਂ ਜਾਣੀਆਂ ਸਨ। ਉਹ ਅੰਦਰ ਬੈਠੀਆਂ ਸਿਬੜ ਸਿਬੜ ਰੋ ਰਹੀਆਂ ਸਨ।

ਉਥੇ ਕੋਈ ਨਹੀਂ ਸੀ ਜੋ ਉਨ੍ਹਾਂ ਲਈ ਲੜਦਾ। ਲੜਦਾ ਤੇ ਕੱਟ ਮਰਦਾ। 'ਜਾਨ ਤਾਂ ਸਭ ਨੂੰ ਪਿਆਰੀ ਹੁੰਦੀ ਐ।' ਲੋਕ ਆਪੋ ਆਪਣੇ ਅੰਦਰੀਂ ਬੈਠੇ ਸੋਚਦੇ। ਸੋਚਦੇ ਤੇ ਹਉਕੇ ਭਰਦੇ। 'ਕੋਈ ਕਰਨੀ ਵਾਲਾ ਹੋਵੇ ਤਾਂ ਉਹਨਾਂ ਨੂੰ ਬਚਾਵੇ।' ਉਹ ਕਲਪਦੇ।

ਦਹਿਸ਼ਤ ਨਾਲ ਪਿੰਡ ਦੇ ਦੰਦ ਜੁੜੇ ਪਏ ਸਨ।

ਫੇਰ ਅੱਖ ਦੇ ਫੋਰ ਵਿਚ ਇਕ ਅਲੋਕਾਰ ਗੱਲ ਹੋ ਗਈ। ਬਾਲਮੁਕੰਦ ਆਪਣੇ ਇਕ ਦੋ ਸਾਥੀਆਂ ਨਾਲ ਪਿੰਡ ਦੀ ਨਿਆਈਂ ਵਿਚ ਆ ਗਰਜਿਆ। ਆਪਣੇ ਹੱਥ ਵਿਚ ਨੰਗੀ ਤਲਵਾਰ ਲਈ ਉਹ ਜਿਵੇਂ ਨਚਦਾ ਫਿਰ ਰਿਹਾ ਸੀ। ਅਖੇ : 'ਜਿਹੜਾ ਮਾਈ ਦਾ ਲਾਲ ਐ ਅੱਗੇ ਵਧੇ।' ਉਸ ਨੇ ਧਰਤੀ ਉਤੇ ਲਕੀਰ ਖਿੱਚ ਕੇ ਲਲਕਾਰਾ ਮਾਰਿਆ ਸੀ। ਦੇਖੋ ਦੇਖੀ ਉਹਦੇ ਨਾਲ ਕੁਝ ਤਲਵਾਰਾਂ, ਟਕੂਏ ਅਤੇ ਗੰਡਾਸੀਆਂ ਹੋਰ ਰਲ ਗਈਆਂ। ਇਕ ਨਜ਼ਾਰਾ ਬੱਝ ਗਿਆ ਸੀ ਲੋਕਾਂ ਦੀਆਂ ਅੱਖਾਂ ਸਾਹਮਣੇ।

ਬਲਵੇ ਵਾਲੇ ਪਿੱਛੇ ਮੁੜ ਗਏ।

ਇਕ ਨੰਗੀ ਤਲਵਾਰ ਨੇ ਪਿੰਡ ਨੂੰ ਨੰਗਾ ਹੋਣ ਤੋਂ ਬਚਾ ਲਿਆ ਸੀ। ਜ਼ਾਲਮਾਂ ਦੇ ਹੱਥ ਆਈ ਅਬਲਾ ਨੂੰ ਜਿਵੇਂ ਕਿਸੇ ਨੇ ਆਪਣੀ ਪੱਗ ਦੇ ਕੇ ਢਕ ਦਿੱਤਾ ਹੋਵੇ।

ਪਿੰਡ ਵਿਚ ਫੇਰ ਉਹਦੀ ਚੜ੍ਹ ਮੱਚੀ ਸੀ। ਜਿਥੇ ਦੇਖੋ ਉਸੇ ਦੀਆਂ ਗੱਲਾਂ ਹੋ ਰਹੀਆਂ ਸਨ। 'ਉਹ ਤਾਂ ਪਿੰਡ ਦੀ ਲਾਜ ਐ' ਲੋਕੀਂ ਆਖਦੇ ਸਨ। ਮਾਂ ਉਹਦੀ ਉਸ ਦਾ ਮੱਥਾ ਚੁੰਮ ਚੁੰਮ ਨਾ ਥਕਦੀ। ਆਖਰ ਉਹਦੀਆਂ ਨਾੜਾਂ ਵਿਚ ਉਸ ਦਾ ਸੀਰ ਵਗਦਾ ਸੀ। ਸਾਰਾ ਪਿੰਡ ਖੁਸ਼ ਸੀ।

ਪਰ ਇਕ ਘਰ ਖੁਸ਼ ਨਹੀਂ ਸੀ। ਸਫ਼ੈਦ ਪੋਸ਼ਾਂ ਦਾ ਘਰ। ਜਿਸ ਘਰ ਦੇ ਲੋਕਾਂ ਨੇ ਇਕ ਸਮੇਂ ਪਿੰਡ ਦੇ ਲੋਕਾਂ ਦੀਆਂ ਰਪਟਾਂ ਦੇ ਦੇ ਅੰਗਰੇਜ਼ ਸਰਕਾਰ ਤੋਂ ਜਾਗੀਰਾਂ ਲਈਆਂ ਸਨ। ਜਿਸ

ਘਰ ਦੀ ਹੁਣ ਵੀ ਸਰਕਾਰੇ ਦਰਬਾਰੇ ਪਹੁੰਚ ਸੀ। ਉਸ ਘਰ ਦੇ ਬੰਦਿਆਂ ਦੀਆਂ ਬਲਵਾ ਕਰਾਉਣ ਦੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ ਸਨ। ਬਾਲ ਮੁਕੰਦ ਉਹਨਾਂ ਦੀਆਂ ਅੱਖਾਂ 'ਚ ਰੜਕਣ ਲੱਗਾ।

ਉਸ ਤੇ ਫ਼ੀਮ ਵੇਚਣ ਦਾ ਕੇਸ ਬਣਿਆ।

ਉਹ ਦਸ ਨੰਬਰ ਵਿਚ ਆਇਆ।

ਥਾਣੇ ਵਿਚ ਉਸਦਾ 'ਬਸਤਾ ਬੇ' ਖੁਲ੍ਹਿਆ।

ਉਸ ਦਾ ਛੋਟਾ ਭਾਈ ਰਾਧੇ ਵਿਆਹਿਆ ਗਿਆ।

ਪਰ ਉਸ ਦੀ ਦਸ ਨੰਬਰੀ ਨਾ ਟੁੱਟੀ।

ਉਸ ਦੇ ਭਾਈ ਦੇ ਦੋ ਨਿਆਣੇ ਵੀ ਹੋ ਗਏ।

ਪਰ ਉਸ ਦੀ ਦਸ ਨੰਬਰੀ ਨਾ ਟੁੱਟੀ।

ਸਾਲ ਬੀਤਦੇ ਚਲੇ ਗਏ।

ਗੁਬਿੰਦੀ-ਪਿੰਡ ਆਈ ਹੋਈ ਸੀ। ਨਾਲ ਉਸ ਦੇ ਦੋ ਨਿੱਕੇ ਨਿੱਕੇ ਨਿਆਣੇ ਸਨ। ਉਹ ਜੱਕੋ ਤੱਕੀ ਵਿਚ ਪਿਆ ਸੋਚਦਾ ਰਿਹਾ। ਮਿਲਣ ਜਾਵੇ ਜਾਂ ਨਾ ਜਾਵੇ। ਅਖ਼ੀਰ ਮਨ ਪੱਕਾ ਕਰ ਕੇ ਉਹ ਚਲਿਆ ਗਿਆ।

"ਮਖ, ਕੀ ਹਾਲ ਐ ਭਾਈ ਨਿਆਣਿਆਂ ਦਾ। ਘਰ ਕੋਲ ਦੀ ਲੰਘ ਰਿਹਾ ਸੀ। ਸੋਚਿਆ ਨਿਆਣਿਆਂ ਦਾ ਹਾਲ ਚਾਲ ਪੁੱਛ ਜਾਵਾਂ।" ਕਿੰਨਾ ਚਿਰ ਬੈਠਾ ਉਹ ਗੱਲਾਂ ਕਰਦਾ ਰਿਹਾ। ਘਰ ਆ ਕੇ ਗੁਬਿੰਦੀ ਬਾਰੇ ਸੋਚਦਾ ਰਿਹਾ। ਕਿਵੇਂ ਦਿਨਾਂ 'ਚ ਹੀ ਉਹ ਪੀਲੀ ਭੂਕ ਹੋ ਗਈ ਸੀ। ਦੁੱਖਾਂ ਨੇ ਉਸ ਨੂੰ ਭੰਨ ਕੇ ਰੱਖ ਦਿੱਤਾ ਸੀ। ਉਹ ਆਪ ਵੀ ਕਾਲਾ ਧੂਰਾ ਹੋ ਗਿਆ ਸੀ। ਉਹ ਸੋਚਦਾ ਰਿਹਾ। ਸੋਚਦਾ ਸੋਚਦਾ ਸੌਂ ਗਿਆ।

ਪਰ ਸਫ਼ੈਦ ਪੋਸ਼ਾਂ ਦੀ ਹਵੇਲੀ ਜਾਗਦੀ ਰਹੀ।

ਸਵੇਰੇ ਪਿੰਡ ਵਿਚ ਰੌਲਾ ਪੈ ਗਿਆ। ਪੁਲਿਸ ਘੋੜਿਆਂ ਉਤੇ ਦਗੜ ਦਗੜ ਕਰਦੀ ਪਿੰਡ ਆ ਵੜੀ ਸੀ। ਅਖੇ : ਰਾਤੀਂ ਪੇੜੇ ਨੇ ਗੁਬਿੰਦੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਉਹ ਗੁਬਿੰਦੀ ਦੇ ਪਿਉ ਨੂੰ ਗਵਾਹੀ ਦੇਣ ਲਈ ਧਮਕਾ ਰਹੇ ਸਨ, ਮਨਾ ਰਹੇ ਸਨ।

ਪੇੜਾ ਮੌਕਾ ਬਚਾ ਕੇ ਕੰਧ ਉਤੋਂ ਦੀ ਛਾਲ ਮਾਰ ਕੇ ਭੱਜ ਨਿਕਲਿਆ। ਥਾਣੇਦਾਰ ਨੇ ਆਪ ਘੋੜੇ ਉਤੇ ਉਸ ਦਾ ਪਿੱਛਾ ਕੀਤਾ। ਪਿੰਡ ਦੇ ਲੋਕਾਂ ਨੇ ਉਡਦੀ ਧੂੜ ਵਿਚ ਉਨ੍ਹਾਂ ਨੂੰ ਗੁਆਚਦਿਆਂ ਵੇਖਿਆ। ਥਾਣੇਦਾਰ ਮੁੜ ਆਇਆ। ਹਫ਼ਦਾ ਹੌਂਕਦਾ ਤੇ ਗਾਲ੍ਹਾਂ ਕੱਢਦਾ।

ਪੇੜੇ ਨੇ ਉਸ ਨੂੰ ਡਾਹ ਨਹੀਂ ਦਿੱਤੀ। ਉਸ ਤੋਂ ਬਾਅਦ ਉਹਦੀ ਕੋਈ ਉੱਘ ਸੁੱਘ ਨਹੀਂ ਨਿਕਲੀ।

× × × ×

ਪਿੰਡ ਨੂੰ ਮੁੜਿਆ ਆਉਂਦਾ ਮੈਂ ਉਸ ਬਾਰੇ ਸੋਚ ਰਿਹਾ ਸਾਂ। ਦਿੱਲੀ ਸ਼ਹਿਰ ਦੀ ਉਸ ਦਿਉਕੱਦ ਕੰਧ ਦੇ ਬਾਹਰਵਾਰ ਬਣੇ ਮਘੋਰੇ ਵਿਚ ਪਤਾ ਨਹੀਂ ਉਹ ਕਿੰਨਿਆਂ ਸਾਲਾਂ ਤੋਂ ਟੰਗਿਆ ਬੈਠਾ ਹੋਵੇਗਾ। ਮਘੋਰਾ ਬਸ ਏਨਾ ਕੁ ਕਿ ਜਿਸ ਵਿਚ ਨਾ ਪੂਰੀ ਤਰ੍ਹਾਂ ਲੇਟਿਆ ਜਾ ਸਕਦਾ ਸੀ ਅਤੇ ਨਾ ਹੀ ਸਿੱਧਾ ਬੈਠਿਆ। ਉਸ ਵਿਚ ਉਹ ਲੇਟਵੇਂ ਰੁਖ ਆਪਣੀਆਂ ਲੱਤਾਂ ਸਮੇਟੀ ਬੈਠਾ ਸੀ।

ਸ਼ਹਿਰ ਦੇ ਰੌਲੇ ਰੱਪੇ ਤੋਂ ਅਟੰਕ ਤੇ ਅਭਿੱਜ। ਅਡੋਲ ਤੇ ਸ਼ਾਂਤ। ਪੱਧਰੀ ਬਰੇਤੀ ਉਤੇ ਵਹਿੰਦੇ ਦਰਿਆ ਦੇ ਪਾਣੀ ਵਾਂਗ। ਜੋ ਦੇਖਣ ਵਾਲੇ ਨੂੰ ਵਗਦਾ ਹੋਇਆ ਵੀ, ਖੜ੍ਹਾ ਲਗਦਾ ਹੁੰਦਾ ਹੈ।

ਪਿੰਡ ਆ ਕੇ ਉਚੇਚਾ ਮੈਂ ਉਹਨਾਂ ਦੇ ਘਰ ਗਿਆ।

''ਥੋੜਾ ਬੁੜ੍ਹਾ ਮਿਲਿਆ ਸੀ ਦਿੱਲੀ। ਇਕ ਕੰਧ ਵਿਚ ਘੁਰਨਾ ਜਿਹਾ ਬਣਾਈ ਬੈਠੈ, ਉਹਦੇ ਵਿਚ।'' ਜਦੋਂ ਸਾਰਾ ਟੱਬਰ ਇਕੱਠਾ ਹੋ ਗਿਆ ਤਾਂ ਮੈਂ ਗੱਲ ਤੋਰੀ।

ਮੇਰੀ ਗੱਲ ਸੁਣ ਕੇ ਬੁੱਢੀ ਮਾਂ ਬੋਲੀ, ''ਹਾਏ ਵੇ, ਮੈਂ ਮਰ ਜਾਂ। ਸੁੱਖੀ ਸਾਂਦੀਂ ਕੰਧ ਵਿਚ ਕਾਹਨੂੰ ਬੈਠਣਾ ਸੀ ਉਹਨੇ। ਜਿਮੀਂ ਥੋੜ੍ਹੀ ਪਈ ਐ ਬੈਠਣ ਨੂੰ। ਵੇ ਭਾਈ, ਕਰੋ ਵੇ ਕੋਈ ਹੀਲਾ ਉਹਦਾ। ਲਿਆਉ ਜਾ ਕੇ ਉਹਨੂੰ।'' ਉਹਦਾ ਬੁੱਢਾ ਸਿਰ ਹਿਲਦਾ ਰਿਹਾ। ਅੱਖਾਂ ਵਿਚੋਂ ਪਾਣੀ ਤਿੱਪ ਤਿੱਪ ਕਰਕੇ ਡਿਗਦਾ ਰਿਹਾ।

''ਹੇ ਖਾਂ! ਦੇਖੋ ਉਏ, ਕੀ ਖੇਖਣ ਕਰਨ ਡਹੀ ਐ। ਗੱਲ ਅਜੇ ਪੂਰੀ ਸੁਣੀ ਨੀ। ਲੱਗ ਪੀ ਬੁਕਣ। ਮੈਂ ਡੰਗਰ ਵੱਛਾ ਸਾਂਭਾਂ ਜਾਂ ਤੁਰਪਾਂ ਉਹਨੂੰ ਲੱਭਣ, ਦਿੱਲੀ ਦੱਖਣ ਨੂੰ।''

ਰਾਧੇ ਉਹਨੂੰ ਟੁੱਟ ਕੇ ਪਿਆ।

''ਦਿੱਲੀ ਕਿਤੇ ਨੇੜੇ ਈ ਆ, ਭਾਈ। ਧਰਤੀ ਦਾ ਦੂਜਾ ਸਿਰਾ। ਮੋਹ ਹੁੰਦਾ ਘਰ ਦਾ ਤਾਂ ਆਪੇ ਨਾ ਮੁੜ ਆਉਂਦਾ। ਟੱਬਰ ਵਿਹਲਾ ਫਿਰਦੈ ਕਿਤੇ। ਰੋਜ਼ ਡੀਪੂਆਂ 'ਤੇ ਧੱਕੇ ਖਾਂਦੇ ਆਂ, ਭੋਰਾ ਚੀਜ਼ ਨੀ ਮਿਲਦੀ।'' ਰਾਧੇ ਦੀ ਘਰ ਵਾਲੀ ਨੇ ਆਪਣਾ ਰੋਣਾ ਰੋਇਆ।

''ਮੈਂ ਬਥੇਰਾ ਕਿਹਾ ਚੱਲ ਮੇਰੇ ਨਾਲ......।'' ਮੈਂ ਆਪਣੇ ਵੱਲੋਂ ਸੱਚਾ ਹੋਇਆ।

''ਕੁਸ਼ ਤਾਂ ਬੋਲਿਆ ਹੋਊ।'' ਰਾਧੇ ਨੇ ਥੋੜ੍ਹੀ ਜਿਹੀ ਉਤਸੁਕਤਾ ਦਿਖਾਈ।

''ਘਰ ਦਾ ਹਾਲ ਚਾਲ ਪੁੱਛਦਾ ਤੀ। ਨਿਆਣਿਆਂ ਦੀ ਸੁਖ ਸਾਂਦ।'' ਇਹ ਗੱਲ ਮੈਂ ਆਪਣੇ ਕੋਲੋਂ ਬਣਾ ਕੇ ਆਖੀ। ਉਸਨੇ ਤਾਂ ਪੁੱਛਿਆ ਸੀ, ''ਗੁਬਿੰਦੀ ਦਾ ਕੀ ਹਾਲ ਐ ਹੁਣ।'' ਜਦੋਂ ਮੈਂ ਉਹ ਨੂੰ ਦੱਸਿਆ ਸੀ ਕਿ ਗੁਬਿੰਦੀ ਤਾਂ ਮਰਗੀ ਤਾਂ ਬੋਲਿਆ, ''ਫੇਰ ਮੇਰਾ ਪਿੰਡ ਕੀ ਧਰਿਆ ਪਿਐ ਜਾਣ ਨੂੰ।'' ਪਰ ਉਹਨਾਂ ਨੂੰ ਇਹ ਗੱਲ ਦੱਸਣੀ ਮੈਂ ਮੁਨਾਸਿਬ ਨਾ ਸਮਝੀ।

''ਫੇਰ ਕੀ ਸਲਾਹ ਬਣੀ?'' ਮੈਂ ਸਾਰਿਆਂ ਦੇ ਮੂੰਹਾਂ ਵੱਲ ਦੇਖਿਆ।

''ਦੇਖਾਂਗੇ।'' ਰਾਧੇ ਨੇ ਬੇਦਿਲੀ ਜਿਹੀ ਨਾਲ ਆਖਿਆ।

''ਆਪਣਾ ਬੰਦੈ ਆਖ਼ਰ.........।'' ਮੈਂ ਉਹਨਾਂ ਦਾ ਅੰਤਰ-ਮਨ ਟੁੰਬਣਾ ਚਾਹਿਆ। ਸੁਣਿਆਂ ਹੋਇਆ ਸੀ ਕਿ ਆਪਣੇ ਲਹੂ ਦਾ ਮੋਹ ਜਾਗ ਪਵੇ ਤਾਂ ਨਦੀਆਂ ਚੀਰ ਕੇ ਜਾ ਮਿਲਦੇ ਨੇ ਲੋਕ।

''ਹਾਲੇ ਤਾਂ ਮੁਸ਼ਕਲ ਐ......ਸਬੱਬ ਬਣਿਆ ਤਾਂ ਦੇਖਾਂਗੇ ਕਦੇ।'' ਰਾਧੇ ਨੇ ਜਾਣੋ ਆਪਣੀ ਵੱਲੋਂ ਗੱਲ ਦਾ ਭੋਗ ਪਾ ਦਿੱਤਾ ਸੀ।

ਕਈ ਮਹੀਨੇ ਬੀਤ ਗਏ।

× × × ×

ਦਿੱਲੀ ਤੋਂ ਮੇਰੇ ਮਿੱਤਰ ਦੀ ਚਿੱਠੀ ਆਈ। ਉਸਨੇ ਲਿਖਿਆ ਸੀ ਕਿ ਕੰਧ ਵਿਚ ਬੈਠਾ ਮਨੁੱਖ ਠੰਡ ਨਾਲ ਮਰ ਗਿਆ ਹੈ। ਉਸ ਨੇ ਇਹ ਵੀ ਲਿਖਿਆ ਕਿ ਉਹ ਉਸ ਕੰਧ ਵਿਚ ਬਣੇ

ਮਘੋਰੇ ਵਾਂਗ ਆਪਣੇ ਅੰਦਰ ਇਕ ਖੱਪਾ ਪੈ ਗਿਆ ਮਹਿਸੂਸ ਕਰਦਾ ਹੈ । ਖਾਲੀਪਣ । ਪਤਾਂ ਨਹੀਂ ਇਹ ਕਦੋਂ ਕੁ ਤਕ ਪੂਰਿਆ ਜਾਊਗਾ । ਲਗਦਾ ਹੈ ਕਿ ਗੱਲ ਅਜੇ ਤਕ ਉਸਦੀ ਪਕੜ ਵਿਚ ਨਹੀਂ ਆਈ । ਮੇਰਾ ਜੀਅ ਕੀਤਾ ਕਿ ਉਸ ਨੂੰ ਲਿਖਾਂ, "ਕਾਫ਼ੀ ਹਾਊਸ ਵਿਚ ਬੈਠ ਕੇ ਦਿਮਾਗ਼ੀ ਅਯਾਸ਼ੀ ਕਰਨੀ ਬੰਦ ਕਰ ਦੇਹ । ਨਿਰੀ ਕਲਪਣਾ ਦੇ ਘੋੜੇ ਦੌੜ ਵਿਚ ਜਿਤਦੇ ਨਹੀਂ ਹੁੰਦੇ । ਅਮਲ ਦੀ ਸਾਣ ਤੇ ਚੜ੍ਹੇ ਬਿਨਾਂ ਕਲਪਣਾ ਖੁੰਢੀ ਹੋ ਜਾਂਦੀ ਹੈ ।"

ਦੂਜੇ ਦਿਨ ਰਾਧੇ ਮੈਨੂੰ ਮਿਲਣ ਆਇਆ ।

"ਉਸ ਦੀਆਂ ਅਸਥੀਆਂ ਦਿੱਲੀਉਂ ਕਿਥੋਂ ਮਿਲਣਗੀਆਂ ? ਉਸ ਨੇ ਪੁੱਛਿਆ । ਫੇਰ ਆਪਣੀ ਸਕੀਮ ਦੱਸੀ । ਉਹ ਬੜਾ ਭਾਰੀ ਹੰਗਾਮਾਂ ਕਰਨਗੇ । ਪਿੰਡ ਵਿਚ ਅਸਥੀਆਂ ਦਾ ਬਬਾਨ ਕੱਢਣਗੇ । ਫੇਰ ਗੰਗਾ ਜੀ ਜਾ ਕੇ ਜਲ-ਪ੍ਰਵਾਹ ਕਰ ਦੇਣਗੇ । ਨਹੀਂ ਤਾਂ ਮ੍ਰਿਤਕ ਦੀ ਰੂਹ ਭਟਕਦੀ ਰਹੂਗੀ । ਉਸ ਦੀ ਗਤੀ ਨਹੀਂ ਹੋਣੀ ।

✱

## **ਜੇ ਸ਼ਾਰਕਾਂ ਮਨੁੱਖ ਬਣ ਜਾਣ**/ਬਰਤੋਲ ਬਰੈਖਤ

"ਜੇ ਸ਼ਾਰਕਾਂ ਮਨੁੱਖ ਬਣ ਜਾਣ ਤਾਂ ਕੀ ਉਹ ਛੋਟੀਆਂ ਮੱਛੀਆਂ ਨਾਲ ਚੰਗਾ ਵਿਹਾਰ ਕਰਨਗੀਆਂ ?" ਸ੍ਰੀ ਯੁਤ ਕੇ. ਦੀ ਮਕਾਨ ਮਾਲਕਣ ਦੀ ਛੋਟੀ ਪੁੱਤਰੀ ਨੇ ਉਸ ਤੋਂ ਪੁਛਿਆ । "ਅਵੱਸ਼", ਉਸਨੇ ਉਤਰ ਦਿੱਤਾ, ਜੇ ਸ਼ਾਰਕਾਂ ਮਨੁੱਖ ਬਣ ਜਾਣ ਤਾਂ ਉਹ ਛੋਟੀਆਂ ਮੱਛੀਆਂ ਲਈ ਸਮੁੰਦਰ ਵਿਚ ਮਜ਼ਬੂਤ ਬਕਸੇ ਬਣਵਾ ਦੇਣਗੀਆਂ । ਉਹਨਾਂ ਬਕਸਿਆਂ ਵਿਚ ਉਹ ਸਭ ਪ੍ਰਕਾਰ ਦੇ ਭੋਜਨ ਅਥਵਾ ਪੌਦੇ ਤੇ ਛੋਟੇ ਜਾਨਵਰ ਰੱਖ ਦੇਣਗੀਆਂ । ਉਹ ਇਸ ਗੱਲ ਦਾ ਬਾਕਾਇਦਾ ਧਿਆਨ ਰੱਖਣਗੀਆਂ ਕਿ ਬਕਸਿਆਂ ਨੂੰ ਤਾਜ਼ਾ ਪਾਣੀ ਮਿਲਦਾ ਰਹੇ ਅਤੇ ਮੱਛੀਆਂ ਦੀ ਸਿਹਤ ਤੇ ਸਫਾਈ ਦੇ ਪ੍ਰਬੰਧ ਬਣੇ ਰਹਿਣ । ਉਦਾਹਰਣ ਵਜੋਂ ਜੇ ਕੋਈ ਛੋਟੀ ਮੱਛੀ ਆਪਣਾ ਖੰਭ ਜ਼ਖਮੀ ਕਰਵਾ ਬੈਠੇ ਤਾਂ ਉਸਦੀ ਤੁਰੰਤ ਮਲ੍ਹਮ ਪੱਟੀ ਕੀਤੀ ਜਾਵੇਗੀ ਤਾਕਿ ਉਹ ਸਮੇਂ ਤੋਂ ਪਹਿਲਾਂ ਮਰਕੇ ਸ਼ਾਰਕਾਂ ਲਈ ਔਖਿਆਈ ਦਾ ਕਾਰਣ ਨਾ ਬਣੇ । ਛੋਟੀਆਂ ਮੱਛੀਆਂ ਕਦੇ ਉਦਾਸ ਨਾ ਹੋਣ ਇਸ ਲਈ ਸਮੇਂ ਸਮੇਂ ਵਿਸ਼ਾਲ ਜਲਸੇ ਤੇ ਭੋਜ ਹੋਣਗੇ ਕਿਉਂਕਿ ਪ੍ਰਸੰਨ ਮੱਛੀਆਂ ਉਦਾਸ ਮੱਛੀਆਂ ਦੇ ਟਾਕਰੇ ਵਧੇਰੇ ਜ਼ਿਆਦਾ ਸੁਆਦੀ ਹੁੰਦੀਆਂ ਹਨ ।

ਉਹਨਾਂ ਵਿਸ਼ਾਲ ਬਕਸਿਆਂ ਵਿਚ ਸਕੂਲ ਵੀ ਜ਼ਰੂਰ ਹੋਣਗੇ । ਉਥੇ ਛੋਟੀਆਂ ਮੱਛੀਆਂ ਤੈਰਦੀਆਂ ਹੋਈਆਂ ਸ਼ਾਰਕ ਦੇ ਮੂੰਹ ਵਿਚ ਪ੍ਰਵੇਸ਼ ਕਰਨ ਦੀ ਸਿਖਿਆ ਲੈਣਗੀਆਂ । ਉਦਾਹਰਣ ਲਈ ਉਹਨਾਂ ਨੂੰ ਸਿਖਿਆ ਵਿਚ ਭੂਗੋਲ ਦੀ ਲੋੜ ਵੀ ਪਏਗੀ ਤਾਕਿ ਉਹ ਨੇੜੇ ਤੇੜੇ ਆਰਾਮ ਕਰਦੀਆਂ ਸ਼ਾਰਕਾਂ ਨੂੰ ਜਦ ਲੋੜ ਹੋਵੇ ਖੋਜ ਸਕਣ । ਕੁਦਰਤੀ ਤੌਰ ਤੇ ਸਿਖਿਆ ਦਾ ਮੁੱਖ ਵਿਸ਼ਾ ਛੋਟੀਆਂ ਮੱਛੀਆਂ ਨੂੰ ਨੈਤਿਕ ਪਾਠ ਹੋਵੇਗਾ । ਉਹਨਾਂ ਨੂੰ ਸਿਖਾਇਆ ਜਾਵੇਗਾ ਕਿ ਸਭ ਤੋਂ

ਸ਼ਾਨਦਾਰ ਤੇ ਸਭ ਤੋਂ ਚੰਗੀ ਗੱਲ ਇਹ ਹੈ ਕਿ ਛੋਟੀ ਮੱਛੀ ਖੁਸ਼ੀ ਖੁਸ਼ੀ ਆਪਣੇ ਆਪ ਨੂੰ ਅਰਪਿਤ ਕਰ ਦੇਵੇ, ਅਤੇ ਇਹ ਕਿ ਉਹਨਾਂ ਨੂੰ ਹਮੇਸ਼ਾ ਸ਼ਾਰਕਾਂ ਉਤੇ ਵਿਸ਼ਵਾਸ਼ ਕਰਨਾ ਚਾਹੀਦਾ ਹੈ— ਸਭ ਤੋਂ ਵੱਧ ਉਸ ਵਕਤ ਜਦੋਂ ਸ਼ਾਰਕਾਂ ਇਹ ਕਹਿਣ ਕਿ ਉਹ ਉਹਨਾਂ ਲਈ ਸੁਨਹਿਰੀ ਭਵਿਖ ਦਾ ਨਿਰਮਾਣ ਕਰਨਗੀਆਂ। ਛੋਟੀਆਂ ਮੱਛੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਇਹ ਸੁਨਹਿਰੀ ਭਵਿਖ ਤਦੇ ਯਕੀਨੀ ਹੋਵੇਗਾ ਜੇ ਉਹ ਅਨੁਸ਼ਾਸਨ ਤੇ ਆਗਿਆਕਾਰੀ ਸਿਖਣ। ਉਹਨਾਂ ਨੂੰ ਸਭ ਲਾਲਚੀ, ਪਦਾਰਥਕ ਤੇ ਮਾਰਕਸਵਾਦੀ ਪ੍ਰਵਿਰਤੀਆਂ ਤੋਂ ਬਚਣਾ ਹੋਵੇਗਾ। ਅਤੇ ਉਹਨਾਂ ਵਿਚੋਂ ਕੋਈ ਵੀ ਇਹਨਾਂ ਪ੍ਰਵਿਰਤੀਆਂ ਵਲ ਜਾਣ ਦਾ ਸੰਕੇਤ ਦਿੰਦੀ ਹੋਵੇ ਤਾਂ ਤੁਰੰਤ ਉਸ ਬਾਰੇ ਸ਼ਾਰਕਾਂ ਨੂੰ ਸੂਚਿਤ ਕਰਨਾ ਹੋਵੇਗਾ...।

''ਜੇ ਸ਼ਾਰਕਾਂ ਮਨੁੱਖ ਹੋ ਜਾਣ ਤਾਂ ਸਮੁੰਦਰ ਤਲ ਵਿਚ ਕਲਾ ਵੀ ਜ਼ਰੂਰ ਮੌਜੂਦ ਹੋਵੇਗੀ। ਚਮਕਦੇ ਰੰਗਾਂ ਵਿਚ ਸ਼ਾਰਕਾਂ ਦੇ ਦੰਦਾਂ ਦੇ ਖੂਬਸੂਰਤ ਚਿੱਤਰ ਹੋਣਗੇ, ਉਹਨਾਂ ਦੇ ਮੂੰਹ ਤੇ ਸੰਘ ਦੇ ਚਿੱਤਰ ਖੇਡ ਮੈਦਾਨਾਂ ਵਰਗੇ ਹੋਣਗੇ ਜਿਥੇ ਲੁੜ੍ਹਕਿਆ ਜਾ ਸਕੇ, ਖੇਡਿਆ ਜਾ ਸਕੇ। ਸਮੁੰਦਰ ਤਲ ਤੇ ਥੀਏਟਰਾਂ ਵਿਚ ਨਾਟਕ ਵਿਖਾਏ ਜਾਣਗੇ ਜਿੰਨ੍ਹਾਂ ਵਿਚ ਬਹਾਦਰ ਛੋਟੀਆਂ ਮੱਛੀਆਂ ਨੂੰ ਤੈਰਦਿਆਂ ਹੋਇਆਂ ਉਤਸ਼ਾਹ ਨਾਲ ਸ਼ਾਰਕਾਂ ਦੇ ਗਲਾਂ ਵਿਚ ਉਤਰਦਿਆਂ ਵਿਖਾਇਆ ਜਾਵੇਗਾ। ਤੇ ਫਿਰ ਸੰਗੀਤ ਏਨਾ ਮਧੁਰ ਹੋਵੇਗਾ ਕਿ ਉਸਦੀ ਧੁਨ ਛੋਟੀਆਂ ਮੱਛੀਆਂ ਨੂੰ ਗਿਰਜਾ ਘਰਾਂ ਦੇ ਸੁਪਨੇ ਵਿਚ ਲੈ ਜਾਵੇਗੀ ਅਤੇ ਉਹ ਅਤਿਅੰਤ ਖੇੜੇ ਵਾਲੇ ਵਿਚਾਰਾਂ ਨਾਲ ਭਰਪੂਰ ਸ਼ਾਰਕਾਂ ਦੇ ਪੇਟ ਵਿਚ ਉਤਰ ਜਾਣਗੀਆਂ।

ਧਰਮ ਵੀ ਜ਼ਰੂਰ ਹੋਵੇਗਾ...। ਉਹ ਉਹਨਾਂ ਨੂੰ ਸਿਖਾਏਗਾ ਕਿ ਸੱਚਾ ਜੀਵਨ ਸ਼ਾਰਕਾਂ ਦੇ ਪੇਟ ਤੋਂ ਹੀ ਆਰੰਭ ਹੁੰਦਾ ਹੈ। ਅਤੇ ਜੇ ਸ਼ਾਰਕਾਂ ਮਨੁੱਖ ਹੋ ਜਾਣ ਤਾਂ ਛੋਟੀਆਂ ਮੱਛੀਆਂ ਅੱਜ ਵਾਂਗ ਇਕੋ ਜਿਹੀਆਂ ਨਹੀਂ ਰਹਿਣਗੀਆਂ। ਉਹਨਾਂ ਵਿਚੋਂ ਕੁਝ ਨੂੰ ਪਦਵੀਆਂ ਦੇ ਕੇ ਦੂਜੀਆਂ ਤੋਂ ਉੱਪਰ ਕਰ ਦਿੱਤਾ ਜਾਵੇਗਾ। ਕੁਝ ਵੱਡੀਆਂ ਮੱਛੀਆਂ ਨੂੰ ਤਾਂ ਛੋਟੀਆਂ ਮੱਛੀਆਂ ਖਾਣ ਦੀ ਵੀ ਆਗਿਆ ਦੇ ਦਿੱਤੀ ਜਾਵੇਗੀ। ਇਹ ਸ਼ਾਰਕਾਂ ਲਈ ਆਨੰਦ ਦਾਇਕ ਹੋਵੇਗਾ ਕਿਉਂਕਿ ਫਿਰ ਉਹਨਾਂ ਨੂੰ ਨਿਗਲਣ ਲਈ ਵੱਡੇ ਗ੍ਰਾਸ ਮਿਲਣਗੇ। ਅਤੇ ਛੋਟੀਆਂ ਮੱਛੀਆਂ ਵਿਚੋਂ ਵੀ ਸਭ ਤੋਂ ਮਹੱਤਵਪੂਰਨ, ਜਿੰਨ੍ਹਾਂ ਪਾਸ ਪਦਵੀਆਂ ਹੋਣਗੀਆਂ, ਛੋਟੀਆਂ ਮੱਛੀਆਂ ਨੂੰ ਕੰਟਰੋਲ ਵਿਚ ਰੱਖਣਗੀਆਂ। ਉਹ ਸਿਖਿਅਕ, ਅਧਿਕਾਰੀ, ਬਕਸੇ ਬਣਾਉਣ ਵਾਲੇ ਇੰਜੀਨੀਅਰ ਆਦਿ ਬਣਨਗੀਆਂ।

ਸੰਖੇਪ ਵਿਚ ਸਮੁੰਦਰ ਵਿਚ ਸੰਸਕ੍ਰਿਤੀ ਤਦੇ ਹੋਵੇਗੀ ਜੇ ਸ਼ਾਰਕਾਂ ਮਨੁੱਖ ਦੇ ਰੂਪ ਵਿਚ ਹੋਣ।''

## ਦੇਵਕੀ/ਪ੍ਰੇਮ ਗੋਰਖੀ

ਮੈਂ ਦੇਵਕੀ ਦੇ ਮੰਜੇ ਉਪਰੋਂ ਉਠਣ ਲੱਗਾ ਤਾਂ ਉਹਨੇ ਘੁੱਟ ਕੇ ਮੈਨੂੰ ਆਪਣੇ ਨਾਲ ਲਾ ਲਿਆ। ਉਹਦੇ ਗਰਮ ਸਾਹ ਮੇਰਾ ਪਿੰਡਾ ਨਿੱਘਾ ਕਰ ਗਏ । ਮੇਰਾ ਦਿਲ ਕੀਤਾ ਮੈਂ ਸਵੇਰ ਹੋਣ ਤੀਕ ਦੇਵਕੀ ਦੇ ਮੰਜੇ ਉਪਰ ਪਿਆ ਰਹਾਂ । ਪਰ ਨਹੀਂ...ਮੈਂ ਹੌਲੀ ਜਿਹੇ ਉਠਦਿਆਂ ਸਰਹਾਣੇ ਪਈ ਸੋਨੇ ਦੇ ਗਹਿਣਿਆਂ ਤੇ ਰੁਪਈਆਂ ਦੀ ਬੱਧੀ ਪੋਟਲੀ ਚੁੱਕੀ ਤੇ ਬੇਤਹਾਸ਼ੇ ਧੜਕਦੇ ਦਿਲ ਨੂੰ ਲਈ ਹੇਠ ਉਤ-ਰਦੀਆਂ ਪੌੜੀਆਂ ਵਿਚ ਆ ਖੜਿਆ... । ਪੌੜੀਆਂ ਵਿਚ ਅੰਨ੍ਹਾ ਹਨੇਰ ਦਿਸ ਰਿਹਾ ਸੀ । ਮੈਂ ਇਕ ਬਿੰਦ ਸੋਚਣ ਲਗਾ ਕਿ ਹੁਣੇ ਮੈਂ ਪੌੜੀਆਂ ਉਤਰ ਕੇ ਕੰਧ ਟੱਪਾਂਗਾ ਤੇ ਫਿਰ ਇਸ ਘਰ ਤੋਂ ਕੋਹਾਂ ਦੂਰ ਨਿਕਲ ਜਾਵਾਂਗਾ ...

......ਚਾਚੀ ਘਰੋਂ ਘੂਰ ਝਪਟ ਦੇ ਡਰੋਂ ਦੌੜਿਆ ਮੈਂ ਟਰੱਕ ਡਰਾਈਵਰਾਂ ਥੀਂ ਹੁੰਦਾ ਆਪਣਾ ਆਪ ਝਰੀਟਿਆ ਹੋਇਆ ਲੈ ਛੋਟੇ ਜਿਹੇ ਢਾਬੇ ਵਿਚ ਰੋਟੀ ਖਾਣ ਲੱਗਿਆਂ ਆਪਣੇ ਹਾਣ ਦੇ ਮੁੰਡੇ ਨਾਲ ਬੋਲ ਚਾਲ ਸਾਂਝੀ ਕਰ ਬੈਠਾ ਸਾਂ ਤੇ ਮੈਂ ਤਰਲਾ ਲਿਆ ਸੀ. "ਕਿਤੇ ਮੈਨੂੰ ਵੀ ਕੰਮ ਤੇ ਲੁਆ ਦੇ..." ਤੇ ਮੇਰੇ ਤਰਸੇਵੇਂ ਭਰੇ ਮੂੰਹ ਵਲ ਦੇਖਦਿਆਂ ਉਸ ਮੁੰਡੇ ਨੇ ਮੈਨੂੰ ਕਈ ਕੁਝ ਪੁਛਿਆ ਸੀ ਤੇ ਰਾਤ ਆਪਣੇ ਘਰ ਲੈ ਗਿਆ । ਨਿੱਕਾ ਜਿਹਾ ਘਰ...ਜੋ ਲੋਹੇ ਦੇ ਟੀਨਾਂ ਨੂੰ ਜੋੜ ਜੋੜ ਸਿਰ ਢੱਕਣ ਜੋਗਾ ਕਰ ਰੱਖਿਆ ਸੀ, ਵਿਚ ਉਹ ਨਿੱਕਾ ਜਿਹਾ ਮੁੰਡਾ ਸੀ, ਇਕ ਵੱਡੀ ਭੈਣ ਤੇ ਬੁੱਢੇ ਮਾਂ ਬਾਪ । ਬਾਪ ਸਾਰਾ ਦਿਨ ਬੈਠਾ ਬੀੜੀ ਤੇ ਬੀੜੀ ਫੂਕੀ ਜਾਂਦਾ ਤੇ ਖੰਘ ਛਡਦਾ । ਮਾਂ ਘਰ ਦਾ ਕੰਮ ਕਾਰ ਕਰਕੇ ਸ਼ਹਿਰ ਵਿਚ ਕਿਸੇ ਘਰ ਦਾ ਕੰਮ ਕਰਨ ਚਲੇ ਜਾਂਦੀ ਸੀ ਤੇ ਭੈਣ ਸਵੇਰੇ ਘਰੋਂ ਰਿਕਸ਼ੇ ਵਿਚ ਜਾਂਦੀ ਸੀ ਤੇ ਡੂੰਘੀ ਰਾਤ ਗਏ ਘਰ ਮੁੜਦੀ ਸੀ...। ਮੈਨੂੰ ਇਸ ਘਰ ਵਿਚ ਚਾਰ ਦਿਨਾਂ ਤੀਕ ਕੁਝ ਸਮਝ ਨਹੀਂ ਸੀ ਲੱਗ ਸਕੀ ਇਹ ਸਭ ਕੁਝ ਕੀ ਹੋ ਰਿਹਾ ਹੈ। ਚੌਥੇ ਦਿਨ ਮੁੰਡੇ ਦੀ ਮਾਂ ਮੈਨੂੰ ਨਾਲ ਲਈ ਕੁਹ ਭਰ ਪੈਂਡਾ ਮਾਰ ਕੇ ਇਕ ਘਰ ਵਿਚ ਜਾ ਪੁਜੀ ।... ਛੋਟਾ ਜਿਹਾ ਵਿਹੜਾ ਸੀ ਤੇ ਕੰਧ ਨਾਲ ਡਠੇ ਤਖਤ ਪੋਸ਼ ਉਪਰ ਆਦਮੀ ਬੈਠਾ ਬੀੜੀ ਪੀ ਰਿਹਾ ਸੀ। ਮੋਟੀਆਂ ਗੋਲ ਲਾਲ ਲਹੂ ਅੱਖਾਂ ਤੇ ਲੰਮੀਆਂ ਲੰਮੀਆਂ ਕਾਲੀਆਂ ਸ਼ਾਹ ਮੁੱਛਾਂ ਵਲ ਦੇਖ ਕੇ ਇਕ ਪਲ ਮੈਂ ਡਰ ਕੇ ਤ੍ਰੀਮਤ ਦੇ ਮਗਰ ਹੋ ਗਿਆ—ਤਦੇ ਇਕ ਹੋਰ ਤ੍ਰੀਮਤ ਚਿੱਟੀ ਧੋਤੀ ਪਹਿਨੀ ਸਾਡੇ ਵਲ ਘੂਰ ਘੂਰ ਦੇਖਦੀ ਸਾਹਮਣੇ ਲਟਕਦੇ ਪਰਦੇ ਪਿਛਿਉਂ ਨਿਕਲ ਤਖਤ ਪੋਸ਼ ਉੱਪਰ ਬੈਠੇ ਡਰਾਉਣੇ ਆਦਮੀ ਕੋਲ ਆ ਬੈਠੀ। ਤੇ ਫਿਰ ਗੱਲ ਤੁਰੀ ਤੇ ਗਲ ਮੁੱਕਣ ਪਿਛੋਂ ਤ੍ਰੀਮਤ ਮੈਨੂੰ ਛੱਡ ਕੇ ਚਲੀ ਗਈ । ਮੈਨੂੰ ਕੰਮ ਮਿਲ ਗਿਆ ਸੀ । ਉਸ ਡਰਾਉਣੇ ਆਦਮੀ ਨੇ ਮੈਨੂੰ ਕੋਲ ਸੱਦਿਆ ਤੇ ਮੇਰੇ ਘਰ ਘਾਟ ਬਾਰੇ ਪੁੱਛਣ ਲੱਗਾ । ਬੜੇ ਮੋਹ ਨਾਲ ਗੱਲਾਂ ਕਰਦਿਆਂ ਦੇਖ ਮੇਰਾ ਡਰ ਘਟਦਾ ਗਿਆ । ਕਈ ਕੁਝ ਉਸ ਮੈਨੂੰ ਦੱਸਿਆ ਤੇ ਕਈ ਕੁਝ ਪੁਛਿਆ ।

ਛੋਟੇ ਜਿਹੇ ਪਰਿਵਾਰ ਦਾ ਵੱਡਾ ਸਾਰਾ ਘਰ ਸੀ। ਮੋਟੀਆਂ ਗੋਲ ਅੱਖਾਂ ਵਾਲੇ ਡਰਾਉਣੇ ਆਦਮੀ ਨੂੰ ਘਰ ਵਿਚ ਮੀਆਂ ਜੀ ਕਹਿਕੇ ਬੁਲਾਇਆ ਜਾਂਦਾ ਸੀ ਤੇ ਹਮੇਸ਼ਾ ਚਿੱਟੀ ਧੋਤੀ ਪਹਿਨ ਕੇ ਰਖਣ

ਵਾਲੀ ਸੁਨੱਖੀ ਤ੍ਰੀਮਤ ਦਾ ਨਾਂ ਰਾਮ ਦੇਵੀ ਸੀ ਜੋ ਹਰ ਵੇਲੇ ਮੂੰਹ ਵਿਚ ਸੁਪਾਰੀ ਵਾਲਾ ਪਾਨ ਪਾਈ ਬੁੱਢੇ ਬੌਲਦ ਦੇ ਜੁਗਾਲੀ ਕਰਨ ਵਾਂਗ ਮੂੰਹ ਮਾਰਦੀ ਰਹਿੰਦੀ। ਰਾਮ ਦੇਵੀ ਤੇ ਮੀਆਂ ਜੀ ਦਿਹਾੜੀ ਦੇ ਸੱਤ ਅੱਠ ਪਾਨ ਜ਼ਰੂਰ ਖਾਂਦੇ ਸਨ—ਕਦੇ ਕਦੇ ਮੀਆਂ ਜੀ ਪੱਤੀ ਵਾਲਾ ਪਾਨ ਖਾਣਾ ਵੀ ਪਸੰਦ ਕਰਦੇ ਜਦੋਂ ਕਦੇ ਉਹਨਾਂ ਦੇਵਕੀ ਨੂੰ ਨਾਲ ਲਈ ਕਿਸੇ ਗਾਹਕ ਦੇ ਘਰ ਜਾਣਾ ਹੁੰਦਾ। ਦੇਵਕੀ ਕੱਕੀਆਂ ਅੱਖਾਂ ਵਾਲੀ ਚੰਚਲ ਜਹੀ ਸ਼ੈਤਾਨ ਕੁੜੀ ਇਸ ਘਰ ਦੇ ਚੁਬਾਰੇ ਵਿਚ ਰਹਿੰਦੀ ਸੀ। ਇਕ ਲੜਕੀ ਹੋਰ ਸੀ ਜਿਸ ਨੂੰ ਮੀਆਂ ਜੀ ਕਾਕੀ ਕਹਿ ਕੇ ਬੁਲਾਉਂਦੇ ਤੇ ਰਾਮ ਦੇਵੀ ਉਸ ਨੂੰ ਰਾਕੀ ਕਹਿੰਦੀ। ਹੋ ਸਕਦਾ ਹੈ ਮੇਰੇ ਸੁਣਨ ਵਿਚ ਹੀ ਕੋਈ ਫਰਕ ਹੋਵੇ...ਤੇ ਰਾਮ ਦੇਵੀ ਵੀ ਉਸ ਨੂੰ ਕਾਕੀ ਹੀ ਕਹਿੰਦੀ ਹੋਵੇ ਪਰ ਨਹੀਂ...ਢਾਈ ਵਰ੍ਹਿਆਂ 'ਚ ਤਾਂ ਮੈਂ ਇਸ ਫਰਕ ਨੂੰ ਚੰਗੀ ਤਰ੍ਹਾਂ ਸਮਝ ਗਿਆ ਸਾਂ।

ਮੈਂ ਸਵੇਰੇ ਉੱਠਦਾ ਤੇ ਕਮੇਟੀ ਦੇ ਨਲਕੇ ਤੋਂ ਪਾਣੀ ਦੀਆਂ ਬਾਲਟੀਆਂ ਭਰ ਭਰ ਲਿਆਉਂਦਾ ਰਹਿੰਦਾ। ਮੇਰਾ ਸਵੇਰੇ ਉੱਠ ਕੇ ਪਹਿਲਾ ਕੰਮ ਇਹੋ ਹੁੰਦਾ, ਵਿਹੜੇ 'ਚ ਪਿਆ ਟੱਬ ਪਾਣੀ ਨਾਲ ਭਰ ਦਿਤਾ ਜਾਵੇ। ਇਹੋ ਪਾਣੀ ਪੀਣ ਲਈ ਵਰਤਿਆਂ ਜਾਂਦਾ ਤੇ ਇਹੋ ਨਹਾਉਣ ਤੇ ਹੋਰ ਕੰਮਾਂ ਲਈ। ਇਸ ਮਗਰੋਂ ਮੈਂ ਤੇਲ ਨਾਲ ਚੋਪੜਿਆ ਥੈਲਾ ਫੜੀ ਗੰਧਰਭ ਰੋਡ ਦੇ ਵੱਡੇ ਚੌਕ ਵਲ ਤੁਰ ਪੈਂਦਾ ਜਿਥੋਂ ਸਬਜ਼ੀ ਖਰੀਦ ਕੇ ਲਿਆਉਣੀ ਹੁੰਦੀ। ਉਥੋਂ ਪਰਤ ਕੇ ਫਿਰ ਛੋਟੇ ਜਿਹੇ ਬਾਜ਼ਾਰ ਨੂੰ ਜਾਣਾ ਜਿਥੋਂ ਪਾਨ ਦੇ ਪੱਤੇ, ਸੁਪਾਰੀ, ਚੂਨਾ, ਕੱਥਾ, ਮਿਰਚ ਮਸਾਲਾ, ਸਾਬਣ ਤੇਲ ਤੇ ਹੋਰ ਨਿੱਕ ਸੁੱਕ ਖਰੀਦ ਲਿਆਉਣਾ। ਤੇ ਘਰ ਵਿਚ ਕਈ ਹੋਰ ਨਿੱਕੇ ਮੋਟੇ ਕੰਮ ਕਰਨੇ ਪੈਂਦੇ।

ਕੰਮ ਕਰਦਿਆਂ ਕਦੇ ਕਦੇ ਮੈਨੂੰ ਚੁਬਾਰੇ ਤੋਂ ਦੇਵਕੀ ਆਵਾਜ਼ ਦਿੰਦੀ—ਮੈਂ ਜਾਣ ਲਈ ਵਿਹਲਾ ਹੁੰਦਾ ਪਰ ਜਦ ਤੀਕ ਰਾਮ ਦੇਵੀ ਉਪਰੋਂ ਜਾ ਕੇ ਵਾਪਸ ਆ ਰਹੀ ਹੁੰਦੀ ਤੇ ਮੈਂ ਉਸ ਕੋਲੋਂ ਪੈਸੇ ਲੈ ਚੌਕ 'ਚ ਪਾਨ ਵਾਲੀ ਦੁਕਾਨ ਤੋਂ ਸਿਗਰਟਾਂ ਦਾ ਪੈਕਟ ਲੈਣ ਚਲੇ ਜਾਂਦਾ। ਮੇਰਾ ਦਿਲ ਹਮੇਸ਼ਾਂ ਇਹੀ ਚਾਹੁੰਦਾ ਮੈਂ ਕਿਸੇ ਤਰ੍ਹਾਂ ਚੁਬਾਰੇ ਉੱਪਰ ਚਲੇ ਜਾਵਾਂ ਤੇ ਕੱਕੀਆਂ ਅੱਖਾਂ ਵਾਲੀ ਦੇਵਕੀ ਨੂੰ ਨੇੜਿਉਂ ਹੋ ਦੇਖ ਸਕਾਂ—ਪਰ ਮੇਰੀ ਇਹ ਇੱਛਾ ਰਾਮ ਦੇਵੀ ਜਾਂ ਮੀਆਂ ਇਕੋ ਵਾਕ ਨਾਲ ਅੱਧ ਚੋਂ ਟੁਕ ਕੇ ਰੱਖ ਦਿੰਦੇ।

ਹੌਲੀ ਹੌਲੀ ਦਿਨ ਬੀਤ ਰਹੇ ਸਨ। ਮੈਨੂੰ ਮੀਆਂ ਦੇ ਘਰ ਆਇਆਂ ਅੱਧਾ ਵਰ੍ਹਾ ਬੀਤ ਚੁੱਕਾ ਸੀ। ਮੇਰਾ ਦਿਲ ਘਰ ਦੇ ਜੀਆਂ ਨਾਲ ਰਚ ਮਿਚ ਗਿਆ ਸੀ।...ਕਦੇ ਕਦੇ ਮੈਂ ਉਦਾਸ ਹੋ ਜਾਂਦਾ ਤੇ ਮੈਨੂੰ ਮਰ ਚੁੱਕੀ ਮਾਂ ਦੀ ਬੜੀ ਯਾਦ ਆਉਂਦੀ। ਉਸ ਘੜੀ ਮੈਂ ਹਥਲਾ ਕੰਮ ਕਰਦਾ ਕਰਦਾ ਰੋਣ ਲਗ ਪੈਂਦਾ,...ਮੇਰੀਆਂ ਅੱਖਾਂ ਅੱਗੇ ਧੁੰਦ ਪਸਰ ਜਾਂਦੀ ਤੇ ਹੱਥ ਰੁਕ ਜਾਂਦੇ ਤੇ ਫਿਰ ਮੈਨੂੰ ਚਾਚੀ ਦੀਆਂ ਗਾਲ੍ਹਾਂ ਜਿਵੇਂ ਅੰਦਰੋਂ ਚੀਰਨ ਲਗਦੀਆਂ। ਇਸ ਘੜੀ ਮੇਰਾ ਦਿਲ ਚਾਹੁੰਦਾ ਕਿ ਮੈਂ ਚੁਬਾਰੇ ਉੱਪਰ ਜਾਵਾਂ ਤੇ ਚੁਬਾਰੇ ਉੱਪਰਲੀਆਂ ਦੋਨਾਂ ਕੁੜੀਆਂ ਨਾਲ ਚਾਰ ਗੱਲਾਂ ਸਾਂਝੀਆਂ ਕਰਾਂ। ਦੇਵਕੀ ਤੇ ਕਾਕੀ ਦਿਨ ਵਿਚ ਦੋ ਤਿੰਨ ਵਾਰੀ ਹੀ ਚੁਬਾਰੇ ਤੋਂ ਹੇਠ ਆਉਂਦੀਆਂ...ਗੁਸਲਖਾਨੇ ਜਾਣ ਲਈ, ਰੋਟੀ ਖਾਣ ਵੇਲੇ ਜਾਂ ਕਿਸੇ ਹੋਰ ਜ਼ਰੂਰੀ ਕੰਮ। ਮੈਂ ਇਧਰ ਉਧਰ ਫਿਰਦਾ ਚੀਜ਼ਾਂ ਚੁੱਕਦਾ, ਰਖਦਾ ਰਹਿੰਦਾ। ਮੈਨੂੰ ਇਧਰ ਉਧਰ ਫਿਰਦੇ ਨੂੰ ਦੇਵਕੀ ਘੂਰੀ ਜਾਂਦੀ—ਬੱਸ ਇਕ ਟੱਕ ਦੇਖੀ ਜਾਂਦੀ—ਤੇ ਜਦੋਂ ਮੈਂ ਕਦੇ ਉਹਦੇ ਨੇੜੇ ਜਾਂਦਾ ਤਾਂ ਉਹ ਡੂੰਘੀ ਨਜ਼ਰੇ ਮੇਰੀਆਂ ਅੱਖਾਂ ਵਿਚ ਝਾਕਦੀ ਜਿਵੇਂ ਮੈਨੂੰ ਕੁਝ ਆਖਣ ਲੱਗੀ ਹੋਵੇ...ਜਿਵੇਂ ਕੋਈ ਬੋਲ ਉਹਦੇ ਬੁਲ੍ਹਾਂ ਉਪਰ ਆ ਕੇ

ਅਟਕ ਗਏ ਹੋਣ...ਮੈਂ ਡਰਦਾ ਡਰਦਾ ਉਹਦੇ ਵਲ ਦੇਖ ਕੇ ਅੱਖਾਂ ਨੀਵੀਆਂ ਕਰ ਲੈਂਦਾ।

ਤੇ ਫ਼ਿਰ ਜਿਵੇਂ ਇਸ ਘਰ ਦੇ ਜੀਆਂ ਪ੍ਰਤੀ ਤੇ ਜ਼ੀਆਂ ਦਾ ਮੇਰੇ ਪ੍ਰਤੀ ਮੋਹ ਵਧਦਾ ਗਿਆ। ਮੈਨੂੰ ਕਈ ਕੰਮਾਂ ਦੇ ਭੇਤਾਂ ਦਾ ਪਤਾ ਲਗਣ ਲਗ ਪਿਆ।—ਇਸ ਘਰ ਵਿਚ ਦੇਵਕੀ ਤੇ ਕਾਕੀ ਕੋਲੋਂ ਧੰਦਾ ਕਰਾਇਆ ਜਾਂਦਾ ਸੀ—ਕਿਤੇ ਕਿਤੇ ਕੋਈ ਮੋਟਾ ਗਾਹਕ ਵੀ ਮਿਲ ਜਾਂਦਾ ਜਿਸ ਲਈ ਦੇਵਕੀ ਨੂੰ ਲੈ ਕੇ ਮੀਆਂ ਮਿਥੇ ਸਥਾਨ ਉੱਪਰ ਪੁਜ ਜਾਂਦਾ। ਤੇ ਇਕ ਦਿਨ ਤਾਂ ਰੌਸ਼ਨੀ ਬਾਈ ਦੇ ਨੌਕਰ ਨੇ ਬਾਜ਼ਾਰ ਜਾਂਦਿਆਂ ਮੈਨੂੰ ਇਹ ਗੱਲ ਦੱਸ ਕੇ ਚੌਂਕਾ ਦਿੱਤਾ ਕਿ ਇਸ ਸਾਰੇ ਮੁਹੱਲੇ ਦੇ ਘਰ ਘਰ ਵਿਚ ਧੰਦਾ ਕਰਨ ਵਾਲੀਆਂ ਔਰਤਾਂ ਹੀ ਰਹਿੰਦੀਆਂ ਨੇ। ਬਾਹਰੋਂ ਆਉਣ ਵਾਲੇ ਇਸ ਮੁਹੱਲੇ ਨੂੰ ਰੋਸ਼ਨੀ ਦੁਆਰਾ ਜਾਂ ਨਵੀਂ ਬਸਤੀ ਕਹਿੰਦੇ ਸਨ। ਇਹ ਸਭ ਕੁਝ ਚੋਰੀ ਛੁਪੇ ਨਹੀਂ ਸਭ ਦੇ ਸਾਹਮਣੇ ਹੋ ਰਿਹਾ ਸੀ। ਪੁਲੀਸ ਦੇ ਅਫ਼ਸਰ ਮੁਹੱਲੇ ਦੇ ਵੱਡੇ ਮੁਖੀਆਂ ਨਾਲ ਮਿਲੇ ਹੋਏ ਸਨ ਤੇ ਹਰ ਘਰ ਨੂੰ ਮਹੀਨਾ ਫੀਸ ਮੁਖੀਆਂ ਨੂੰ ਦੇਣੀ ਪੈਂਦੀ ਸੀ। ਕਦੇ ਕੋਈ ਵੱਡਾ ਅਫਸਰ ਇਸ ਪਾਸੇ ਆ ਨਿਕਲਦਾ ਤਾਂ ਬਾਜ਼ਾਰ ਵਲ ਖੁਲ੍ਹਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਤੇ ਹਰ ਘਰ ਵਿਚ ਰਹਿੰਦੀ ਰਾਮ ਦੇਵੀ ਜਹੀ ਔਰਤ ਬਾਹਰ ਨਿਕਲ ਕੇ ਬੈਠ ਜਾਂਦੀ—ਕੋਈ ਕਪੜਾ ਸੀਉਂ ਰਹੀ ਹੁੰਦੀ ਜਾਂ ਕੋਈ ਸਬਜ਼ੀ ਚੀਰ ਰਹੀ ਹੁੰਦੀ।

ਕਦੇ ਕਦੇ ਇਸ ਧੰਦੇ ਦੇ ਵਿਰੁਧ ਸ਼ਹਿਰ ਵਿਚ ਕਢੇ ਜਲੂਸ ਬਾਬਤ ਮੀਆਂ ਤੇ ਹੋਰ ਆਂਢ ਗੁਆਂਢ ਦੇ ਆਦਮੀ ਬੈਠ ਕੇ ਗੱਲਾਂ ਕਰਦੇ...। ਤੇ ਇਕ ਫਿਕਰ ਦਾ ਪ੍ਰਛਾਵਾਂ ਉਹਨਾਂ ਦੇ ਚੇਹਰਿਆਂ ਉਪਰ ਮੰਡਲਾਉਣ ਲਗਦਾ। ਤੇ ਇਹਨਾਂ ਕਢੇ ਗਏ ਜਲੂਸਾਂ ਤੇ ਅਖਬਾਰਾਂ 'ਚ ਛਪੀਆਂ ਖਬਰਾਂ ਬਾਰੇ ਗੱਲਾਂ ਸੁਣ ਕੇ ਮੈਂ ਸੋਚੀਂ ਪਿਆ ਇਸ ਰੋਸ਼ਨੀ ਦੁਆਰੇ ਦੇ ਘਰ ਘਰ ਅਗੋਂ ਦੀ ਲੰਘਣ ਲਗਦਾ......ਇਕ ਇਕ ਘਰ ਦੇ ਅੰਦਰ ਜਾਣ ਦੀ ਕੋਸ਼ਿਸ਼ ਵਿਚ ਆਪਣੇ ਆਪ ਨੂੰ ਤਿਆਰ ਕਰਦਾ ਤੇ ਮੇਰੀ ਸੋਚ ਦੇ ਪੈਰਾਂ ਹੇਠ ਜਿਵੇਂ ਬਿਜਲੀਆਂ ਨਚਣ ਲਗਦੀਆਂ। ਮੇਰਾ ਦਿਲ ਕਾਹਲਾ ਪੈ ਜਾਂਦਾ, ਮੈਂ ਇਥੋਂ ਦੌੜ ਜਾਵਾਂ ਪਰ ਫਿਰ ਮੈਨੂੰ ਪਿੰਡ ਬਾਰੇ ਸੋਚਦਿਆਂ ਜਿਵੇਂ ਹਲੂਣਾ ਜਿਹਾ ਲਗਦਾ ਤੇ ਮੈਨੂੰ ਪਿੰਡ ਤੋਂ ਡਰ ਆਉਣ ਲਗਦਾ। ਤੇ ਇਸ ਰੋਸ਼ਨੀ ਦੁਆਰੇ ਦਾ ਇਕ ਇਕ ਘਰ ਮੈਨੂੰ ਆਪਣੇ ਪਿੰਡ ਦੇ ਇਕ ਇਕ ਘਰ ਸਾਵਾਂ ਲਗਦਾ......।

......ਚੜ੍ਹਦੀ ਵਲਾਂ ਦੇਬੂ ਟਾਂਗੇ ਵਾਲੇ ਦਾ ਲਸੂੜੀ ਹੇਠਾਂ ਘਰ ਐ। ਸਾਰਾ ਦਿਨ ਦੇਬੂ ਮੰਡੀ ਜਾ ਕੇ ਅੱਡੇ ਵਿਚ ਖੜਾ ਸਵਾਰੀਆਂ ਦੀ ਉਡੀਕ ਕਰਦਾ ਨਾਲਦਿਆਂ ਨਾਲ ਲੜਦਾ ਝਗੜਦਾ ਰਹਿੰਦਾ ਤੇ ਰਾਈ ਰਾਤੇ ਸ਼ਰਾਬੀ ਹੋਇਆ ਦਰ ਟਪਦਾ ਹੀ ਮੰਜੇ ਢਹਿੰਦਾ ਤੇ ਮੂੰਹ ਮੀਟਵੇਂ ਘੁਰਾੜੇ ਮਾਰਨ ਲਗਦਾ। ਮੁਲਖ ਨੂੰ ਸਾਰ ਐ ਪਈ ਗੋਗੇ ਵੈਲੀ ਦਾ ਦੇਬੂ ਦੇ ਘਰ ਆਉਣ ਜਾਣ ਪਾਸ਼ੋ ਕਰਕੇ ਹੀ ਹੈ......ਗੋਗਾ ਵੈਲੀ ਪਾਸ਼ੋ ਨੂੰ ਜੇਬ ਖਰਚ ਵੀ ਦਿੰਦਾ ਤੇ ਦੇਬੂ ਨੂੰ ਸ਼ਰਾਬ ਦੀ ਛਿੱਟ ਵੀ ਦੂਏ ਤੀਏ ......।

ਟੋਭੇ ਦੇ ਪਾਰਲੇ ਪਾਸੇ ਕਾਣੇ ਰੇਸ਼ਮ ਸਿੰਹੁ ਕਾ ਘਰ ਐ। ਰੇਸ਼ਮ ਸਿੰਹੁ ਦੀਆਂ ਦੋਨੋਂ ਵੱਡੀਆਂ ਕੁੜੀਆਂ ਉਮਰੋਂ ਟੱਪ ਚੁਕੀਆਂ ਨੇ—ਪਿੰਡ 'ਚ ਨਿੱਤ ਮੂੰਹਾਂ ਨਾਲ ਮੂੰਹ ਜੁੜ ਕੇ ਗੱਲ ਤੁਰਦੀ ਐ ਪਈ ਕਾਣੇ ਦੀ ਵੱਡੀ ਦਾ ਸ਼ਾਹਾਂ ਦੇ ਕੇਹਰੂ ਨਾਲ ਗੇੜ ਐ। ਦੋ ਵਾਰ ਤਾਂ ਟੂੰਡੇ ਨੇ ਉਹਨਾਂ ਨੂੰ ਧਰਮਸ਼ਾਲਾ ਦੇ ਚੁਬਾਰੇ ਵਿਚ ਫੜਿਆ। ਤੇ ਛੋਟੀ ਇਕ ਵਾਰ ਤਾਂ ਨਾਲ ਦੇ ਪਿੰਡ ਦੇ ਮਜ਼ਹਬੀ ਦੇ ਮੁੰਡੇ ਨਾਲ ਨਿਕਲ ਗਈ ਸੀ ਤੇ ਗੁੜ ਮੰਡੀ ਅੱਡੇ ਵਿਚ ਕਈਆਂ ਸਕੂਲੀ ਮੁੰਡਿਆਂ

ਨਾਲ ਤੁਰਦੀ ਫਿਰਦੀ ਦੇਖੀ ਗਈ। ਕਾਣੇ ਰੇਸ਼ਮ ਸਿੰਹੁ ਦਾ ਆਪ ਪੂੰਨਾਂ ਤਖਾਣੀ ਨਾਲ ਗੇੜ ਐ... ਤੇ ਉਹ ਦਿਨ-ਸੁਦ ਨੂੰ ਪੂੰਨਾਂ ਨੂੰ ਸ਼ਹਿਰ ਵੀ ਫਿਰਾ ਲਿਆਉਂਦਾ ਏ।

ਕਾਣੇ ਰੇਸ਼ਮ ਦੇ ਨਾਲ ਲਗਦਾ ਘਰ ਬਿੱਸੀ ਰੰਡੀ ਦਾ ਐ। ਬਿੱਸੀ ਹਿੱਕ ਵਜਾ ਕੇ ਰਾਤ ਬਰਾਤੇ ਪਾਖਰ ਛੜੇ ਦੇ ਖੋਲੇ ਜਾ ਵੜਦੀ ਏ। ਉਹਦਾ ਵੱਡਾ ਮੁੰਡਾ ਢੂਹੇ ਤਾਈਂ ਜ਼ੋਰ ਲਾ ਥੱਕਾ ਪਰ ਬਿੱਸੀ ਜੀਕਣ ਪਾਖਰ ਦਾ ਕੋਈ ਧਰਮ ਪਾਲ ਰਹੀ ਹੋਵੇ। ਪਾਖਰ ਦੀ ਆਪਣੀ ਭਤੀਜੀ ਸ਼ਾਹਾਂ ਦੇ ਛੋਟੇ ਭੁੱਲੀ ਕੋਲੋਂ ਬੰਬੀ ਤੇ ਬਹਿ ਕੇ ਸਵਾਲ ਸਮਝਦੀ ਐ... ।

ਪਿੰਡ ਦਾ ਸਰਪੰਚ ਕਰਨੈਲ ਸਿੰਹੁ ਵੱਡਾ ਲਾਣੇਦਾਰ ਈ। ਨੋਹਾਂ ਧੀਆਂ ਵਿਚ ਖੜਾ ਊਂਈ ਨੀ ਦਿਸਦਾ। ਪਰ ਸਾਰਾ ਮੁਲਖ ਜਾਣਦੈ ਪਈ ਉਹਦਾ ਯਰਾਨਾ ਤੀਹ ਵਰ੍ਹਿਆਂ ਤੋਂ ਕੁੱਪਵਾਲੀ ਜੰਗੀਰੋ ਨਾਲ ਏ ਤੇ ਉਹਦੀ ਛੋਟੀ ਧੀ ਡੁੱਡੇ ਪ੍ਰੋਫੈਸਰ ਬਿਨਾਂ ਸਾਹ ਨਹੀਂ ਭਰਦੀ......।

ਤੇ ਮੇਰੀਆਂ ਅੱਖਾਂ ਸੌਂਹੇ ਪਿੰਡ ਦੇ ਕਦਮ ਕਦਮ ਤੇ ਵਸੇ ਘਰ ਦੇ ਜੀਅ ਜਿਵੇਂ ਦੰਦ ਚਿੜ੍ਹਾ ਚਿੜ੍ਹਾ ਮੈਨੂੰ ਗਾਲ੍ਹਾਂ ਸੀਖ ਰਹੇ ਨੇ... ਤੇ ਮੈਨੂੰ ਗੁਰਦੁਆਰੇ ਦੇ ਭਾਈ ਤੀਕ ਹਨੇਰ ਪਸਰਿਆ ਦਿਖਾਈ ਦਿੰਦਾ... । ਮੇਰੀ ਨਜ਼ਰ ਕੰਬ ਜਾਂਦੀ ਤੇ ਮੇਰੇ ਕੰਨਾਂ ਅੰਦਰ ਰੱਸੀ ਨਾਲ ਬੱਝੀ ਲਟਕਦੀ ਜ਼ਿੰਦਗੀ ਅਵਾਜ਼ਾਂ ਕੱਸਣ ਲਗਦੀ।

...ਮੈਂ ਇਸ ਸਭ ਕਾਸੇ ਬਾਰੇ ਨਿੱਤ ਦਿਹਾੜੀ ਸੋਚਣ ਲੱਗਾ...। ਇਸ ਇਕ ਲੱਤੀ ਜ਼ਿੰਦਗੀ ਪ੍ਰਤੀ ਮੇਰਾ ਸੁਭਾ ਕੁਸੈਲਾ ਹੋਣ ਲੱਗਾ ਤੇ ਇਸ ਚੁਬਾਰੇ ਵਿਚ ਇਹ ਧੰਦਾ ਕਰਾਉਣ ਵਾਲੇ ਮੀਆਂ ਤੇ ਰਾਮ ਦੇਵੀ ਮੈਨੂੰ ਆਏ ਦਿਨ ਭੈੜੇ ਲਗਣ ਲੱਗੇ। ਹੁਣ ਮੈਂ ਚਾਹੁੰਦਾ ਸੀ ਕਿ ਇਸ ਸਭ ਕਾਸੇ ਤੋਂ ਦੂਰ ਦੌੜ ਜਾਵਾਂ, ਮੁੜ ਪਿੰਡ ਚਲੇ ਜਾਵਾਂ ..। ਪਰ ਉਥੇ ਉਹੋ ਚਾਚੀ ਦੀ ਕੁੱਟ-ਮਾਰ ਤੇ ਸੁੱਕੀਆਂ ਬੁਸੀਆਂ ਰੋਟੀਆਂ..... । ਮੇਰਾ ਦਿਲ ਇਹ ਘਰ ਛਡ ਕੇ ਜਾਣ ਨੂੰ ਨਾ ਮੰਨਦਾ ਤੇ ਇਕ ਦੇਵਕੀ ਦਾ ਮੋਹ ਮੇਰਾ ਅੰਦਰ ਝਰੀਟ ਜਾਂਦਾ, ਉਹਦੀ ਇਕ ਸੂਰਤ ਮੇਰੇ ਸਭੇ ਰਾਹ ਰੋਕ ਕੇ ਖੜ ਜਾਂਦੀ ਤੇ ਇਕ ਪਲ ਮੈਂ ਉਹਦੀਆਂ ਕੱਕੀਆਂ ਅੱਖਾਂ ਵਿਚ ਝਾਕਦਾ ਸਭ ਕੁਝ ਭੁਲ ਭੁਲਾ ਜਾਂਦਾ। ਦੇਵਕੀ ਜੀਹਨੇ ਮੈਨੂੰ ਇਕ ਵੇਲੇ ਆਪਣੇ ਬਾਬਤ ਸਭ ਕੁਝ ਦੱਸ ਦਿਤਾ ਸੀ ਤੇ ਮੁੜ ਪਛਤਾਵੇ ਨੂੰ ਅੱਖਾਂ ਵਿਚ ਸਮੋਈ ਨਿੱਕੇ ਭਰਾ ਵਾਂਗ ਆਪਣੇ ਨਾਲ ਘੁਟਦਿਆਂ ਇਹਨਾਂ ਗੱਲਾਂ ਨੂੰ ਆਪਣੇ ਤੀਕ ਹੀ ਰਖਣ ਲਈ ਤਰਲਾ ਲਿਆ ਸੀ...। ਮੇਰੀਆਂ ਹੈਰਾਨ ਅੱਖਾਂ ਇਕ ਘੜੀ ਉਹਨੂੰ ਦੇਵਕੀ ਨਾ ਸਮਝ ਚਾਚੀ ਜੀਤੋ ਦੀ ਵੱਡੀ ਕੁੜੀ ਸਮਝ ਗਈਆਂ ਸਨ...। ਤੇ ਮੁੜ ਦੂਆ ਵਰ੍ਹਾ ਬੀਤ ਜਾਣ ਤੀਕ ਵੀ ਇਹੋ ਜਹੀ ਗੱਲ ਸਾਂਝੀ ਨਹੀਂ ਸੀ ਹੋ ਸਕੀ।

ਇਕ ਰਾਤ ਇਕ ਹੋਰ ਕੁੜੀ ਇਸ ਘਰ ਵਿਚ ਲਿਆਂਦੀ ਗਈ। ਕੋਈ ਆਦਮੀ ਟਾਂਗੇ ਵਿਚ ਆਇਆ ਤੇ ਮੀਆਂ ਹਵਾਲੇ ਕਰ ਗਿਆ। ਸਟੋਰ ਵਾਲੇ ਕਮਰੇ ਵਿਚ ਡੱਠੇ ਮੰਜੇ ਉਪਰ ਗੁੰਮ ਸੁੰਮ ਪਈ ਉਹ ਕਈ ਦਿਨ ਰੋਂਦੀ ਰਹੀ। ਇੰਜ ਲਗਦਾ ਸੀ ਜਿਵੇਂ ਉਸ ਕੁੜੀ ਨੂੰ ਬੱਕਰੀਆਂ ਚਰਾਉਂਦੀ ਨੂੰ ਚੁਕ ਕੇ ਲੈ ਆਂਦਾ ਹੋਵੇ। ਮੈਂ ਉਹਨੂੰ ਪਾਣੀ ਦੇਣ ਗਿਆ। ਉਹ ਬਿਟ ਬਿਟ ਮੈਨੂੰ ਘੂਰੀ ਗਈ ਤੇ ਫਿਰ ਹੁਬਕੀਂ ਹੁਬਕੀਂ ਰੋਣ ਲਗ ਪਈ...। ਤੇ ਫਿਰ ਮੇਰੀਆਂ ਅੱਖਾਂ ਵਿਚ ਉਤਰੇ ਹੰਝੂ ਉਸ ਨੇ ਨਹੀਂ ਮੀਆਂ ਜੀ ਨੇ ਦੇਖੇ ਸਨ।

ਤੇ ਹੁਣ ਕਈ ਦਿਨ ਤੋਂ ਰਾਮ ਦੇਵੀ ਹਸਪਤਾਲ ਦਾਖਲ ਹੈ। ਪੌੜੀਆਂ ਉਤਰਦਿਆਂ ਉਹਦਾ ਪੈਰ ਐਸਾ ਉਖੜਿਆ ਕਿ ਉਹ ਕਲਾਬਾਜ਼ੀਆਂ ਖਾਂਦੀ ਹੇਠ ਫਰਸ਼ ਉਪਰ ਆ ਪਈ।—ਗੋਡੇ ਦੀ

ਚਪਣੀ ਟੁਟ ਗਈ ਤੇ ਸਿਰ ਵਿਚ ਪਾੜ ਪੈ ਗਿਆ। ਬੇਸੁਰਤ ਹੋਈ ਨੂੰ ਹਸਪਤਾਲ ਦਾਖ਼ਲ ਕਰ ਦਿਤਾ। ਹੁਣ ਮੈਂ ਸਵੇਰੇ ਉਠ ਕੇ ਸ਼ਹਿਰੋਂ ਬਾਹਰ ਡੇਰੀ ਤੋਂ ਦੁਧ ਲਿਆਉਂਦਾ ਤੇ ਗਰਮ ਕਰਕੇ ਹਸਪਤਾਲ ਲੈ ਕੇ ਜਾਂਦਾ। ਦੋ ਵਾਰ ਜਾ ਕੇ ਦੇਵਕੀ ਖ਼ਬਰ ਲੈ ਆਈ ਸੀ। ਮੀਆਂ ਜੀ ਰਾਤ ਦਿਨ ਰਾਮ ਦੇਵੀ ਕੋਲ ਰਹਿੰਦੇ। ਘਰ ਵਿਚ ਦੇਵਕੀ ਖਰਚ ਸਾਂਭ ਰਹੀ ਸੀ—ਖਰਚ ਕਰ ਰਹੀ ਸੀ।... ਤੇ ਇਹਨਾਂ ਦਿਨਾਂ ਵਿਚ ਦੇਵਕੀ ਅੰਦਰ ਜਿਵੇਂ ਕੋਈ ਉਬਾਲ ਜਿਹਾ ਉਠਿਆ—ਉਹ ਮੇਰਾ ਹੱਥ ਫੜੀ ਚੁਬਾਰੇ ਜਾ ਚੜ੍ਹੀ ਤੇ ਮੈਨੂੰ ਸਾਰੀ ਗੱਲਬਾਤ ਸਮਝਾਉਣ ਲੱਗੀ। ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਨਾਲ ਵਾਲੀ ਕੁੜੀ ਕੋਲ ਆਇਆ ਗਾਹਕ ਹੇਠ ਉਤਰਨ ਲਈ ਵਿਚਾਲੇ ਵਾਲੇ ਦਰਵਾਜ਼ੇ ਵਿਚ ਆ ਗਿਆ। ਉਸਨੇ ਇਕ ਪੈਰ ਖੜਦਿਆਂ ਛੇਤੀ ਨਾਲ ਜੇਬ ਵਿਚੋਂ ਇਕ ਦਮੜਾ ਕੱਢ ਮੈਨੂੰ ਦਿਤਾ ਤੇ ਹੌਲਾ ਜਿਹਾ ਮੁਸ ਮੁਸ ਕਰਦਾ ਪੌੜੀਆਂ ਉਤਰ ਗਿਆ।

ਤੇ ਫਿਰ ਮੈਨੂੰ ਸੱਚੀਂ ਮੁੱਚੀਂ ਇਸ ਘਰੋਂ ਚਲੇ ਜਾਣ ਲਈ ਦੇਵਕੀ ਨੇ ਤਿਆਰ ਕਰ ਦਿਤਾ। ਦੂਏ ਦਿਨ ਦੁਪਹਿਰੇ ਜਾ ਗੱਡੀ ਫੜਨੀ ਸੀ। ਪਰ ਅਚਾਨਕ ਸਵੇਰੇ ਮੀਆਂ ਜੀ ਰਾਮ ਦੇਵੀ ਨੂੰ ਟਾਂਗੇ ਵਿਚ ਪਾਈ ਵਿਹੜੇ ਵਿਚ ਆ ਧਮਕੇ। ਇਕ ਪਲ ਸਭ ਕੁਝ ਦੇਖ ਕੇ ਦੇਵਕੀ ਦਾ ਮੂੰਹ ਫੱਕ ਹੋ ਗਿਆ ਤੇ ਉਹ ਸਾਰਾ ਦਿਨ ਉਦਾਸ ਉਦਾਸ ਇਧਰ ਉਧਰ ਫਿਰਦੀ ਰਹੀ। ਅੰਦਰ ਰਾਮ ਦੇਵੀ ਪੀੜ ਨਾਲ ਤੜਫ ਰਹੀ ਸੀ ਤੇ ਮੀਆਂ ਜੀ ਵਿਹੜੇ ਵਿਚ ਤਖਤਪੋਸ਼ ਉਪਰ ਬੈਠੇ ਬੀੜੀ ਪੀ ਰਹੇ ਸੋਚਾਂ ਵਿਚ ਡੁੱਬੇ ਹੋਏ ਸਨ। ਦਿਨ ਢਲਦਿਆਂ ਹੀ ਦੇਵਕੀ ਸਿਰ ਲੈ ਕੇ ਪੈ ਗਈ ਤੇ ਉਹ ਰਾਮ ਦੇਵੀ ਨਾਲੋਂ ਵੀ ਜ਼ਿਆਦਾ ਪੀੜ ਵਿਚ ਜਾਪ ਰਹੀ ਸੀ। ਤੇ ਫਿਰ ਪੋਟਾ ਪੋਟਾ ਕਰਕੇ ਜਿਵੇਂ ਰਾਤ ਉਤਰਦੀ ਚਲੀ ਗਈ...।

ਇਕ ਦਮ ਅੱਧੀ ਰਾਤੀਂ ਤੜਫਦੀ, ਲੁਛ ਲੁਛ ਕਰਦੀ ਤੇ ਡਿਗਦੀ ਜਾਂਦੀ ਦੇਵਕੀ ਦੀ ਪੀੜ ਭਰੀ ਅਵਾਜ਼ ਸੁਣ ਕੇ ਜਿਵੇਂ ਸਾਰਿਆਂ ਦੇ ਦਿਲ ਮੁੱਠੀ ਵਿਚ ਘੁੱਟੇ ਗਏ। ਘੜੀ ਪਹਿਲਾਂ ਰਾਮ ਦੇਵੀ ਦੀ ਲੱਗੀ ਅੱਖ ਦਾ ਖਿਆਲ ਕਰਦਿਆਂ ਉਭੜ-ਵਾਏ ਮੀਆਂ ਜੀ ਉਠੇ ਤੇ ਪੌੜੀਆਂ ਉਤਰਦੀ ਆਉਂਦੀ ਦੇਵਕੀ ਦੇ ਕੋਲ ਜਾ ਰਹੇ। ਮੈਂ ਡਰ ਨਾਲ ਉਠਿਆ ਗਧੋਲੇ ਵਿਚ ਬੈਠਾ ਕੰਬ ਰਿਹਾ ਸਾਂ। ਤੇ ਫਿਰ ਮੈਨੂੰ ਮੀਆਂ ਜੀ ਨੇ ਉਪਰ ਦੇਵਕੀ ਕੋਲ ਭੇਜ ਦਿਤਾ। ਕਮਰੇ ਅੰਦਰ ਨਿੱਕਾ ਬਲਬ ਮਧਮ ਜਿਹਾ ਜਗ ਰਿਹਾ ਸੀ। ਅੰਗੀਠੀ ਵਿਚਲੇ ਕੋਲਿਆਂ ਦਾ ਸੇਕ ਮੁਕਦਾ ਜਾਂਦਾ ਸੀ। ਅੱਜ ਨਾਲ ਵਾਲਾ ਕਮਰਾ ਖਾਲੀ ਸੀ ਕਿਉਂਕਿ ਕਾਕੀ ਨੂੰ ਇਕ ਗਾਹਕ ਆ ਕੇ ਲੈ ਗਿਆ ਸੀ। ਮੈਂ ਆਸ ਪਾਸ ਨੂੰ ਡਰੀਆਂ ਅੱਖਾਂ ਨਾਲ ਦੇਖਦਿਆਂ ਚੁਪ ਜਹੀ ਸ਼ਾਂਤ ਲੇਟੀ ਦੇਵਕੀ ਵਲ ਦੇਖਿਆ। ਉਹ ਸ਼ਾਇਦ ਕੰਧ ਉਪਰ ਲੱਗੇ ਕਲੰਡਰ ਵਲ ਨੀਝ ਲਾਈ ਦੇਖ ਰਹੀ ਸੀ।—ਉਹਨੇ ਮੈਨੂੰ ਇਸ਼ਾਰੇ ਨਾਲ ਬੈਠਣ ਲਈ ਕਿਹਾ-ਮੇਰਾ ਦਿਲ ਧੜਕ ਰਿਹਾ ਸੀ ਤੇ ਲੱਤਾਂ ਸੁੰਗੜ ਰਹੀਆਂ। ਮੀਆਂ ਜੀ ਜਿਵੇਂ ਇਕ ਦਮ ਸੌਂ ਗਏ ਹੋਣ-ਮੁੜ ਦੇਵਕੀ ਹੌਲੀ ਜਹੀ ਦੱਬੀ ਅਵਾਜ਼ 'ਚ ਬੋਲੀ, "ਤੂੰ ਅੱਜ ਈ ਚਲਾ ਜਾ।" ਉਹਦੇ ਬੋਲ ਸੁਣ ਕੇ ਮੈਂ ਤ੍ਰਬਕਿਆ ਤੇ ਉਹਦੇ ਵਜੂਦ ਨੂੰ ਘੂਰਿਆ। "ਮੈਂ ਕਹਿੰਦੀ ਆਂ ਤੂੰ ਅੱਜ ਈ ਚਲਾ ਜਾ..." ਉਹਨੇ ਫਿਰ ਆਖਿਆ।

ਮੈਂ ਹੌਲੇ ਹੌਲੇ ਉਹਦੇ ਸਿਰ ਨੂੰ ਦਬਾਉਂਦਾ ਮਸਾਂ ਬੋਲਿਆ, "ਇੰਨੇ ਨ੍ਹੇਰੇ...ਮੈਨੂੰ ਕੀ ਪਤਾ ਟੇਸ਼ਨ ਕਿਧਰ ਆ..." ਮੈਂ ਚਾਹਿਆ ਦੇਵਕੀ ਮੇਰੇ ਨਾਲ ਇਸ ਮਸਲੇ ਤੇ ਗੱਲ ਨਾ ਕਰੇ...ਮੈਂ ਇਸ ਘਰ ਨੂੰ ਛੱਡਣਾ ਨਹੀਂ ਸੀ ਚਾਹੁੰਦਾ। ਮੈਂ ਧੀਮੀਂ ਆਵਾਜ਼ 'ਚ ਗੱਲ ਕਰਕੇ ਪੌੜੀਆਂ ਵਲ

ਦੇਖਿਆ। ਮੈਨੂੰ ਲਗਿਆ ਜਿਵੇਂ ਉਥੇ ਮੀਆਂ ਖੜਾ ਸਾਡੀਆਂ ਗੱਲਾਂ ਸੁਣ ਰਿਹਾ ਹੋਵੇ ।

"ਤੈਨੂੰ ਮੈਂ ਦਸਦੀ ਆਂ—ਤੂੰ ਸਿੱਧਾ ਬਾਹਰਲੀ ਸੜਕੇ...ਹਸਪਤਾਲ ਵਾਲੀ... ਹੈਂ...ਹੋ ਕੇ...ਦੁੱਧ ਵਾਲੀ ਡੇਰੀ ਕੋਲ ਜਾ ਨਿਕਲੀਂ...ਉਥੋਂ ਸਿੱਧਾ ਸੜਕੇ ਪੁਲ ਟੱਪੀਂ ਤੇ ਨਾਲਾ ਟੱਪ ਕੇ ਸਾਹਮਣੇ ਸਟੇਸ਼ਨ..."

"ਐਸ ਵੇਲੇ ਕੋਈ ਫੜ ਨਾ ਲਊ..." ਮੈਂ ਉਹ ਦੀ ਗੱਲ ਟੁਕ ਕੇ ਆਖਿਆ। ਮੈਂ ਅੰਦਰੋਂ ਹੋਰ ਸੁੰਗੜਦਾ ਜਾ ਰਿਹਾ ਸਾਂ ਤੇ ਮੇਰੇ ਸਿਰ 'ਚ ਇਹ ਸੋਚ ਮੁੜ ਮੁੜ ਖੁਰਕ ਕਰ ਰਹੀ ਸੀ ਇਹ ਹੁਣੇ ਪੀੜ ਨਾਲ ਤੜਫ ਰਹੀ ਸੀ ਤੇ ਹੁਣ ਕਿਵੇਂ ਮਰੀ ਹੋਈ ਮੱਛੀ ਵਾਂਗ ਅਹਿਲ ਪਈ ਹੈ।

"ਨਈਂ...ਲੈ ਫੜ ਤੂੰ ਆਪਣੇ ਕੋਲ ਲੁਕਾ ਲੈ ਤੇ ਇਥੇ ਚੁਪ ਕਰਕੇ ਪੈ ਜਾ...ਠਹਿਰ ਕੇ ਚਲਾ ਜਾਈਂ...ਮੀਆਂ ਨੂੰ ਸੌਂ ਲੈਣ ਦੇ..." ਉਹ ਹੌਲੇ ਹੌਲੇ ਘੁਟਵੇਂ ਮੂੰਹ ਗੱਲਾਂ ਕਰਦੀ ਰਹੀ ਤੇ ਫਿਰ ਉਹਨੇ ਨਿੱਕੀ ਜਹੀ ਪੋਟਲੀ, ਜਿਹਦੇ ਬਾਬਤ ਉਹਨੇ ਮੈਨੂੰ ਕਲ੍ਹ ਦਸਿਆ ਸੀ ਸਰਹਾਣੇ ਹੇਠੋਂ ਕਢ ਕੇ ਮੇਰੀ ਝੋਲ ਵਿਚ ਰੱਖ ਦਿਤੀ। ਇਕ ਬਿੰਦ ਮੇਰਾ ਆਪਣਾ ਆਪ ਲਰਜ਼ਾ ਗਿਆ, ਪੋਟਲੀ ਵਿਚ ਛਣਕਦੇ ਕੰਗਨ ਨੇ ਮੇਰੇ ਹੱਥ ਨੂੰ ਜਿਵੇਂ ਝਰੀਟ ਕੇ ਰਖ ਦਿਤਾ...ਤੇ ਮੈਂ ਚੁਪ ਚਾਪ ਇਧਰ ਉਧਰ ਦੇਖਣ ਲੱਗਾ। ਤਦੇ ਦੇਵਕੀ ਨੇ ਉਠ ਕੇ ਮੈਨੂੰ ਬਾਹਾਂ ਵਿਚ ਘੁਟ ਕੇ ਮੰਜੇ ਉਪਰ ਆਪਣੇ ਨਾਲ ਪਾ ਲਿਆ। ਤੇ ਉਹ ਮੇਰਾ ਮੱਥਾ ਚੁੰਮਣ ਲਗ ਪਈ—ਮੈਨੂੰ ਇਕ ਘੜੀ ਲਗਿਆ ਜਿਵੇਂ ਮੇਰੀ ਮਾਂ ਮਰੀ ਨਹੀਂ ਗੁਆਚ ਗਈ ਸੀ।—ਤੇ ਫਿਰ ਦੇਵਕੀ ਨਾਲ ਪਿਆ ਮੈਂ ਕਾਫੀ ਕੁਝ ਸੋਚਦਾ ਰਿਹਾ...ਤੇ ਹੱਥਾਂ ਵਿਚ ਫੜੀ ਪੋਟਲੀ ਜਿਵੇਂ ਮੇਰੇ ਮਗਜ਼ ਅੰਦਰ ਕਈ ਸੋਚਾਂ ਭਰ ਗਈ। ਮੈਂ ਅੰਦਰੇ ਅੰਦਰ ਸੋਚਿਆ...ਪੋਟਲੀ ਚੁੱਕਾਂ ਤੇ ਚੁਪ ਚਾਪ ਘਰ ਵਗ ਜਾਂ...ਘਰ ਜਿੱਥੇ ਚਾਚੀ ਦੀ ਗ਼ਰੀਬੀ ਕੱਟੀ ਜਾਊ...ਤੇ ਕਈ ਕੁਝ ਹੋਰ। ਮੈਂ ਬਹੁਤ ਛੇਤੀ ਹੁਣ ਥੱਲੇ ਚਲੇ ਜਾਣਾ ਚਾਹੁੰਦਾ ਸਾਂ।

ਤੇ ਫਿਰ ਮੈਨੂੰ ਦੇਵਕੀ ਨਾਲ ਲੈ ਕੇ ਹੌਲੀ ਹੌਲੀ ਪੌੜੀਆਂ ਉਤਰਨ ਲਗੀ। ਉਸ ਆਖਿਆ ਸੀ ਮੈਂ ਤੇਰੇ ਨਾਲ ਵਿਹੜੇ ਤੀਕ ਜਾਂਦੀ ਹਾਂ...ਮਤਾਂ ਮੀਆਂ ਜਾਗ ਪਿਆ ਤਾਂ ਆਖਾਂਗੀ ਗੁਸਲਖਾਨੇ ਚਲੀ ਆਂ।—ਥੱਲੇ ਵਿਹੜੇ 'ਚ ਪਏ ਟੱਬ ਕੋਲ ਆ ਅਸੀਂ ਦੋਨੋਂ ਰੁਕ ਗਏ। ਉਹ ਮੈਨੂੰ ਉਪਰ ਦੱਸੀ ਗੱਲ ਫਿਰ ਸਮਝਾਉਣ ਲਗੀ, "ਫਿਰ ਸੁਣ ਲੈ...ਪਹਿਲਾਂ ਉਤਰੀਂ ਰਾਜਪੁਰੇ...ਉਥੋਂ ਪਟਿਆਲੇ...ਉਥੋਂ ਸੰਗਰੂਰ ਨੂੰ ਜਾਂਦੀ ਸੜਕ ਤੇ ਰਾਹ 'ਚ ਪਿੰਡ...ਜੀਹਦਾ ਨਾਂ ਲਿਖ ਕੇ ਤੈਂ ਖੀਸੇ 'ਚ ਪਾਇਐ...ਠੀਕ ਆ..." ਮੈਂ ਹਾਂ 'ਚ ਸਿਰ ਹਿਲਾਇਆ। "ਮਾਂ ਨੂੰ ਆਖੀਂ ਇਹਦੇ ਨਾਲ ਛੋਟੀਆਂ ਨੂੰ ਵਿਆਹ ਵਰ ਦੇਵੇ...ਸੌ ਰੁਪਈਆ ਤੂੰ ਪਹਿਲੇ ਈ ਰਖ ਲੀਂ...ਤੂੰ ਆਖੀਂ ਮਿਤਰੋ ਨਾਲ ਸਰਦਾਰਾਂ ਦੇ ਜਿੰਦਰ ਨੇ ਕਈ ਦਿਨ ਖੇਹ ਖਰਾਬਾ ਕੀਤਾ ਤੇ ਫਿਰ ਦੋ ਬੰਦੇ ਇਥੇ ਛਡ ਗਏ...ਉਹਨੂੰ ਕਹੀਂ ਮੇਰਾ ਕੋਈ ਕਸੂਰ ਨਹੀਂ...ਸੌਂਹ ਮਾਰਾਜ ਦੀ..." ਤੇ ਦੇਵਕੀ ਦਾ ਗੱਚ ਭਰ ਆਇਆ ਤੇ ਉਹਦੇ ਗੱਲ ਕਰਦਿਆਂ ਮੈਂ ਦੱਬਵੇਂ ਪੈਰੀਂ ਅੱਗੇ ਨੂੰ ਤੁਰ ਪਿਆ। ਕੰਧ ਕੋਲ ਅਪੜ ਮੈਂ ਪਿਛੇ ਦੇਖਿਆ, ਦੇਵਕੀ ਜਾ ਚੁੱਕੀ ਸੀ।—ਆਸ ਪਾਸ ਮੌਤ ਬਾਹਾਂ ਪਸਾਰੀ ਜਾਪ ਰਹੀ ਸੀ। ਦੂਰ ਬਸਤੀ ਵਿਚ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਦਿਲ ਨੂੰ ਹੋਰ ਚੀਰ ਪਾ ਰਹੀ ਸੀ। ਮੈਂ ਉਪਰਲੀ ਚਾਦਰ ਦੀ ਘੁਟ ਕੇ ਬੁਕਲ ਮਾਰਦਿਆਂ ਪੋਟਲੀ ਲੱਕ ਦੁਆਲੇ ਟੋਂਹਦਿਆਂ ਕੰਧ ਨੂੰ ਅਜੇ ਹੱਥ ਹੀ ਪਾਇਆ ਸੀ ਕਿ ਕੋਈ ਸੱਟ ਮੇਰੇ ਲੱਕ ਨੂੰ ਤੋੜ ਕੇ ਸੁਟ ਗਈ—ਮੈਂ ਹੇਠ ਡਿਗਿਆਂ ਕੰਬਦੀਂ ਅੱਖੀਂ ਹਨੇਰੇ 'ਚ ਮੀਆਂ ਜੀ ਨੂੰ ਆਪਣੇ ਉਤੇ ਖੜੇ ਦੇਖਿਆ ਤੇ ਮੇਰਾ ਜਿਵੇਂ ਸਾਹ ਰੁਕਦਾ ਜਾ ਰਿਹਾ ਹੋਵੇ...ਤੇ ਮੇਰੀਆਂ ਅੱਖਾਂ ਟੱਡੀਆਂ ਗਈਆਂ।

ਈ. ਐਚ. 100, ਲਾਡੋਵਾਲੀ, ਜਲੰਧਰ

## ਗੀਤ/ਸੁਲੱਖਣ ਮੀਤ

ਮੀਤ ਮੇਰੇ ਨੂੰ ਕਹਿਣਾ—
'ਫੰਬੀ ਵਾਂਗੂ ਉੱਡ ਜਾਏਗਾ
ਦਰਦ ਸਦਾ ਨਹੀਂ ਰਹਿਣਾ।'

ਨ੍ਹੇਰੇ ਦੇ ਵਿੱਚ ਦੀਪ ਜਗ ਪਏ
ਲੋਕਾਂ ਨੂੰ ਇਹ ਗੱਲ ਸਮਝਾਏ—
'ਕਿਚਰਕ ਤੀਕਣ ਲੋਕੋ ਆਪਾਂ
ਨ੍ਹੇਰਾ ਢੋਂਦਿਆਂ ਰਹਿਣਾ।'
ਮੀਤ ਮੇਰੇ ਨੂੰ ਕਹਿਣਾ।

ਜਬਰ ਜ਼ੁਲਮ ਸੰਗ ਟੱਕਰ ਲੈਣੀ
ਪੱਥਰ ਲਈ ਬਣਨਾ ਹੈ ਛੈਣੀ
ਜ਼ੱਰਾ ਬਖ਼ਤਰ ਪਹਿਨ ਲਵੇ ਉਹ
ਜ਼ਾਲਮ ਦੇ ਸੰਗ ਖਹਿਣਾ।
ਮੀਤ ਮੇਰੇ ਨੂੰ ਕਹਿਣਾ।

ਤੇਰੀ ਕਲਮ ਬਣੇ ਤਲਵਾਰ
ਹੋਵੇ ਕਲਮਾਂ ਦੀ ਸਰਦਾਰ
ਰਚਨਾ ਤੇਰੀ ਜਨਤਾ ਦੇ ਸਿਰ
ਚਮਕੇ ਬਣ ਕੇ ਗਹਿਣਾ।
ਮੀਤ ਮੇਰੇ ਨੂੰ ਕਹਿਣਾ।

ਜੀਭ ਉਸ ਦੀ ਤਿੱਖੀ ਹੋਵੇ
ਗੱਲ ਉਸ ਦੀ ਨਿੱਕੀ ਹੋਵੇ
ਹਾਹਾਕਾਰ ਦੀ ਦੁਨੀਆਂ ਅੰਦਰ
ਚੁੱਪ ਕਰਕੇ ਨਹੀਂ ਬਹਿਣਾ।
ਮੀਤ ਮੇਰੇ ਨੂੰ ਕਹਿਣਾ।

ਹੁਣ ਥੀਂ ਸੱਭ ਕੁੱਝ ਸਹਿੰਦੇ ਆਏ
'ਚੱਲ ਉਹ ਜਾਣੇ' ਕਹਿੰਦੇ ਆਏ
ਵੇਖ ਕੇ ਅੱਖੀਂ ਮੱਖੀ ਖਾਣਾ
ਹੁਣ ਨਹੀਂ ਆਪਾਂ ਸਹਿਣਾ।
ਮੀਤ ਮੇਰੇ ਨੂੰ ਕਹਿਣਾ।

ਦੁਨੀਆਂ ਦੀ ਉਹ ਚਾਲ ਪਛਾਣੇ
ਹੁਣ ਨਹੀਂ ਰਹੇ ਅਸੀਂ ਅਣਜਾਣੇ
ਗੱਲ ਇਹੋ ਸਮਝਾਉਣੀ ਹੈ ਮੈਂ
ਹੋਰ ਅਸਾਂ ਕੀ ਕਹਿਣਾ।
ਮੀਤ ਮੇਰੇ ਨੂੰ ਕਹਿਣਾ।

ਮੀਤ ਮੇਰੇ ਨੂੰ ਕਹਿਣਾ—
'ਫੰਬੀ ਵਾਂਗੂ ਉੱਡ ਜਾਏਗਾ
ਦਰਦ ਸਦਾ ਨਹੀਂ ਰਹਿਣਾ।'

## ਵੀਰਾ !/ਗੁਰਚਰਨ ਸਿੰਘ ਸਹਿੰਸਰਾ

ਸਿਹਰਗੁਲ ਖਟਕ ਨੂੰ ਇਕ ਕਤਲ ਦੇ ਦੋਸ਼ ਵਿਚ ਅੰਗਰੇਜ਼ੀ ਕਾਨੂੰਨ ਤੋਂ ਜਾਨ ਬਚਾਉਣ ਤੇ ਆਪਣੀ ਪਠਾਣ ਵਰਿਆਮਗੀ ਦੀ ਡੰਝ ਲਾਹੁਣ ਲਈ ਆਜ਼ਾਦ ਵਜ਼ੀਰੀ ਇਲਾਕੇ ਵਿਚ ਗਿਆਂ ਸਾਲ ਤੋਂ ਉਤੇ ਸਮਾਂ ਬੀਤ ਗਿਆ ਸੀ। ਇਸ ਸਮੇਂ ਵਿਚ ਉਹ ਫਰੰਗੀ ਦੀਆਂ ਕਾਨਵੋਈਆਂ ਤੇ ਫੌਜੀ ਚੌਂਕੀਆਂ ਦੀ ਲੁੱਟ ਮਾਰ ਦੀਆਂ ਕਈ ਵਜ਼ੀਰੀ ਮੁਹਿੰਮਾਂ ਨਾਲ ਅੰਗਰੇਜ਼ੀ ਇਲਾਕੇ ਵਿਚ ਧਾੜੇ ਮਾਰ ਚੁਕਾ ਸੀ ਤੇ ਵਜ਼ੀਰੀਆਂ ਦੇ ਕਈ ਕੰਮਾਂ ਵਾਸਤੇ ਚੋਰੀ ਛੁਪੇ ਇਕੱਲਾ ਦੁਕੱਲਾ ਆਪਣੇ ਖਟਕ ਇਲਾਕੇ ਵਿਚ ਵੀ ਹੋ ਆਇਆ ਸੀ। ਹੁਣ ਉਹ ਫ਼ਕੀਰ ਇਪੀ ਦੇ ਇਕ ਬਹੁਤ ਹੀ ਜ਼ਰੂਰੀ ਕੰਮ ਵਾਸਤੇ ਅੰਗਰੇਜ਼ੀ ਇਲਾਕੇ ਵਿਚ ਜਾ ਰਿਹਾ ਸੀ। ਇਹ ਦੋ ਦਿਨ ਦਾ ਪੈਦਲ ਪਹਾੜੀ ਪੈਂਡਾ ਸੀ।

ਪਹਿਲੇ ਦਿਨ ਪੰਧ ਮੁਕਾ ਕੇ ਉਹ ਰਾਤ ਇਕ ਪਿੰਡ ਰਹਿ ਪਿਆ। ਅਗਲੇ ਦਿਨ ਮੂੰਹ ਹਨੇਰੇ ਉੱਠ ਕੇ ਉਸ਼ੇਰ ਦੀ ਨਮਾਜ਼ ਪੜ੍ਹੀ ਤੇ ਚੜ੍ਹਦੇ ਵਲ ਜਾ ਰਹੀ ਇਕ ਰੋਹੀ ਦੇ ਵਿਚ ਦੀ ਲੰਘ ਰਹੇ ਰਾਹੇ ਪੈ ਗਿਆ ਤੇ ਸਵੇਰੇ ਸਵੇਰੇ ਹੀ ਦਵੈਖੌੜ ਨਾਂ ਦੇ ਇਕ ਪਿੰਡ ਪਹੁੰਚ ਗਿਆ ਜਿਥੇ ਆ ਕੇ ਪਿੰਡ ਦੇ ਦੱਖਣ ਪਾਸੇ ਲੰਘ ਰਹੀ ਇਹ ਰੋਹੀ ਬ੍ਰਾਰਲੀ ਗਲੀ ਬਣ ਗਈ ਸੀ। ਉਹ ਇਸ ਗਲੀ ਵਿਚ ਡਿੱਗੇ ਢੱਠੇ ਸੁੱਕੇ ਗੁਹਿਆਂ ਨੂੰ ਬੱਚਿਆਂ ਵਾਂਗ ਠੁੱਡੇ ਮਾਰਦਾ ਤੇ ਪਠਾਣੀ ਟੱਪਿਆਂ ਦੇ ਰਹਾ 'ਤੇ ਸੀਟੀਆਂ ਵਜਾਉਂਦਾ ਲੰਘ ਗਿਆ। ਪਿੰਡ ਨਿਕਲ ਕੇ ਉਸ ਨੇ ਪਿੱਠ ਉੱਤੇ ਮੋਢੇ ਤੋਂ ਲਮਕ ਰਹੀ ਰਫ਼ਲ ਲਾਹੀ ਤੇ ਮਦਾਰੀ ਦੇ ਸਹੁਰੇ ਜਾਂਦੇ ਬਾਂਦਰ ਵਾਂਗ ਇਕ ਹੱਥ ਨਾਲ ਉਸ ਦਾ ਕੁੰਦਾ ਤੇ ਦੂਸਰੇ ਨਾਲ ਉਸ ਦੀ ਨਾਲੀ ਫੜ ਕੇ ਮੋਢਿਆਂ 'ਤੇ ਘੁਟ ਲਈ ਤੇ ਉੱਚੀਆਂ ਲੰਮੀਆਂ ਹੇਕਾਂ ਵਿਚ ਆਪਣੇ ਵਡੇਰੇ ਖੁਸ਼ਹਾਲ ਖਾਂ ਖਟਕ ਦੇ ਟੱਪੇ ਗਾਉਣ ਲਗ ਪਿਆ ਜੋ ਸਵੇਰ ਵੇਲੇ ਦਵੈਖੌੜ ਦੇ ਖੇਤਾਂ ਵਿਚ ਗੂੰਜ ਉੱਠੇ। ਜਦ ਉਹ ਗਾਉਂਦਾ ਗਾਉਂਦਾ ਪਿੰਡੋਂ ਡਿਹੜ ਮੀਲ ਨਿਕਲ ਆਇਆ ਤਾਂ ਅਗਲੇ ਪਾਸਿਉਂ ਜ਼ਨਾਨੀਆਂ ਦੇ ਬੋਲਣ ਦੀ ਭਿਣਕ ਪਈ। ਉਹ ਤਾੜ ਗਿਆ ਕਿ ਅੱਗੇ ਰੋਹੀ ਵਿਚ ਪਾਣੀ ਦਾ ਟੋਆ ਹੋਏਗਾ ਤੇ ਉਹ ਪਾਣੀ ਲੈਣ ਆਈਆਂ ਹੋਣਗੀਆਂ। ਰੋਹੀ ਦਾ ਅਗਲਾ ਵਲ ਮੁੜਦਿਆਂ ਉਸ ਨੂੰ ਵੀਹ ਪੰਝੀ ਨਿੱਕੀਆਂ ਵੱਡੀਆਂ ਵਜ਼ੀਰੀ ਜ਼ਨਾਨੀਆਂ ਦਿਸੀਆਂ ਜੋ ਛੋਟੀਆਂ ਛੋਟੀਆਂ ਬਾਲਟੀਆਂ ਜਾਂ ਮਿੱਟੀ ਦੇ ਕਸੋਰਿਆਂ ਨਾਲ ਟੋਏ ਵਿਚੋਂ ਰੇਤ ਵਿਚ ਰਲੀ ਮਿੱਟੀ ਨਾਲ ਗੰਧਲਿਆ ਹੋਇਆ ਪਾਣੀ ਲੈ ਲੈ ਭੋਏਂ ਤੇ ਪਈਆਂ ਮਸ਼ਕਾਂ ਭਰ ਰਹੀਆਂ ਸਨ ਤੇ ਉਨ੍ਹਾਂ ਮਸ਼ਕਾਂ ਨੂੰ ਲੱਦਣ ਲਈ ਏਨੀਆਂ ਹੀ ਖੋਤੀਆਂ ਐਧਰ ਓਧਰ ਖਲੋਤੀਆਂ ਸਨ। ਉਹ ਦਿਲੋਂ ਤਾਂ ਅੱਖੀਆਂ ਤੱਤੀਆਂ ਕਰਨ, ਪਰ ਉੱਤੋਂ ਪਾਣੀ ਪੀਣ ਲਈ ਉਹਨਾਂ ਵਲ ਵਧਿਆ। ਲਾਲ ਸੂਹੇ ਵਜ਼ੀਰੀ ਬਾਣੇ ਪਾਈ ਉਹ ਚੀਰ ਵਹੁਟੀਆਂ ਦੇ ਭੌਣ ਵਾਂਗ ਟੋਏ ਉਦਾਲੇ ਹੋਈਆਂ ਸਨ ਜੋ ਆਉਂਦੇ ਮਨੁੱਖ ਨੂੰ ਵੇਖ ਕੇ ਆਪੋ ਆਪਣੀ ਦਿੱਖ ਨੂੰ ਸੰਵਾਰਨ ਲਗ ਪਈਆਂ। ਸਿਹਰ ਗੁਲ ਨੇ ਉਹਨਾਂ ਤੋਂ ਜਾ ਪਾਣੀ ਮੰਗਿਆ। ਇਕ ਜਣੀ ਨੇ ਉਸ ਨੂੰ ਪਾਣੀ ਪਿਆਉਣ ਲਈ ਬਾਲਟੀ ਭਰ ਕੇ ਲਿਆਂਦੀ ਤੇ ਉਸ ਤੋਂ ਉਸ ਨੇ ਬੁਕ ਡਾਹ ਕੇ ਗੰਧਲਿਆ ਜਿਹਾ ਪਾਣੀ ਪੀ ਲਿਆ। ਉਸ ਨੇ ਸਾਰੀਆਂ ਤੇ ਇਕ ਉਡਵੀਂ

ਜਿਹੀ ਨਜ਼ਰ ਮਾਰੀ ਤੇ ਦੂਹੰ ਕੁ ਵਲ ਕੁਝ ਜਚਵੀਆਂ ਸਮਝ ਕੇ, ਚੋਰ ਨਜ਼ਰਾਂ ਸੁੱਟੀਆਂ ।

ਇਸ ਲਾਲ ਝੁਰਮਟ ਵਿਚ ਇਕ ਨੇ ਕਾਲਾ ਖਟਕੀ ਬਾਣਾ ਪਾਇਆ ਹੋਇਆ ਸੀ, ਜੋ ਨੂਰ-ਨਿਸ਼ਾ ਸੀ । ਆਪਣੀ ਹਮ ਕੌਮ ਸਮਝ ਕੇ ਸਿਹਰ ਗੁਲ ਨੇ ਇਸ ਮਾੜੋ ਜਿਹੀ ਜ਼ਨਾਨੀ ਵਲ ਉਚੇਚਾ ਵੇਖਿਆ । ਅੱਗੋਂ ਨੂਰ ਨਿਸ਼ਾ ਨੇ ਵੀ ਉਸ ਨੂੰ ਬਿਨਾਂ ਵਾਸਕਟ ਤੋਂ ਬੁੱਚੇ ਕੁੜਤੇ, ਅਗਾਂਹ ਕੀਤੇ ਵਲਾਂ ਵਾਲੀ ਗਿੱਟਿਆਂ ਤੋਂ ਉੱਚੀ ਸਲਵਾਰ, ਕਲੇਜੀ ਰੰਗ ਦੀ ਸਿਰ ਤੇ ਬੱਧੀ ਮੁਸ਼ਕੀ ਲੂੰਗੀ ਦੀ ਬਾਂਧ ਤੇ ਉਸਦੇ ਪਸ਼ਤੋ ਦੇ ਖਟਕੀ ਉਚਾਰਨ ਵਿਚ ਮੰਗੇ ਪਾਣੀ ਦੇ ਸੁਣੇ ਬੋਲ ਤੋਂ ਜਾਂਚ ਲਿਆ ਸੀ ਕਿ ਜਣਾ ਉਸ ਦਾ ਵਤਨੀ ਹੋਵੇਗਾ ।

ਸਿਹਰ ਗੁਲ ਜਦ ਪਾਣੀ ਨਾਲ ਭਿੱਜੇ ਬੁਲ੍ਹ ਸੱਜੇ ਹੱਥ ਦੀਆਂ ਅਗਲੀਆਂ ਉਂਗਲਾਂ ਨਾਲ ਪੂੰਝ ਕੇ ਤੁਰ ਪਿਆ ਤਾਂ ਨੂਰ ਨਿਸ਼ਾ ਬੜੀ ਹੁੱਬ ਕੇ ਉਸ ਦੇ ਮਗਰ ਗਈ ਤੇ ਲਾਡਾਂ ਭਰੇ ਸਵਰ ਵਿਚ ਮਲਕੜੇ ਜਿਹੇ ਪੁਛਿਆ :

"ਵੀਰਾ ! ਖਟਕ ਏਂ ?"

ਇਹ ਪੁਛਦਿਆਂ ਉਸ ਦਾ ਗਲ ਭਰ ਆਇਆ ਤੇ ਅੱਖਾਂ ਸਿਜ ਗਈਆਂ । ਸਿਹਰਗੁਲ ਦੇ 'ਹਾਂ' ਕਹਿੰਦੇ ਸਾਰ ਹੀ ਉਸ ਦਾ ਕੁਮਲਾਇਆ ਹੋਇਆ ਸੋਗੀ ਚਿਹਰਾ ਇੰਜ ਰੁਸ਼ਨਾ ਗਿਆ ਜਿਸ ਤਰ੍ਹਾਂ ਦੂਰ ਦੁਰੇਡੇ ਵਿਆਹੀ ਹੋਈ ਭੈਣ ਦਾ ਚਿਰੀਂ ਮਿਲਣ ਆਏ ਭਰਾ ਨੂੰ ਵੇਖ ਕੇ ਮੂੰਹ ਮੱਥਾ ਖਿੜ ਜਾਂਦਾ ਹੈ । ਉਹ ਉਸ ਵਲ ਜ਼ਰਾ ਹੋਰ ਅਗਾਂਹ ਹੋਈ ਤੇ ਜ਼ਨਾਨੀਆਂ ਦੇ ਕੰਨਾਂ ਤੋਂ ਦੂਰ ਹੋ ਕੇ ਉਸਨੇ ਹੱਥ ਜੋੜਕੇ ਮਿਨਤ ਕੀਤੀ :

"ਬੀਬਾ ਵੀਰ ! ਆਪਣੀ ਦੇਸ਼ ਵਿਛੁੰਨੀ ਢੱਕ ਨੂੰ ਏਸ ਪਰਦੇਸੀ ਦੋਜ਼ਖ ਵਿਚੋਂ ਕੱਢ ਲੈ ਚਲ" ਏਸ ਲਿਹਲੜੀ ਦੇ ਨਾਲ ਹੀ ਉਹ ਡੁਸਕ ਪਈ ਤੇ ਉਸ ਦੇ ਅੱਥਰੂ ਤ੍ਰਿਪ ਤ੍ਰਿਪ ਚੋਣ ਲਗ ਪਏ ।

ਇਹ ਵਿਰ੍ਹਤਾ ਸੁਣ ਕੇ ਸਿਹਰਗੁਲ ਦਾ ਮਨ ਭਰ ਆਇਆ, ਅੱਖਾਂ ਸਿਜ ਗਈਆਂ, ਜਿੰਨ੍ਹਾਂ ਤੋਂ ਵਗ ਪੈਣ ਨੂੰ ਤਿਆਰ ਹੋ ਪਏ ਹੰਝੂ ਉਸ ਮਸਾਂ ਰੋਕੇ । ਵਜ਼ੀਰੀਆਂ ਦੇ ਪੰਜੇ ਤੇ ਇਲਾਕੇ ਵਿਚੋਂ ਇਕੱਲਮ ਕੱਲਿਆਂ ਜ਼ਨਾਨੀ ਨੂੰ ਕੱਢ ਲਿਜਾਣ ਦੀ ਐਡੀ ਭਾਰੀ ਜਾਨ ਮਾਰਵੀਂ ਮੁਹਿੰਮ ਨੂੰ ਸਿਰ ਤੇ ਲੈਣ ਦੀ ਮੰਗ ਨੇ ਉਸ ਨੂੰ ਦੁਚਿਤੀ ਵਿਚ ਪਾ ਦਿਤਾ । ਉਹ ਨਿਰੁਤਰ ਜਿਹਾ ਹੋ ਕੇ ਡੂੰਘੀਆਂ ਸੋਚਾਂ ਵਿਚ ਪੈ ਗਿਆ ।

ਓਧਰ ਨੂਰ ਨਿਸ਼ਾ ਤਰਲੇ ਤੇ ਤਰਲਾ ਕਰੀ ਹਾੜੇ ਕਢੀ ਜਾਂਦੀ ਸੀ । ਉਸ ਦਾ ਤਰਲਾ ਰਿਹਾ ਮਨ ਪਾਣੀ ਬਣ ਬਣ ਅੱਖਾਂ ਵਿਚੋਂ ਇਸ ਤ੍ਰਹਾਂ ਵਗਣ ਲਗ ਪਿਆ, ਜਿਸ ਤਰ੍ਹਾਂ ਬਰਸਾਤ ਵਿਚ ਛੱਤ ਦਾ ਚੋਆ ਚੋ ਰਿਹਾ ਹੋਵੇ ।

ਇਹ ਕੰਮ ਐਨਾ ਸੋਖਾ ਨਹੀਂ ਸੀ ਜਿੰਨਾ ਆਖ ਲੈਣਾ । ਇਹ ਪਹਿਲਾਂ ਉਹਨਾਂ ਵਜ਼ੀਰੀਆਂ ਨਾਲ ਧਰੋਹ ਤੇ ਫੇਰ ਵੈਰ ਕਮਾਉਣ ਵਾਲੀ ਗੱਲ ਸੀ ਜਿਨ੍ਹਾਂ ਪਾਸ ਉਸ ਨੇ ਪਨਾਹ ਲਈ ਹੋਈ ਸੀ । ਦੂਸਰੇ ਇਸ ਮੁਹਿੰਮ ਵਿਚੋਂ ਜਿਉਂਦੇ ਨਿਕਲ ਜਾਣਾ ਬਹੁਤ ਹੀ ਦੁਭਰ ਸੀ । ਤੀਸਰੇ ਜੇ ਨਿਕਲ ਵੀ ਜਾਇਆ ਜਾਏ ਤਾਂ ਇਕ ਪਾਸੇ ਇਸ ਇਲਾਕੇ ਵਿਚ ਮੁੜ ਆਉਣਾ ਬੰਦ ਤੇ ਦੂਸਰੇ ਅੰਗਰੇਜ਼ੀ ਪੁਲਸ ਹਥੋਂ ਗਰਿਫਤਾਰੀ ਤੇ ਅਦਾਲਤੋਂ ਫਾਂਸੀ ਲਗ ਜਾਣਾ ਵਟ ਤੇ ਪਿਆ ਸੀ ।

"ਹੁਣ ?" ਇਹ ਬੜਾ ਹੀ ਬੋਝਲ ਤੇ ਅਸਹਿ ਸਵਾਲ ਸੀ, "ਭੈਣ ਪਿਆਰੀ ਕਰੇ ਜਾਂ ਵਜ਼ੀਰੀਆਂ ਦੀ ਪਨਾਹ ਤੇ ਆਪਣੀ ਜਾਨ ?"

ਉਹ ਸ਼ਸ਼ੋਪੰਜ ਵਿਚ ਪਿਆ ਹੋਇਆ ਸੀ। ਉਸ ਤੋਂ ਕੋਈ ਜਵਾਬ ਨਹੀਂ ਸੀ ਬਣ ਰਿਹਾ।

ਨੂਰ ਨਿਸ਼ਾ ਨੇ ਹਾੜੇ ਕਢਦੀ ਤੇ ਤਰਲੇ ਕਰਦੀ ਨੇ ਗੋਡਿਆਂ ਭਾਰ ਹੋ ਕੇ ਸਿਹਰਗੁਲ ਦੇ ਕੁੜਤੇ ਦਾ ਲੜ ਫੜ ਲਿਆ।

"ਵੀਰਾ"! ਉਹ ਫੇਰ ਡਡਿਆਈ, ਜਿਸ ਤਰ੍ਹਾਂ ਉਸ ਦੀ ਪਰਵਾਨਗੀ ਸੁਣਨਾ ਚਾਹੁੰਦੀ ਹੋਵੇ।

ਸਿਹਰਗੁਲ ਤੋਂ ਉਸਦੀਆਂ ਲਿਹਲੜੀਆਂ ਬਰਦਾਸ਼ਤ ਕਰਨੀਆਂ ਤੇ ਪੱਲਾ ਛੁਡਾਉਣਾ ਔਖਾ ਹੋ ਗਿਆ। ਉਸ ਨੇ ਸਿਰ ਚੁਕਿਆ। ਪਿਛਾਂ ਦਵੈਖੋੜ, ਅੱਗੇ ਸਾਰੇ ਦਿਨ ਦਾ ਲੰਮਾਂ ਰਾਹ ਤੇ ਉਦਾਲੇ ਪੁਦਾਲੇ ਖਿਲਰੇ ਹੋਏ ਵਜ਼ੀਰੀ ਇਲਾਕੇ ਵਲ ਨਿਗਾਹ ਮਾਰੀ। ਰਾਹ ਤੋਂ ਮੀਲ ਕੁ ਹਟਵੀਂ ਉਤਰ ਵਲ ਫੈਲੀ ਹੋਈ ਪਹਾੜੀ ਧਾਰ ਵਿਚਦੀ ਕੀਤੇ ਜਾਣ ਵਾਲੇ ਪੰਧ ਦੀ ਲੰਮਾਈ ਤੇ ਟਾਇਮ ਨੂੰ ਗਿਣਿਆ ਮਿਥਿਆ। ਇਸ ਧਾਰ ਤੋਂ ਪਰਲੀ ਪਾਰ 'ਖਟਕੀ' ਵਿਚ ਮਿਲਣਜੋਗ ਓਟਾਂ ਨੂੰ ਤਾੜਿਆ, ਲੱਕ ਉਦਾਲੇ ਤੜਾਗੀ ਵਾਂਗ ਕੱਸੀ ਹੋਈ ਕਾਰਤੂਸਾਂ ਦੀ ਪੇਟੀ ਤੇ ਹੱਥ ਫੇਰਿਆ। ਰਫਲ ਨੂੰ ਪਿੱਠ ਤੋਂ ਅਗਾਂਹ ਲਿਆ ਕੇ ਸੱਜੇ ਹੱਥ ਨਾਲ ਠਕੋਰਿਆ ਤੇ ਫੇਰ ਉਤਲੇ ਦੰਦਾਂ ਵਿਚ ਹੇਠਲੇ ਬੁਲ੍ਹ ਘੁਟ ਕੇ ਉਸ ਤੋਂ ਬੜੀ ਮੁਸ਼ਕਲ ਨਾਲ ਆਖਿਆ ਗਿਆ।

"ਚੰਗਾ......ਚਲ"।

ਨੂਰ ਨਿਸ਼ਾ ਉਠ ਕੇ ਖਲੋ ਗਈ। ਪਰ ਸਿਹਰਗੁਲ ਨੇ ਜ਼ਰਾ ਠਹਿਰ ਕੇ ਫੇਰ ਸਲਾਹ ਦਿਤੀ। "ਏਥੋਂ ਨਹੀਂ! ਤੂੰ ਇਕ ਵਾਰ ਘਰੋਂ ਹੋ ਆ। ਹੁਣੇ ਹੀ ਨਾ ਪਾਅਰਿਆ ਪਾਅਤਿਆ ਹੋ ਜਾਏ ਤੇ ਵਾਅਰ ਉਠ ਪਏ।" ਉਹਨਾਂ ਭੱਜਣ ਵਾਸਤੇ ਸਮਾਂ ਤੇ ਮੁੜ ਮਿਲਣ ਦੀ ਥਾਂ ਮਿਥ ਲਈ।

ਸਿਹਰਗੁਲ ਜ਼ਨਾਨੀਆਂ ਦੇ ਭਰਮ ਤੋਂ ਬਚਾਅ ਰਖਣ ਲਈ ਆਪਣੇ ਰਸਤੇ ਹੀ ਚੜ੍ਹਦੇ ਵਲ ਤੁਰ ਪਿਆ ਤੇ ਢੇਰ ਦੂਰ ਜਾ ਕੇ ਰੋਹੀ ਦੇ ਢਾਹੇ ਵਿਚ ਇਕ ਪਲਸੇਤੀ ਥਾਂ ਬੈਠ ਗਿਆ। ਜਦ ਜ਼ਨਾਨੀਆਂ ਪਾਣੀ ਲੈ ਕੇ ਪਿੰਡ ਨੂੰ ਤੁਰ ਗਈਆਂ ਤੇ ਟੋਏ ਉਤੋਂ ਚਾਨ ਭਾਨ ਮਿਟ ਗਈ ਤਾਂ ਉਹ ਵਾਪਸ ਮੁੜ ਆਇਆ ਤੇ ਪਹਾੜ ਵਲੋਂ ਆ ਕੇ ਰੋਹੀ ਨਾਲ ਰਲ ਰਹੀ ਇਕ ਹੋਰ ਛੋਟੀ ਜਿਹੀ ਰੋਹੀ ਵਿਚ ਪੈ ਕੇ ਪਹਾੜ ਦੇ ਪੈਰਾਂ ਵਿਚ ਪਿੰਡ ਦੇ ਸਾਹਮਣੇ ਵਾਲੇ ਘਰਲ ਅੰਦਰ ਇਕ ਬਰੂਟੇ ਦੀ ਛਾਵੇਂ ਚਾਦਰ ਸੁੱਟ ਕੇ ਬੈਠ ਗਿਆ। ਏਥੋਂ ਪਿੰਡ ਤੇ ਵਿਚਾਲੇ ਦੀ ਥਾਂ ਦਾ ਸਭ ਕੁਝ ਦਿਸਦਾ ਸੀ। ਉਹ ਪਿੰਡ ਵਿਚ ਫਿਰ ਰਹੇ ਜੀਆਂ ਨੂੰ ਨਿਗਾਹ ਹੇਠ ਰੱਖਣ ਲਗ ਪਿਆ।

ਸਿਹਰਗੁਲ ਦੇ 'ਪਠਾਣੀ ਹਾਂ' ਕਰ ਦੇਣ ਨਾਲ ਵਜ਼ੀਰੀ ਪਰਦੇਸ ਵਿਚੋਂ ਨਿਕਲਕੇ ਨੂਰ ਨਿਸ਼ਾ ਨੂੰ ਘਰ ਪਹੁੰਚ ਜਾਣ ਦਾ ਪੂਰਾ ਨਿਸ਼ਚਾ ਹੋ ਗਿਆ। ਉਸਨੂੰ ਵਿਆਹ ਵੇਲੇ ਸਹੁਰੇ ਘਰ ਜਾਣ ਨਾਲੋਂ, ਹੁਣ ਮੁੜ ਆਪਣੇ ਘਰ ਜਾਣ ਦੀ ਬੱਝੀ ਆਸ ਦੀ ਕਈ ਗੁਣਾ ਜ਼ਿਆਦਾ ਖੁਸ਼ੀ ਸੀ। ਉਹ ਇਸ ਸੁਖਾਂ ਲੱਦੀ ਆਸ ਦੀ ਪੂਰਤੀ ਲਈ ਵੱਡੇ ਤੋਂ ਵੱਡਾ ਖਤਰਾ ਮੁਲ ਲੈਣ ਤੇ ਹਰ ਜ਼ਨਾਨਾ ਚਲਿਤਰ ਖੇਡਣ ਲਈ ਤਿਆਰ ਹੋ ਪਈ। ਅੱਗੇ ਜਿਥੇ ਉਹਦੇ ਅੰਦਰ ਬਾਹਰ ਉਦਾਸੀ ਹੀ ਉਦਾਸੀ ਸੀ, ਤੇ ਉਹ ਅੰਦਰੋਂ ਬਾਹਰੋਂ ਵਿਰਲਾਪ ਕਰਦੀ ਤੇ ਕੀਰਨੇ ਪਾਉਂਦੀ ਰਹਿੰਦੀ ਸੀ, ਹੁਣ ਅੰਦਰੋਂ ਖੁਸ਼ ਤੇ ਰਾਜ਼ੀ ਸੀ ਤੇ ਬਾਹਰੋਂ ਲੋਕਾਚਾਰੀ ਲਈ ਉਸ ਨੇ ਸਾਂਗਧਾਰੀਆਂ ਵਾਂਗ ਸੋਗ ਤੇ ਉਦਾਸੀ ਦਾ ਉਹੀ ਪਹਿਲਾ ਵਿਖਾਵਾ ਕਰੀ ਰਖਣਾ ਸੀ।

ਉਸ ਨੇ ਸਿਹਰਗੁਲ ਤੋਂ ਹਟ ਕੇ ਆਪਣੇ ਸਰੀਰ ਤੇ ਅੱਗੇ ਨਾਲੋਂ ਵੀ ਵਧ ਗਮੀ ਦੇ

ਨਿਸ਼ਾਨ ਉਭਾਰ ਲਏ ਤੇ ਇਸ ਤਰ੍ਹਾਂ ਬੁਸਕਣ ਲਗ ਪਈ, ਜਿਸ ਤਰ੍ਹਾਂ ਜਾਪੇ, ਕਿ ਰਾਹੀ ਦੇ ਰੁੱਖੇ ਰਵਈਏ ਨੇ ਵਧੇਰੇ ਸੱਟ ਮਾਰ ਕੇ ਉਸ ਦੇ ਅਲੂਏਂ ਫੱਟ ਹੋਰ ਦੁਖਾ ਦਿਤੇ ਹੋਣ। ਉਸ ਨੇ ਜ਼ਾਹਰਾ ਤੌਰ ਤੇ ਅੱਗੇ ਨਾਲੋਂ ਵੀ ਜ਼ਿਆਦਾ ਸਾਹ ਸਤ ਛੱਡ ਦਿੱਤਾ ਤੇ ਇਕ ਪਾਸੇ ਢੱਕੀ ਨਾਲ ਢੋਹ ਲਾ ਕੇ ਪਿੱਠ ਪਰਨੇ ਲੰਮੀ ਪੈ ਗਈ ਤੇ ਸੱਜੀ ਬਾਂਹ ਨਾਲ ਅੱਖਾਂ ਢਕ ਕੇ ਰੂੰ ਰੂੰ ਕਰਨ ਲਗ ਪਈ। ਨਾਲ ਦੀਆਂ ਨੂੰ ਉਸ ਦੀ ਮੰਦੀ ਹਾਲਤ ਵੇਖ ਕੇ ਬੜਾ ਤਰਸ ਆਇਆ। ਕਈ ਉਹਨੂੰ ਦਮ ਦਲਾਸੇ ਦੇਣ ਲਈ ਕੋਲ ਆ ਬੈਠੀਆਂ ਤੇ ਕਈਆਂ ਨੇ ਬਾਲਟੀਉ ਬਾਲਟੀ ਉਸਦੀ ਮਸ਼ਕ ਭਰ ਕੇ ਖੋਤੀ ਉਤੇ ਲੱਦ ਦਿੱਤੀ। ਤੁਰਨ ਲਗਿਆਂ ਉਹਨਾਂ ਨੇ ਨੂਰ ਨਿਸ਼ਾ ਨੂੰ ਵਰਚਾ ਲਿਆ। ਪਾਣੀ ਭਰਨ ਆਈਆਂ ਦਾ ਕਾਫਲਾ ਖੋਤੀਆਂ ਹੱਕ ਕੇ ਪਿੰਡ ਨੂੰ ਤੁਰ ਪਿਆ। ਉਸ ਦੀ ਖੋਤੀ ਵੀ ਕਾਫਲੇ ਮਗਰ ਲਗ ਤੁਰੀ। ਉਸ ਨੇ ਜਾਣ ਬੁਝ ਕੇ ਖੋਤੀ ਨੂੰ ਹਿਕ ਹਿਕ ਸਾਥ ਨਾਲ ਰਲਣ ਦਾ ਚਾਰਾ ਨਾ ਕੀਤਾ। ਸਾਥ ਬਹੁਤ ਦੂਰ ਅਗੇ ਚਲਿਆ ਗਿਆ। ਏਸ ਤਰ੍ਹਾਂ ਜਦ ਉਹ ਪਿਛੇ ਇਕੱਲੀ ਰਹਿ ਗਈ ਤਾਂ ਉਸ ਨੇ ਆਪਣੀਆਂ ਖੁਸ਼ੀਆਂ ਦਾ ਵੈਕਿਊਮ ਖੋਲ੍ਹ ਦਿਤਾ, ਤਾਂ ਜੋ ਹੌਲੀ ਹੋ ਕੇ ਇਹਨਾਂ ਨੂੰ ਨੱਪੀ ਰਖਣ ਦਾ ਸਫਲ ਸਾਂਗ ਭਰ ਸਕੇ। ਉਸ ਨੇ ਘਰੋਂ ਤੁਰਨ ਦਾ ਪੱਜ ਲਾਉਣ ਤੇ ਲੋੜੀਂਦਾ ਸਾਮਾਨ ਨਾਲ ਲੈ ਜਾਣ ਦੀ ਸਾਰੀ ਵਿਉਂਤ ਬਣਾ ਲਈ।

ਉਸ ਦਿਨ ਉਸ ਦਾ ਉਧਾਲੂ ਵਜ਼ੀਰੀ ਅਕਬਰ ਖਾਂ ਹਲ ਵਾਹੁਣ ਗਿਆ ਹੋਇਆ ਸੀ। ਬੁਢੜੀ ਸੱਸ ਵਧੇਰੇ ਮਾਂਦੀ ਬਾਹਰ ਵਿਹੜੇ ਵਿਚ ਕੰਧ ਦੀ ਛਾਵੇਂ ਮੰਜੀ ਡਾਹ ਕੇ ਲੰਮੀ ਪਈ ਹੂੰਗਰ ਮਾਰ ਰਹੀ ਸੀ। ਉਸ ਨੇ ਨੂਰ ਨਿਸ਼ਾ ਨੂੰ ਅਕਬਰ 'ਖਸਮ' ਦੀ ਰੋਟੀ ਪਕਾ ਕੇ ਖੇਤਾਂ ਵਿਚ ਲਿਜਾਣ ਲਈ ਤਰਲਾ ਮਾਰਿਆ। ਇਹ ਕੰਮ ਨੂਰ ਨਿਸ਼ਾ ਨੇ ਜਦ ਤੋਂ ਉਧਾਲੀ ਆਈ ਸੀ ਅੱਗੇ ਨਹੀਂ ਸੀ ਕੀਤਾ। ਅੱਜ ਬੁਢੜੀ ਨੇ ਹਾੜ੍ਹੇ ਕਢੇ ਤੇ ਬੀਮਾਰੀ ਦੇ ਵਾਸਤੇ ਪਾਏ। ਨੂਰ ਨਿਸ਼ਾ, ਜੋ ਅੱਗੇ ਹੀ ਬਾਹਰ ਜਾਣ ਲਈ ਬਹਾਨਾ ਚਾਹੁੰਦੀ ਸੀ, ਉਤੋਂ ਨਾਂਹ ਨੁੱਕਰ ਕਰਕੇ ਅਖੀਰ ਮੰਨ ਗਈ। ਉਸ ਨੇ ਇਸ ਪਕਾ ਪਕਾਈ ਦੇ ਪੱਜ ਆਪਣਾ ਪਲਾ ਪਕਾ ਲਿਆ ਤੇ ਤੁਰਨ ਦੀਆਂ ਤਿਆਰੀਆਂ ਕਰਨ ਲਗ ਪਈ। ਬੁਢੜੀ ਭਾਣੇ ਉਹ ਖੇਤ ਜਾਣ ਲਈ ਤਿਆਰ ਹੋ ਰਹੀ ਸੀ। ਉਸ ਨੇ ਅੰਦਰ ਜਾ ਕੇ ਖੱਬੀ ਕੰਧ ਦੀ ਕਿੱਲੀ ਤੋਂ ਟੰਗੀ ਹੋਈ ਕਾਰਤੂਸਾਂ ਦੀ ਪੇਟੀ ਲਾਹੀ, ਮੁੜ ਇਕ ਨੁਕਰੇ ਪਏ ਬਕਸੇ ਵਿਚੋਂ ਪਿਸਤੌਲ ਦੀਆਂ ਗੋਲੀਆਂ ਦੀ ਹਮੇਲ ਕਢੀ ਤੇ ਦੋਵੇਂ ਪੇਟੀਆਂ ਪੁਸ਼ਵਾਜ਼* ਹੇਠ ਲੱਕ ਨਾਲ ਕੱਸ ਲਈਆਂ। ਪਿਸਤੌਲ ਲੈ ਕੇ ਭਰਿਆ ਤੇ ਇਸ ਦਾ ਕੁੱਤਾ ਚਾੜ੍ਹਕੇ ਸੁੱਥਣ ਦੇ ਨੇਫੇ ਵਿਚ ਅੜੰਗ ਲਿਆ। ਰਫਲ ਦਾ ਛਿਆਂ ਗੋਲੀਆਂ ਨਾਲ ਭਰਿਆ ਹੋਇਆ ਮੈਗਜ਼ੀਨ ਲੈ ਕੇ ਦੂਸਰੇ ਨੇਫੇ ਟੁੰਗ ਲਿਆ। ਪੋਣੇ ਵਿਚ ਰੋਟੀਆਂ ਦੇ ਨਾਲ ਨਾਲ ਪੁਸ਼ਵਾਜ਼ ਤੇ ਸਿਰਪਲੂ ਵੀ ਇਕ ਪੋਟਲੀ ਵਿਚ ਬੰਨ੍ਹਕੇ ਰਖ ਲਏ ਜੋ ਅਕਬਰ ਨੇ ਉਸ ਲਈ ਨਵੇਂ ਬਣਵਾਕੇ ਲਿਆਂਦੇ ਹੋਏ ਸਨ ਤੇ ਉਸ ਅਜੇ ਨਹੀਂ ਸਨ ਪਾਏ। ਉਹ ਇਹ ਪੰਡੋਕੜੀ ਸਿਰ ਤੇ ਰਖ ਕੇ ਘਰੋਂ ਨਿਕਲ ਤੁਰੀ ਤੇ ਲਹਿੰਦੇ ਵਲੋਂ ਆ ਰਹੀ ਪਿੰਡ ਦੀ ਉਤਰੀ ਰੋਹੀ ਵਿਚ ਪੈ ਗਈ।

ਸਿਹਰਗੁਲ ਨੂੰ ਉਡੀਕਦਿਆਂ ਦੁਪਹਿਰ ਹੋ ਗਈ ਸੀ। ਨੂਰ ਨਿਸ਼ਾ ਨੂੰ ਦੂਰੋਂ ਆਉਂਦੀ ਵੇਖਕੇ ਉਸ ਦਾ ਦਿਲ ਧਕ ਧਕ ਵਜਣ ਲਗ ਪਿਆ। ਜੋਖੋਂ ਭਰੀ ਮੁਹਿੰਮ ਅਰੰਭ ਹੋ ਗਈ ਸੀ। ਵਜ਼ੀਰੀ

*ਕੁੜਤਾ ਤੇ ਘੱਗਰੀ ਇਕੱਠੇ ਸੀਤੇ ਹੋਏ।

ਰਫਲਾਂ ਦੇ ਡਰ ਨੇ ਉਸ ਨੂੰ ਕਾਂਬਾ ਲਾ ਦਿਤਾ ਤੇ ਉਹਨਾਂ ਨਾਲ ਧਰੋਹ ਕਮਾਉਣ ਦੀ ਨਮੋਸ਼ੀ ਨੇ ਉਸ ਨੂੰ ਤੇਲੀਉ ਤੇਲੀ ਕਰ ਦਿਤਾ। ਉਸ ਨੇ ਆਪਣੀ ਇਸ ਢਹਿੰਦੀ ਕਲਾ ਨੂੰ ਮਨ ਤਗੜਾ ਕਰਕੇ ਡਿਗਣੋਂ ਰੋਕ ਲਿਆ ਤੇ ਭੈਣ ਨਾਲ ਕੀਤੇ ਬਚਨ ਦੀ ਖਾਤਰ ਵਜ਼ੀਰੀਆਂ ਨਾਲ ਲੜਾਈ ਮੁਲ ਲੈਣ ਤੇ ਦੁਸ਼ਮਣੀ ਕਮਾਉਣ ਦੀ ਬਿਪਤਾ ਸਹੇੜਣ ਲਈ ਤਿਆਰ ਹੋ ਗਿਆ।

ਨੂਰ ਨਿਸ਼ਾ ਨੇ ਲਿਆਂਦਾ ਹੋਇਆ ਸਾਮਾਨ ਸਿਹਰਗੁਲ ਨੂੰ ਦਿਤਾ। ਰਫ਼ਲ ਦੇ ਕਾਰਤੂਸਾਂ ਦੀ ਪੇਟੀ ਤਾਂ ਸਿਹਰਗੁਲ ਨੇ ਆਪਣੇ ਲੱਕ ਨਾਲ ਲਾ ਲਈ। ਪਿਸਤੌਲ ਤੇ ਇਸ ਦੇ ਕਾਰਤੂਸਾਂ ਦੀ ਪੇਟੀ ਨੂਰ ਨਿਸ਼ਾ ਨੇ ਆਪਣੇ ਪਾਸ ਰਖ ਲਈ। ਸਿਹਰਗੁਲ ਨੇ ਲਿਆਂਦੇ ਰਫਲ ਦੇ ਮੈਗਜ਼ੀਨ ਨੂੰ ਆਪਣੀ ਰਫਲੇ ਚਾੜ੍ਹ ਕੇ ਵੇਖ ਲਿਆ, ਜੋ ਫਿਟ ਬਹਿ ਗਿਆ ਤੇ ਉਸ ਨੂੰ ਸਲਵਾਰ ਦੀ ਡਬ ਵਿਚ ਅੜਾ ਲਿਆ।

ਨੂਰ ਨਿਸ਼ਾ ਨੇ ਪੋਟਲੀ ਵਿਚੋਂ ਲਾਲ ਵਜ਼ੀਰੀ ਲੀੜੇ ਕਢ ਕੇ ਕਾਲੇ ਖਟਕੀ ਪਹਿਰਾਵੇ ਦੇ ਉਤੋਂ ਦੀ ਪਾ ਲਏ ਤਾਂ ਜੋ ਦੂਰੋਂ ਵੇਖਣ ਵਾਲੇ ਨੂੰ ਖਟਕ ਦੀ ਥਾਂ ਉਹ ਵਜ਼ੀਰੀ ਜਾਪੇ। ਉਹਨਾਂ ਨੇ ਤੁਰੇ ਜਾਂਦਿਆਂ ਖਾਣ ਲਈ ਆਪੋ ਆਪਣੀਆਂ ਰੋਟੀਆਂ ਹੱਥਾਂ ਵਿਚ ਫੜ ਲਈਆਂ। ਨੂਰ ਨਿਸ਼ਾ ਦੇ ਸਿਰ ਦਾ ਕਾਲਾ ਸਿਰਪਲ੍ਹ ਤੇ ਬਾਕੀ ਰੋਟੀਆਂ ਚਾਦਰ ਦੇ ਲੜ ਬੰਨ੍ਹ ਕੇ ਸਿਹਰਗੁਲ ਨੇ ਸਿਰ ਤੇ ਰਖ ਲਈਆਂ ਤੇ "ਇਨਸ਼ਾ ਅੱਲਾ ਕਹਿਕੇ" ਰੱਬ ਤੋਂ ਦੁਆ ਮੰਗਦੇ ਤੁਰ ਪਏ।

ਉਹਨਾਂ ਨੇ ਉਸ ਸਿਧ ਪੱਧਰੇ ਰਸਤੇ ਜਾਣ ਦੀ ਥਾਂ, ਜਿਥੋਂ ਦੀ ਨੂਰ ਨਿਸ਼ਾ ਨੂੰ ਲਿਆਂਦਾ ਗਿਆ ਸੀ ਜਾਂ ਜਿਧਰ ਦੀ ਸਿਹਰਗੁਲ ਆਪ ਜਾ ਰਿਹਾ ਸੀ, ਏਥੋਂ ਚੌੜੇ ਰੁਖ ਨੂੰ ਪਹਾੜ ਪਾਰ ਕਰਕੇ ਛੇਤੀ ਹੀ ਖਟਕੀ ਵਿਚ ਜਾ ਵੜਨ ਦੀ ਸਲਾਹ ਪਕਾਈ। ਉਹ ਥੋੜ੍ਹਾ ਜਿਹਾ ਹੋਰ ਲਹਿੰਦੇ ਵਲ ਨੂੰ ਹੋ ਕੇ ਇਕ ਨਵੇਂ ਰਾਹ ਪੈ ਗਏ, ਜੋ ਦਵੈਖੋੜ ਵਲੋਂ ਆ ਕੇ ਖੱਡਾਂ ਉਤਰਦਾ ਚੜ੍ਹਦਾ ਪਹਾੜ ਦੀਆਂ ਢਾਕਾਂ ਤੋਂ ਦੀ ਪੇਲਦਾ, ਘਾਟੀਆਂ ਉਲੰਘਦਾ ਪੰਦਰਾਂ ਕੁ ਮੀਲ ਜਾ ਕੇ ਬਹਾਦਰ ਖੇਲ ਦੇ ਲਮਤਲੰਮੇ ਮੈਦਾਨੀ ਵਿਰਲ ਅੰਦਰ ਖਟਕਾਂ ਦੇ ਆਪਣੇ ਘਰਾਂ ਵਿਚ ਜਾ ਉਤਰਦਾ ਸੀ ਜਿੱਥੇ ਇਹਨਾਂ ਭੈਣ ਭਰਾਵਾਂ ਨੂੰ ਸ਼ਰਨ ਮਿਲ ਜਾਣੀ ਸੀ।

ਸਿਹਰਗੁਲ ਤੇ ਨੂਰ ਨਿਸ਼ਾਂ ਅਮਨ ਚੈਨ ਨਾਲ ਪਹਾੜ ਚੜ੍ਹੀ ਤੇ ਲੰਘੀ ਗਏ। ਪਰ ਅੱਧਾ ਕੁ ਪੈਂਡਾ ਜਾ ਕੇ ਨੂਰ ਨਿਸ਼ਾ ਮਰਦਾਵੀਂ ਤੋਰ ਨਾਲ ਵਾਰਾ ਨਾ ਖਾ ਸਕੀ, ਜੋ ਤਿੰਨਾਂ ਮਹੀਨਿਆਂ ਦੀ ਕਮਖੁਰਾਕੀ, ਹੌਕਿਆਂ ਤੇ ਹਾਵਿਆਂ ਦੀ ਮਾਰੀ ਲਿੱਸੀ ਹੋਈ ਹੋਈ ਸੀ। ਉਸ ਦੇ ਸਰੀਰ ਦੀ ਮੁੜੱਤਣ ਗੁਲਾਮੀ ਵਿਚੋਂ ਭੱਜ ਨਿਕਲਣ ਦੇ ਚਾ ਤੇ ਜੋਸ਼ ਉੱਤੇ ਭਾਰੂ ਹੋਣ ਲਗ ਪਈ। ਉਸ ਦੀ ਦੌੜ ਜਾਣ ਦੀ ਫੁਰਤੀ ਪਹਿਲੀ ਲੰਮੀ ਚੜ੍ਹਾਈ ਵਿਚ ਹੀ ਨਰਮ ਤੇ ਮੱਧਮ ਪੈ ਗਈ, ਜਿਸ ਕਰਕੇ ਉਹਨਾਂ ਦੀ ਰਫ਼ਤਾਰ ਜ਼ਰੂਰਤ ਤੋਂ ਬਹੁਤ ਘਟ ਗਈ। ਜਦ ਕਿ ਉਹਨਾਂ ਨੂੰ ਪਿਛੋਂ ਵਾਹਰ ਚੜ੍ਹ ਆਉਣ ਦਾ ਖਤਰਾ ਲਗਾ ਹੋਇਆ ਸੀ। ਇਸ ਲਈ ਉਹ ਹਰ ਚੜ੍ਹਾਈ ਚੜ੍ਹਦੇ ਚੜ੍ਹਦੇ ਗਿੱਦੜਾਂ ਵਾਂਗ ਖਲੋ ਖਲੋ ਪਿਛਾਂਹ ਵੇਖ ਲੈਂਦੇ। ਇਸ ਵੇਖਾ ਵੇਖੀ ਦੇ ਟਾਈਮ ਨੇ ਵੀ ਉਹਨਾਂ ਦੇ ਪੈਂਡੇ ਵਿਚ ਫਰਕ ਪਾ ਦਿਤਾ। ਫੇਰ ਵੀ ਉਹ ਦਸ ਬਾਰਾਂ ਮੀਲ ਖੈਰੀਂ ਮਿਹਰੀਂ ਲੰਘ ਆਏ। ਹੁਣ ਉਹ ਪੈਰੋ ਪੈਰ ਨਿਸਚਿੰਤ ਹੁੰਦੇ ਜਾਂਦੇ ਸਨ।

ਉਹ ਹੁਣ ਆਖਰੀ ਘਾਟੀ ਚੜ੍ਹ ਰਹੇ ਸਨ, ਜਿਸ ਤੋਂ ਅਗਾਂਹ ਉਤਰ ਕੇ ਖਟਕਾਂ ਦਾ ਆਪਣਾ ਦੇਸ਼ ਆ ਜਾਣਾ ਸੀ। ਜਦ ਉਹ ਸਿਖਰ ਲਾਗੇ ਪਹਾੜ ਦੀ ਇਕ ਵੱਡੀ ਸਾਰੀ ਚਟਾਨ ਦਾ

ਮੋੜ ਮੁੜਨ ਲਗੇ ਤਾਂ ਉਹਨਾਂ ਆਪਣੇ ਹੇਠਾਂ ਲਹਾਈ ਵਿਚ ਆਉਂਦੇ ਬੰਦਿਆਂ ਦੇ ਬੋਲਣ ਦੀ ਆਵਾਜ਼ ਸੁਣੀ। ਉਹਨਾਂ ਤ੍ਰਬਕ ਕੇ ਵੇਖਿਆ ਤਾਂ ਪੰਜ ਵਜ਼ੀਰੀ ਵਾਉ ਦਾਈ ਘਾਟੀ ਚੜ੍ਹੀ ਆ ਰਹੇ ਸਨ। ਉਹਨਾਂ ਦਾ ਕਲੇਜਾ ਧੜਕਿਆ।

"ਵੀਰਾ! ਨਖਾਫਣੇ ਆ ਗਏ ਈ।" ਨੂਰ ਨਿਸ਼ਾ ਡਡਿਆ ਉਠੀ ਤੇ ਮੁੜ੍ਹਕੋ ਮੁੜ੍ਹਕੀ ਹੋ ਕੇ ਪੀਲੀ ਭੂਕ ਹੋ ਗਈ। ਉਹ ਸਿਹਰਗੁਲ ਦੀ ਬਾਂਹ ਵਿਚ ਬਾਂਹ ਪਾ ਕੇ ਉਸ ਦੀ ਵੱਖੀ ਨਾਲ ਇਸ ਤਰ੍ਹਾਂ ਲਗ ਗਈ, ਜਿਸ ਤਰ੍ਹਾਂ ਨਿੱਕੇ ਭੈਣ ਭਰਾ ਵਢਾਕਲ ਕੁੱਤੇ ਜਾਂ ਕਿਸੇ ਮਾਰਕੇ ਢਟੇ ਤੋਂ ਡਰ ਕੇ ਜੁੜ ਖਲੋਂਦੇ ਹਨ।

"ਤਕੜੀ ਰਹੀਂ"। ਸਿਹਰਗੁਲ ਨੇ ਦਲਾਸਾ ਦਿਤਾ। "ਖੁਦਾ ਖੈਰ ਕਰੇ, ਜਿਉਂਦੇ ਖਟਕ ਪਾਸੋਂ ਕੋਈ ਤਾਕਤ ਵੀ ਭੈਣ ਨੂੰ ਨਹੀਂ ਖੁਹ ਸਕਦੀ।"

ਉਸ ਨੇ ਪਿਛੋਂ ਮੋਢੇ ਤੋਂ ਲਾਹ ਕੇ ਰਫ਼ਲ ਹੱਥ ਵਿਚ ਫੜ ਲਈ ਤੇ ਲੜਾਈ ਦਾ ਪੈਂਤੜਾ ਬੰਨ੍ਹ ਲਿਆ। ਏਥੇ ਉਚਾਈ ਤੋਂ ਉਹਨਾਂ ਨੂੰ ਲਹਾਈ ਉਤੇ ਰਖ ਕੇ ਹੇਠੋਂ ਆ ਰਿਹਾਂ ਨਾਲ ਸਿਝਣਾ ਚੰਗਾ ਸਮਝਿਆ। ਉਹ ਦੋਵੇਂ ਉਸੇ ਚਟਾਨ ਦੀ ਓਟ ਲੈ ਕੇ ਖਲੋ ਗਏ, ਜਿਸ ਦਾ ਉਹ ਮੋੜ ਕੱਟ ਰਹੇ ਸਨ ਤੇ ਜੋ ਪਾਸੇ ਤੇ ਖੜੇ ਪਹਾੜ ਤੋਂ ਬਾਹਰ ਨਿਕਲੀ ਹੋਈ ਸੀ ਤੇ ਉਹਨਾਂ ਨੂੰ ਛਾਤੀ ਤਕ ਉਚੀ ਆਉਂਦੀ ਸੀ। ਇਹ ਚਟਾਨ ਹੇਠੋਂ ਆਉਣ ਵਾਲੀਆਂ ਗੋਲੀਆਂ ਤੋ ਚੰਗੀ ਬਚਾਵੀਂ ਢਾਲ ਸੀ। ਸਿਹਰਗੁਲ ਨੇ ਰਫਲ ਦੇ ਘੋੜੇ ਤੇ ਮੈਗਜ਼ੀਨ ਨੂੰ ਪਰਖਿਆ, ਗੋਲੀਆਂ ਵੇਖੀਆਂ ਤੇ ਕਾਰਤੂਸਾਂ ਦੀ ਇਕ ਪੇਟੀ ਲੱਕੋਂ ਲਾਹ ਕੇ ਦੂਸਰਾ ਮੈਗਜ਼ੀਨ ਨੇਫੇ ਵਿਚੋਂ ਕਢ ਕੇ ਦੋਵੇਂ ਥੋਕ ਨੂਰ ਨਿਸ਼ਾ ਨੂੰ ਫੜਾ ਦਿਤੇ, ਤਾਂ ਜੋ ਉਹ ਮੈਗਜ਼ੀਨ ਭਰ ਭਰ ਉਸ ਨੂੰ ਫੜਾਈ ਜਾਵੇ। ਨੂਰ ਨਿਸ਼ਾ ਨੇ ਵੀ ਨੇਫੇ ਵਿਚੋਂ ਪਿਸਤੌਲ ਕਢਿਆ ਤੇ ਕੁੱਤਾ ਹਟਾ ਕੇ ਸੱਜੇ ਹੱਥ ਵਿਚ ਫ਼ੜ ਲਿਆ ਤੇ ਭਰਾ ਦੇ ਪਿੱਛੇ ਹੋ ਕੇ ਖਲੋ ਗਈ।

ਦੋਵੇਂ ਭੈਣ ਭਰਾ ਚਟਾਨ ਉਹਲੇ ਮੋਰਚਾ ਲੈ ਖਲੋਤੇ ਤੇ ਆਉਂਦੇ ਵਜ਼ੀਰੀਆਂ ਨੂੰ ਰਫ਼ਲ ਦੀ ਜੱਚਵੀਂ ਤੇ ਯਕੀਨੀ ਮਾਰ ਹੇਠਾਂ ਆਉਣ ਨੂੰ ਉਡੀਕਣ ਲਗ ਪਏ।

ਵਜ਼ੀਰੀਆਂ ਨੂੰ ਸ਼ਾਇਦ ਅਜੇ ਇਹ ਦਿਸੇ ਨਹੀਂ ਸਨ। ਦਿਸੇ ਵੀ ਹੋਣ ਤਾਂ ਵੀ ਲਾਲ ਜ਼ਨਾਨੀ ਪੁਸ਼ਾਕ ਕਰਕੇ ਉਹ ਦੂਰੋਂ ਸਿਆਣ ਵਿਚ ਨਾ ਆਏ ਹੋਣ। ਏਸੇ ਕਰਕੇ ਉਹ ਨਿਸ਼ੰਗ ਹੋ ਕੇ ਵਾਉਦਾਈ ਧਾਈ ਕਰੀ ਆ ਰਹੇ ਸਨ।

ਜਦ ਉਹ ਗੋਲੀ ਦੀ ਮਾਰ ਹੇਠ ਆ ਗਏ ਤਾਂ ਸਿਹਰਗੁਲ ਨੇ 'ਬਿਸਮਿੱਲਾ' ਕਹਿ ਕੇ ਡਜ਼* ਕਰ ਦਿਤੀ। ਉਤੋੜਿਤੀ ਚਾਰ ਪੰਜ ਗੋਲੀਆਂ ਰਫ਼ਲ ਵਿਚੋਂ ਨਿਕਲ ਗਈਆਂ। ਗੋਲੀਆਂ ਦੀ ਆਵਾਜ਼ ਪਹਾੜਾਂ ਵਿਚ ਗੂੰਜ ਉਠੀ। ਨਾਲ ਹੀ ਦੋ ਵਜ਼ੀਰੀ ਭਵਾਟਣੀਆਂ ਖਾ ਕੇ ਹੇਠਾਂ ਖੱਡ ਵਿਚ ਰਿੜ੍ਹ ਗਏ ਤੇ ਬਾਕੀ ਦੇ ਢਿਡ ਭਾਰ ਹੋ ਕੇ ਲੰਮੇ ਪੈ ਗਏ। ਗੋਲੀਆਂ ਦੋ ਕੁ ਹੋਰ ਆਈਆਂ, ਪਰ ਬੇਕਾਰ ਗਈਆਂ। ਸਿਹਰਗੁਲ ਨੇ ਫਾਇਰ ਬੰਦ ਕਰ ਦਿਤਾ।

ਵਜ਼ੀਰੀ ਇਹੋ ਜਿਹੇ ਕੰਮਾਂ ਵਿਚ ਬੜੇ ਤਾਕ ਹੁੰਦੇ ਹਨ। ਉਹ ਥੋੜੇ ਕੀਤਿਆਂ ਮਾਰ ਨਹੀਂ ਖਾਂਦੇ। ਦੋ ਤਾਂ ਅਵੇਸਲੇ ਮਾਰੇ ਗਏ। ਉਹਨਾਂ ਨੂੰ ਗੋਲੀ ਆਉਣ ਦੀ ਥਾਂ ਦਾ ਪਤਾ ਤਾਂ ਲਗ ਹੀ

---

*ਗੋਲੀ ਚਲਣ ਦੀ ਆਵਾਜ਼ ਪੈਦਾ ਕਰਨ ਨੂੰ ਡਜ਼ ਆਖਿਆ ਜਾਂਦਾ ਹੈ।

ਗਿਆ ਸੀ। ਇਸ ਲਈ ਡਿਗੇ ਹੋਏ ਵਜ਼ੀਰੀ ਭੋਏਂ ਤੇ ਪਏ ਪਏ ਕਿਤੇ ਢਿਡ ਭਾਰ ਤੇ ਕਿਤੇ ਹੱਥਾਂ ਪੈਰਾਂ ਤੇ ਹੋ ਕੇ ਓਟਾਂ ਲੈਣ ਲਈ ਖਿੰਡ ਗਏ ਤੇ ਪੱਥਰ ਕੋਲਿਆਂ ਉਹਲੇ ਹੋ ਗਏ। ਬਿਨਾਂ ਲੜਿਆਂ ਦੋ ਜਾਨਾਂ ਗਵਾ ਕੇ ਉਹ ਹੁਸ਼ਿਆਰ ਹੋ ਗਏ। ਹੁਣ ਉਹਨਾਂ ਦਾ ਕੰਮ ਆਪਣੇ ਆਪ ਨੂੰ ਗੋਲੀ ਵਾਲੀ ਥਾਂ ਤੋਂ ਲੁਕਾਈ ਰਖਣਾ ਤੇ ਲੁਕ ਛਿਪ ਕੇ ਖਟਕਾਂ ਤਾਈਂ ਪਹੁੰਚਣਾ ਜਾਂ ਆਪਣੀਆਂ ਗੋਲੀਆਂ ਨੂੰ ਉਹਨਾਂ ਤਾਈਂ ਸਿੱਧਾ ਕਰਨਾ ਸੀ। ਉਹ ਆਪਸ ਵਿਚ ਖਿਲਰਕੇ ਪੱਥਰ ਵੱਟਿਆਂ ਤੇ ਚਟਾਨਾਂ ਦਾ ਉਹਲਾ ਲੈ ਲੈ ਖਟਕਾਂ ਤਾਈਂ ਪਹੁੰਚਣ ਵਾਸਤੇ ਉਤੇ ਚੜ੍ਹਨ ਲਗ ਪਏ।

ਖਟਕਾਂ ਨੂੰ ਉਸ ਪਹਾੜ ਦੀ ਵਖੀਓਂ ਉਭਰੀ ਉਸ ਚਟਾਨ ਦਾ ਬੜਾ ਆਸਰਾ ਸੀ ਜਿਸ ਦੇ ਅਗਲੇ ਤੇ ਸੱਜੇ ਪਾਸਿਉਂ ਪਹਾੜ ਦੀ ਢਾਕੋਂ ਹਮਲਾ ਨਹੀਂ ਸੀ ਹੋ ਸਕਦਾ ਤੇ ਖੱਬੇ ਹੱਥ ਬਹੁਤ ਹੀ ਡੂੰਘੀ ਹੇਠਾਂ ਨੂੰ ਸਿੱਧੀ ਉਤਰਵੀਂ ਢਾਲ ਸੀ।

ਸਿਹਰਗੁਲ ਵੀ ਵਜ਼ੀਰੀਆਂ ਵਿਚ ਰਹਿਕੇ ਉਹਨਾਂ ਦੀ ਲੜਨ ਖੇਡ ਸਿਖ ਗਿਆ ਹੋਇਆ ਸੀ। ਇਸ ਲਈ ਜਦ ਉਹ ਨਜ਼ਰ ਨਾ ਆਏ ਤਾਂ ਉਸ ਨੇ ਉਹਨਾਂ ਦੀ ਚਾਲ ਜਾਚ ਲਈ ਤੇ ਵੇਖੇ ਬਿਨਾਂ ਗੋਲੀ ਚਲਾਉਣੀ ਰੋਕ ਲਈ। ਉਸ ਨੇ ਪਹਿਲਾ ਮੈਗਜ਼ੀਨ ਲਾਹ ਕੇ ਨੂਰ ਨਿਸ਼ਾ ਨੂੰ ਫੜਾ ਦਿੱਤਾ ਤੇ ਉਸ ਤੋਂ ਦੂਸਰਾ ਲੈ ਕੇ ਚਾੜ੍ਹ ਲਿਆ। ਨੂਰ ਨਿਸ਼ਾ ਨੇ ਪਹਿਲਾ ਖਾਲੀ ਮੈਗਜ਼ੀਨ ਫੇਰ ਭਰ ਕੇ ਤਿਆਰ ਕਰ ਲਿਆ।

ਹੁਣ ਚਾਰੇ ਖਟਕ ਅੱਖਾਂ ਵਜ਼ੀਰੀਆਂ ਦੀ ਭਾਲ ਵਿਚ ਆਪੇ ਚਾਲੂ ਦੂਰਬੀਨਾਂ ਵਾਂਗ ਬਿਜਲੀ ਦੀ ਫੁਰਤੀ ਨਾਲ ਅਗਾਂਹ ਹੇਠਾਂ ਸੱਜੇ ਖੱਬੇ ਘੁੰਮ ਰਹੀਆਂ ਸਨ।

ਸਿਹਰਗੁਲ ਵਜ਼ੀਰੀਆਂ ਦੀਆਂ ਮਾਰਾਂ ਧਾੜਾਂ ਵਿਚ ਤਾਕ ਹੋ ਕੇ ਨਿਸ਼ਾਨੇ ਦਾ ਬੜਾ ਧਨੀ ਬਣ ਚੁਕਾ ਸੀ। ਉਸ ਨੂੰ ਮਾਣ ਸੀ ਕਿ ਕਿਸੇ ਬੰਦੇ ਦੇ ਸਿਰ ਤੇ ਰੱਖੇ ਆਲੂ ਨੂੰ ਗੋਲੀ ਨਾਲ ਉਡਾ ਦੇਵੇ ਤੇ ਸਿਰ ਨੂੰ ਸੇਕ ਨਾ ਲਗੇ। ਇਸ ਮਾਣ ਤੇ ਹੀ ਉਹ ਉਸ ਦਿਨ ਆਪਣੀ ਭੈਣ ਖੋਹਣ ਆਇਆਂ ਨੂੰ ਇਕ ਇਕ ਕਰਕੇ ਗੋਲੀ ਨਾਲ ਭੁੰਨ ਦੇਣ ਲਈ ਤਿਆਰ ਹੋ ਗਿਆ ਸੀ। ਦੋ ਤਾਂ ਉਸ ਨੇ ਪਹਿਲੀ ਰਾਬੇ ਹੀ ਰਾੜ੍ਹ ਸੁਟੇ ਸਨ।

ਥੋੜੀ ਦੇਰ ਬਾਅਦ ਇਕ ਵਜ਼ੀਰੀ ਸਿਰ ਖੱਬੇ ਹੱਥ ਦੀ ਢਾਲ ਵਿਚ ਉਭਰਦਾ ਵੇਖਿਆ ਗਿਆ। ਝਟ ਠਾਹ ਹੋਈ ਤੇ ਇਕ ਹੋਰ ਵਜ਼ੀਰੀ ਲੋਥ ਹੇਠਾਂ ਖੱਡ ਵਿਚ ਰਿੜ੍ਹਦੀ ਚਲੀ ਗਈ।

ਬਾਕੀ ਰਹਿ ਗਏ ਦੋ। ਨੂਰ ਨਿਸ਼ਾ ਮਨੋ ਖੁਸ਼ ਤੇ ਦਿਲੋਂ ਘਾਬਰੀ ਹੋਈ ਸੀ। ਸਿਹਰਗੁਲ ਨੂੰ ਲੜਨੇ ਦਾ ਰੁਹ ਚੜ੍ਹਿਆ ਹੋਇਆ ਸੀ ਜਿਸ ਤਰ੍ਹਾਂ ਉਹ ਸਾਰੇ ਵਜ਼ੀਰਸਤਾਨ ਨੂੰ ਫੁੰਡ ਸੁੱਟਣ ਵਾਸਤੇ ਰਫਲ ਫੜੀ ਮੋਰਚਾ ਲਾਈ ਖਲੋਤਾ ਹੋਵੇ। ਪਲ ਕੁ ਮਗਰੋਂ ਨੂਰ ਨਿਸ਼ਾ ਫਿਰ ਚਿਚਲਾਈ, "ਇਕ ਮੋਇਆ ਅਉ!" ਉਹ ਖੱਬੇ ਪਾਸੇ ਹੇਠਾਂ ਖੱਡ ਵਿਚ ਉਤਰ ਰਹੇ ਇਕ ਵਜ਼ੀਰੀ ਵਲ ਇਸ਼ਾਰਾ ਕਰ ਰਹੀ ਸੀ, ਜੋ ਗੋਲੀ ਚਲਾਉਣ ਦੀ ਪੁਜ਼ੀਸ਼ਨ ਲੈਣ ਲਈ ਇਕ ਗੋਡੇ ਤੇ ਸਿੱਧਾ ਹੋਣ ਦੇ ਆਹਰ ਵਿਚ ਸੀ।

ਸਿਹਰਗੁਲ ਨੇ ਜੋ ਪਹਿਲਾਂ ਹੀ ਸ਼ਿਸਤ ਤੇ ਰਫਲ ਫੜੀ ਖੜਾ ਸੀ, ਬਿਸਮਿਲਾ ਕਹਿ ਕੇ ਘੋੜਾ ਦੱਬ ਦਿਤਾ। ਡਜ਼ ਹੋਈ ਤੇ ਉਹ ਵਜ਼ੀਰੀ ਪਹਾੜ ਤੋਂ ਸੁੱਟੇ ਮੋਡੇ ਵਾਂਗ ਹੇਠਾਂ ਖੱਡ ਵਿਚ ਰਿੜ੍ਹ ਗਿਆ।

ਕੁਝ ਚਿਰ ਪੰਜਵੇਂ ਵਜ਼ੀਰੀ ਦਾ ਪਤਾ ਨਾ ਲਗਾ। ਖਟਕਾਂ ਦੀਆਂ ਨਜ਼ਰਾਂ ਉਸ ਦੀ ਭਾਲ ਵਿਚ ਖੱਬੇ ਤੇ ਸਾਹਮਣੇ ਰਾਡਾਰ ਵਾਂਗ ਘੁੰਮ ਰਹੀਆਂ ਸਨ। ਅਚਾਨਕ ਡਜ਼ ਦੀ ਅਵਾਜ਼ ਗੂੰਜੀ। ਖਟਕਾਂ ਦੇ ਸਿਰਾਂ ਉਤੋਂ ਦੀ ਗੋਲੀ ਸ਼ੂੰ ਕਰ ਕੇ ਲੰਘ ਗਈ ਤੇ ਨਾਲ ਹੀ ਚਟਾਨ ਉਤੇ ਖੜੀ ਪਹਾੜ ਦੀ ਢਾਕ ਉਤੋਂ ਪੱਥਰ ਵਟਿਆਂ ਦੇ ਰਿੜ੍ਹਨ ਦੀ ਆਵਾਜ਼ ਆਈ। ਵੇਖਿਆ ਪੰਜਵਾਂ ਵਜ਼ੀਰੀ ਵਟਿਆਂ ਤੋਂ ਤਿਲਕ ਕੇ ਡਿੱਗਾ ਹੋਇਆ ਹੱਥਾਂ ਭਾਰ ਉਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਹਰਗੁਲ ਨੇ ਫਟ ਡਜ਼ ਕੀਤੀ ਤੇ ਵਜ਼ੀਰੀ ਉਠਣੋਂ ਰਹਿ ਗਿਆ। ਇਕ ਡਜ਼ ਹੋਰ ਹੋਈ ਤੇ ਉਹ ਚੌਫਾਲ ਢਹਿ ਪਿਆ।

ਨੂਰ ਨਿਸ਼ਾ ਨੇ ਚਟਾਨ ਤੇ ਚੜ੍ਹ ਕੇ ਵੇਖਿਆ ਤਾਂ ਉਹ ਉਸ ਦਾ ਉਧਾਲੂ ਅਕਬਰ ਖਾਂ ਸੀ। ਦੋਵੇਂ ਖਟਕ ਉਸ ਕੋਲ ਗਏ। ਉਹ ਅਜੇ ਵੀ ਤੜਫ ਰਿਹਾ ਸੀ। ਉਸ ਦੇ ਢਿਡ ਤੇ ਸੱਜੇ ਮੋਢੇ ਵਿਚ ਹੋਈਆਂ ਮੋਰੀਆਂ ਤੋਂ ਫ਼ਰਨ ਫ਼ਰਨ ਲਹੂ ਦੀਆਂ ਧਾਰਾਂ ਚਲ ਰਹੀਆਂ ਸਨ। ਨੂਰ ਨਿਸ਼ਾ ਨੇ ਆਪਣੇ ਦਿਲ ਦਾ ਗੁਬਾਰ ਕਢਣ ਵਾਸਤੇ ਪਿਸਤੌਲ ਸਿੱਧਾ ਕੀਤਾ ਤੇ ਉਸ ਦੇ ਕੰਨ ਵਿਚ ਗੋਲੀ ਦਾਗ ਦਿਤੀ। ਗੋਲੀ ਖਾਂਦਿਆਂ ਹੀ ਉਹ ਖਤਮ ਹੋ ਗਿਆ।

ਨੂਰ ਨਿਸ਼ਾ ਨੇ ਘਿਰਨਾ ਨਾਲ ਨੱਕ ਵਟ ਕੇ ਉਸ ਦੇ ਲਹੂ ਲਿਬੜੇ ਮੂੰਹ ਉਤੇ ਥੁਕਿਆ। ਜਿਵੇਂ ਉਸ ਨੇ ਆਪਣੇ ਪਿਛਲੇ ਦੁੱਖਾਂ ਦਾ ਬਦਲਾ ਉਗਲੱਛ ਕੇ ਅਕਬਰ ਖਾਂ ਦੇ ਮੂੰਹ ਤੇ ਮਾਰਿਆ ਹੋਵੇ। ਫੇਰ ਲਾਲ ਪੁਸ਼ਵਾਜ਼ ਤੇ ਸਿਰਪਲੂ ਲਾਹ ਕੇ ਵਜ਼ੀਰੀ ਦੀ ਲੋਥ ਉਤੇ ਇਹ ਆਖ ਕੇ ਸੁਟ ਦਿਤੇ, "ਲੈ ਔਂਤਰਿਆ ਖੱਫਣ।"

ਪਿਛਲਾ ਜੰਜਾਲ ਲਾਹ ਕੇ ਨੂਰ ਨਿਸ਼ਾ ਦੀਆਂ ਖੁਸ਼ੀਆਂ ਦਾ ਕੋਈ ਮੇਚ ਬੰਨਾ ਨਹੀਂ ਸੀ। ਉਸ ਨੇ ਆਪਣੀ ਖੁਸ਼ੀ ਠਾਰਨ ਲਈ ਸਿਹਰਗੁਲ ਨੂੰ ਜੱਫੀ ਪਾ ਕੇ ਹਿੱਕ ਨਾਲ ਇਸ ਤਰ੍ਹਾਂ ਘੁਟ ਲਿਆ ਜਿਸ ਤਰ੍ਹਾਂ ਸਕੀ ਭੈਣ ਆਪਣੇ ਲਾਮ ਤੋਂ ਜਿਉਂਦੇ ਮੁੜੇ ਵੀਰ ਨੂੰ 'ਜੀ ਆਇਆਂ' ਆਖਣ ਲਈ ਘੁਟਦੀ ਹੈ।

"ਵੇ ਵੀਰਾ! ਮੈਂ ਸਦਕੇ! ਮੈਂ ਵਾਰੀ।"

"ਵੀਰਾ! ਜੁਗੀਂ ਜੀਵੇਂ।"

"ਦੁਧੀ ਨਹਾਵੇਂ, ਪੁੱਤੀਂ ਫਲੇਂ।"

"ਜੀਉਣ ਜੋਗਿਆ। ਤੇਰਾ ਕੀਤਾ ਮੈਂ ਸਾਰੀ ਉਮਰ ਨਹੀਂ ਭੁੱਲਾਂਗੀ।"

"ਸ਼ਾਬਾਸ਼ ਵੀਰ! ਤੂੰ ਖਟਕੀ ਦੀ ਲਾਜ ਰੱਖ ਲਈ।"

ਉਹ ਅਸੀਸਾਂ ਤੇ ਅਸੀਸਾਂ ਦੇਈ, ਸਦਕੇ ਵਾਰੇ ਜਾਂਦੀ ਵੀਰੇ ਨੂੰ ਕਿੰਨਾ ਚਿਰ ਘੁਟੀ ਉਸਦਾ ਮੱਥਾ ਚੁੰਮ ਚੁੰਮ ਭੈਣ ਪਿਆਰ ਦੀ ਡੰਝ ਲਾਹੁੰਦੀ ਰਹੀ।

ਵਜ਼ੀਰੀਆਂ ਨਾਲ ਲੜਾਈ ਦੀ ਇਸ ਫਤਿਹ ਉਤੇ ਸਿਹਰਗੁਲ ਨੂੰ ਬਾਬਰ ਦੀ ਉਸ ਖੁਸ਼ੀ ਨਾਲੋਂ ਵੀ ਜ਼ਿਆਦਾ ਖੁਸ਼ੀ ਹੋਈ, ਜੋ ਉਸਨੂੰ ਲੋਧੀਆਂ ਤੋਂ ਪਾਣੀਪਤ ਦੀ ਲੜਾਈ ਜਿੱਤ ਕੇ ਹੋਈ ਹੋਵੇਗੀ।

ਦੋਵੇਂ ਭੈਣ ਭਰਾ ਰੱਬ ਦਾ ਸ਼ੁਕਰ ਕਰਨ ਲਈ ਸਜਦੇ ਚਲੇ ਗਏ। ਮੁੜ ਵਜ਼ੀਰੀਆਂ ਦੇ ਫਾਤੇ ਦੀ ਨਮਾਜ਼ ਪੜ੍ਹੀ, ਉਹਨਾਂ ਦੇ ਗੁਨਾਹ ਬਖਸ਼ਣ ਦੀ ਦੁਆ ਕੀਤੀ ਤੇ ਸਲਾਮ ਫੇਰ ਕੇ ਉਠ ਤੁਰੇ।

ਵੀਰਾ ਬਾਂਹ ਮੋੜਕੇ ਲੈ ਗਿਆ।

6, ਫਰੈਂਡਜ਼ ਕਾਲੋਨੀ, ਟੇਲਰ ਰੋਡ, ਅੰਮ੍ਰਿਤਸਰ।

## ਗੁਰੂ ਨਾਨਕ ਦਰਸ਼ਨ ਦੇ ਆਧਾਰ ਤੇ ਉਸਾਰ/ਜੋਗਾ ਸਿੰਘ

ਹਰ ਦਰਸ਼ਨ ਕਿਸੇ ਇਤਿਹਾਸਕ ਲੋੜ ਦੀ ਉਪਜ ਹੁੰਦਾ ਹੈ। ਇਸ ਦੀ ਹੋਂਦ, ਇਸ ਦੇ ਪੈਦਾ ਹੋਣ ਦੇ ਸਮੇਂ ਦੇ ਸਮਾਜਕ ਸੱਚ ਦਾ ਵਿਰੋਧ ਜਾਂ ਸਮਰਥਨ ਕਰਨ ਜਾਂ ਕਿਸੇ ਤਰ੍ਹਾਂ ਦੇ ਕਰਮ ਜਾਂ ਪ੍ਰਤੀਕਰਮ ਬਿਨਾਂ ਸੋਚੀ ਵੀ ਨਹੀਂ ਜਾ ਸਕਦੀ। ਮੁਕਦੀ ਗੱਲ ਇਹ ਕਿ ਹਰ ਤਰ੍ਹਾਂ ਦਾ ਦਰਸ਼ਨ ਸਾਹਮਣੇ ਦਿਸਦੇ ਸੱਚ ਨੂੰ ਜਾਂ ਤਾਂ ਸ੍ਵੀਕਾਰ ਕਰ ਰਿਹਾ ਹੁੰਦਾ ਹੈ ਜਾਂ ਅਸ੍ਵੀਕਾਰ। ਪਰ ਇਕ ਤੀਜੀ ਗੱਲ ਇਹ ਵੀ ਵਾਪਰਦੀ ਹੈ ਕਿ ਇਸ ਪ੍ਰਕਿਰਿਆ ਵਿਚ ਕੁਝ ਲੈਣ-ਦੇਣ ਵੀ ਹੁੰਦੀ ਹੈ। ਦਰਸ਼ਨ ਜਾਂ ਏਥੋਂ ਤਕ ਕਿ ਵਿਗਿਆਨ ਦੇ ਸੰਬੰਧ ਵਿਚ 'ਅਸਲੋਂ ਹੀ ਨਵੀਂ ਗੱਲ' ਅੱਜ ਤਕ ਸੰਭਵ ਨਹੀਂ ਹੋਈ। ਬੁਲੰਦੀ ਤੇ ਪਸਤੀ ਵਿਚਕਾਰ ਫ਼ਾਸਲੇ ਦੀ ਕੋਈ ਵਾਸਤਵਿਕ ਹੋਂਦ ਜ਼ਰੂਰ ਹੁੰਦੀ ਹੈ ਤੇ ਇਹੋ ਹੋਂਦ ਇਕ ਬਾਕਾਇਦਾ ਕੜੀ ਦੇ ਰੂਪ ਵਿਚ ਹੁੰਦੀ ਹੈ। ਇਸੇ ਤੱਥ ਦੀ ਰੋਸ਼ਨੀ ਵਿਚ, ਜਦੋਂ ਕੋਈ ਦਾਰਸ਼-ਨਿਕ ਆਪਣਾ ਦਰਸ਼ਨ ਦੇ ਰਿਹਾ ਹੁੰਦਾ ਹੈ ਜਾਂ ਪੁਰਾਣੇ ਦਰਸ਼ਨ ਨੂੰ ਹੀ ਕੋਈ, ਉਸ ਦੀ 'ਵਾਸਤਵਿਕ ਹੋਂਦ' ਤੋਂ ਉਲਟਾ ਕੋਈ ਮੋੜ ਦੇ ਰਿਹਾ ਹੁੰਦਾ ਹੈ ਤੇ ਜਾਂ ਫਿਰ ਉਸ ਵਿਚਲੀਆਂ ਸੰਭਾਵਨਾਵਾਂ ਨੂੰ ਵਿਸਥਾਰ ਦੇ ਰਿਹਾ ਹੁੰਦਾ ਹੈ ਤਾਂ ਇਸ ਦਾ ਇਹ ਭਾਵ ਕਦਾਚਿੱਤ ਨਹੀਂ ਕਿ ਅਜਿਹੇ ਦਾਰਸ਼ਨਿਕ ਨੇ ਅਸਲੋਂ ਕੁਝ 'ਨਵਾਂ' ਦਿੱਤਾ। 'ਨਵਾਂ' ਨਾਂ ਦੀ ਉਕਤੀ ਉਂਝ ਹੀ ਭੁਲੇਖਾ ਪਾਊ ਹੈ। ਜ਼ਿੰਦਗੀ ਵਿਚ ਅਜਿਹਾ ਕੁਝ ਵੀ ਨਹੀਂ ਵਾਪਰਦਾ ਜੋ ਅਸਲੋਂ ਹੀ 'ਨਵਾਂ' ਹੋਵੇ। ਜੀਵਨ ਦਾ ਸੁਭਾਅ ਗਤੀਸ਼ੀਲ ਹੈ ਤੇ ਗਤੀ ਨੂੰ ਸਮਝਣ ਲਈ ਅਸੀਂ ਕੁਝ 'ਪੜਾਅ' ਨਿਸਚਿਤ ਕਰ ਲੈਂਦੇ ਹਾਂ। ਇਹਨਾਂ ਵੱਖ ਵੱਖ ਪੜਾਵਾਂ ਵਿਚਕਾਰ ਗਤੀ ਦੀ ਇਕ ਸਾਂਝੀ ਕੜੀ ਹੁੰਦੀ ਹੈ ਜੋ ਵੱਖ ਵੱਖ ਪੜਾਵਾਂ ਦੇ ਆਪਸੀ ਰਿਸ਼ਤੇ ਨੂੰ ਨਿਰਧਾਰਿਤ ਕਰਦੀ ਹੈ। ਗਤੀ ਦੀ ਇਸ ਪ੍ਰਕਿਰਿਆ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਕ ਗੱਲ ਹੋਰ ਵੀ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ ਕਿ ਜਦੋਂ ਕੋਈ ਦਾਰਸ਼ਨਿਕ ਆਪਣਾ ਦਰਸ਼ਨ ਦੇ ਰਿਹਾ ਹੁੰਦਾ ਹੈ ਤਾਂ ਅਜਿਹਾ ਕਰਨ ਵਿਚ ਉਸ ਦੇ ਆਪਣੇ ਹਿਤਾਂ ਤੇ 'ਸੋਚ' ਦਾ ਵੀ ਯੋਗ ਹੁੰਦਾ ਹੈ। ਇਸੇ 'ਹਿਤ' ਤੇ 'ਸੋਚ' ਕਾਰਨ ਹੀ ਉਹ ਆਪਣੇ ਤੋਂ ਪਹਿਲਾਂ ਦੇ ਦਰਸ਼ਨ ਦਾ ਜਾਂ ਤਾਂ ਉੱਕਾ ਹੀ ਵਿਰੋਧ ਕਰਦਾ ਹੈ ਜਾਂ ਉਸ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਾ ਹੋਇਆ ਉਸ ਵਿਚੋਂ ਕੁਝ ਲੈਂਦਾ ਜਾਂ ਛਡਦਾ ਹੈ। ਉਸ ਦਾ ਦਰਸ਼ਨ ਕਿਹੋ ਜਿਹਾ ਹੈ? ਇਸ ਦਾ ਉੱਤਰ ਦਾਰਸ਼ਨਿਕ ਦਾ ਆਪਣਾ ਹਿਤ ਹੀ ਹੁੰਦਾ ਹੈ ਕਿ ਉਹ ਪ੍ਰਸਤੁਤ ਸਮਾਜ ਵਿਚ ਕਿਹੜੇ ਸਮਾਜਕ ਵਰਤਾਰੇ ਨਾਲ ਹਮਦਰਦੀ ਰਖਦਾ ਹੈ ਤੇ ਉਹ ਸਮਾਜ ਨੂੰ ਕਿਹੋ ਜਿਹਾ ਬਣਿਆ ਦੇਖਣਾ ਚਾਹੁੰਦਾ ਹੈ? ਜਾਂ ਪ੍ਰਸਤੁਤ ਪ੍ਰਕ੍ਰਿਤਕ ਪਸਾਰੇ ਨੂੰ ਕਿਸ ਕੋਣ ਤੋਂ ਦੇਖਦਾ ਹੈ। ਸਾਰੇ ਦਰਸ਼ਨ, ਸਾਰੇ ਧਰਮ ਇਸੇ ਤਰ੍ਹਾਂ ਹੀ ਵੱਖ ਵੱਖ ਧਾਰਮਿਕ ਨੇਤਾਵਾਂ ਜਾਂ ਦਾਰਸ਼ਨਿਕਾਂ ਦੇ ਸ਼੍ਰੇਣੀ ਹਿਤਾਂ (ਜਿਸ ਸ਼੍ਰੇਣੀ ਨਾਲ ਉਹਨਾਂ ਦਾ ਸੰਬੰਧ ਹੁੰਦਾ ਹੈ ਜਾਂ ਜਿਸ ਨਾਲ ਉਹਨਾਂ ਦੀ ਰੁਚੀ ਹੁੰਦੀ ਹੈ) ਦੀ ਹੀ ਸਾਖੀ ਭਰਦੇ ਹਨ। ਧਰਮ ਦੇ ਸੰਬੰਧ ਵਿਚ ਅਜਿਹੇ ਦਾਰਸ਼ਨਿਕਾਂ ਬਾਰੇ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਅਜਿਹੇ ਧਾਰਮਿਕ-ਦਾਰਸ਼ਨਿਕ ਅਸਲ ਵਿਚ ਇਕ ਖਾਸ ਕਿਸਮ ਦੀ ਤੇ ਖਾਸ ਸਮੇਂ ਦੀ ਲੋਕ-

ਭਾਵਨਾ ਦੇ ਪ੍ਰਵਕਤਾ ਵਜੋਂ ਆਉਂਦੇ ਹਨ ਜਦੋਂ ਕਿ ਵਿਗਿਆਨਕ ਸੋਝੀ ਦੀ ਅਣਹੋਂਦ ਵਿਚ ਇਕ ਸੰਸਕ੍ਰਿਤਕ ਇਕਾਈ ਆਪਣਾ ਸਮਰਥਨ ਤੇ ਵਿਰੋਧ ਕੇਵਲ ਧਰਮ ਦੀ ਬੋਲੀ ਤੇ ਵਿਸ਼ਵਾਸ਼ਾਂ ਰਾਹੀਂ ਪ੍ਰਗਟ ਕਰਦੀ ਹੈ। ਲੋਕ-ਭਾਵਨਾ ਜਾਂ ਲੋਕ-ਚੇਤਨਾ ਦੀ ਅਜਿਹੀ ਹਾਲਤ ਵਿਚ ਜਿਹੜੇ ਦਾਰਸ਼ਨਿਕ ਪ੍ਰਾਪਤ ਸਥਿਤੀ ਵਿਚ ਤਬਦੀਲੀ ਲਿਆਉਣ ਦੀ ਗੱਲ ਕਰਦੇ ਜਾਂ ਸੋਚਦੇ ਹਨ ਤਾਂ ਉਹ ਵੀ ਕਿਸੇ ਨਾ ਕਿਸੇ 'ਹਿਤ' ਦੀ ਗੱਲ ਹੀ ਕਰ ਰਹੇ ਹੁੰਦੇ ਹਨ। ਇਥੋਂ ਤਕ ਕਿ ਉਹਨਾਂ ਦਾਰਸ਼ਨਿਕਾਂ ਦਾ, ਜੋ ਆਪਣੇ ਦਰਸ਼ਨ ਵਿਚ ਸਨਿਆਸ, ਤਪ ਜਾਂ ਜ਼ੁਹਦ ਨੂੰ ਪਹਿਲ ਦਿੰਦੇ ਹਨ, ਵੀ ਕੋਈ ਸ਼੍ਰੇਣੀ ਹਿਤ ਹੁੰਦਾ ਹੈ। ਜਦੋਂ ਗਾਲਿਬ ਕਹਿੰਦਾ ਹੈ ਕਿ :—

ਜਾਨਤਾ ਹੂੰ ਸਬਾਬੇ-ਤਾਅਤੋ ਜ਼ੁਹਦ,
ਪਰ ਤਬੀਅਤ ਇਧਰ ਨਹੀਂ ਆਤੀ।

ਤਾਂ ਉਸ ਦਾ ਸੰਕੇਤ ਵੀ ਅਜਿਹੇ ਤਪ, ਜ਼ੁਹਦ ਦੇ ਸ਼੍ਰੇਣੀ ਹਿਤ ਵਾਲੇ ਖਾਸੇ ਬਾਰੇ ਹੀ ਹੈ (ਭਾਵੇਂ ਉਹ ਇਸ ਗੱਲੋਂ ਚੇਤੰਨ ਨਹੀਂ ਸੀ ਕਿ ਇਸ ਤਰ੍ਹਾਂ ਦਾ ਦਰਸ਼ਨ ਕਿਸੇ ਸ਼੍ਰੇਣੀ-ਹਿਤ ਨੂੰ ਹੀ ਪਾਲਦਾ ਹੁੰਦਾ ਹੈ)।

ਏਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੁਆਰਾ ਪੇਸ਼ ਕੀਤੇ ਦਰਸ਼ਨ ਬਾਰੇ ਵਿਚਾਰ ਕਰਦਿਆਂ ਸਾਨੂੰ ਆਪਣੇ ਆਪ ਨੂੰ ਹੇਠ ਲਿਖੇ ਨੁਕਤਿਆਂ ਉੱਤੇ ਕੇਂਦ੍ਰਿਤ ਕਰਨਾ ਪਏਗਾ :

1. ਗੁਰੂ ਨਾਨਕ ਦੇ ਸਮੇਂ ਦੀ ਇਤਿਹਾਸਕ, ਸਮਾਜਕ, ਆਰਥਿਕ ਤੇ ਧਾਰਮਿਕ ਅਵਸਥਾ।
2. ਏਸ ਤਰ੍ਹਾਂ ਦੇ ਸਮਾਜਕ ਵਰਤਾਰੇ ਵਿਚ ਗੁਰੂ ਨਾਨਕ ਦਾ ਆਪਣਾ ਸ਼੍ਰੇਣੀ ਹਿਤ।
3. ਹਿਤ ਪਾਲਦਿਆਂ ਹੋਇਆਂ ਸਮਾਜਕ/ਆਰਥਿਕ ਰਿਸ਼ਤਿਆਂ ਦਾ ਵਿਰੋਧ/ਸਮਰਥਨ।
4. ਉਸ ਤੋਂ ਪਹਿਲਾਂ ਦੇ ਦਰਸ਼ਨ ਵਿਚੋਂ ਲੇਤ/ਦੇਤ।

ਜਿਥੋਂ ਤੱਕ ਪਹਿਲੇ ਨੁਕਤੇ ਦਾ ਸਵਾਲ ਹੈ, ਉਸ ਬਾਰੇ ਕਿਹਾ ਜਾ ਸਕਦਾ ਹੈ ਕਿ ਉਦੋਂ ਕੇਂਦਰ ਵਿਚ ਵਿਦੇਸ਼ੀ ਇਸਲਾਮੀ ਹਕੂਮਤ ਸੀ ਤੇ ਇਹ ਹਕੂਮਤ ਤਾਂ ਹੀ ਚੱਲ ਸਕਦੀ ਸੀ ਜੇ ਉਸ ਸਮੇਂ ਦੇ ਸਾਮੰਤਾਂ ਨੂੰ ਵਿਸ਼ੇਸ਼ ਰਿਆਇਤਾਂ ਪ੍ਰਾਪਤ ਹੁੰਦੀਆਂ। ਇਸ ਤਰ੍ਹਾਂ ਨੜੇ-ਨਵਾਬ ਆਮ ਪਰਜਾ ਦੀ ਕੀਮਤ ਉੱਤੇ ਆਪਣੀਆਂ ਮਨ ਮਾਨੀਆਂ ਇਛਾਵਾਂ ਵੀ ਪੂਰੀਆਂ ਕਰਦੇ ਸਨ ਤੇ ਕੇਂਦਰ ਨੂੰ ਘੱਟ ਵੱਧ ਹੁੰਗਾਰਾ ਵੀ ਦੇ ਛਡਦੇ ਸਨ। ਨਿਆਂ-ਇਨਸਾਫ਼ ਸਾਮੰਤੀ ਸ਼੍ਰੇਣੀ ਦੀਆਂ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਸੀ। ਕੁਝ ਵਿਦੇਸ਼ੀ ਹਮਲਿਆਂ ਦੀ ਦੱਬੀ ਤੇ ਕੁਝ ਆਪਣੇ ਹੀ ਤਿੱਖੇ ਸ਼੍ਰੇਣੀ ਵਿਰੋਧਾਂ ਦਾ ਸ਼ਿਕਾਰ ਹਿੰਦੂ ਕੌਮ ਕੇਂਦਰ ਦੀ ਇਸਲਾਮੀ ਹਕੂਮਤ ਦੇ ਵਰਤਾਰੇ ਅਤੇ ਸਾਮੰਤਾਂ ਦੀਆਂ ਆਪ ਹੁਦਰੀਆਂ ਵਿਰੁੱਧ ਉੱਠ ਖੜੀ ਹੋਣ ਦੇ ਸਮਰੱਥ ਨਹੀਂ ਸੀ। ਸਿੱਟੇ ਵਜੋਂ ਆਰਥਿਕ ਤੌਰ ਤੇ ਥੋੜ੍ਹੀ ਬਹੁਤ ਰਿਸ਼ਟ ਪੁਸ਼ਟ ਸ਼੍ਰੇਣੀ ਵੀ, ਬਾਵਜੂਦ ਧਾਰਮਿਕ ਵਖਰੇਵੇਂ ਦੇ, ਸਾਮੰਤਾਂ ਦੇ ਹੀ ਹਰ ਕਰਮ ਦਾ ਹੁੰਗਾਰਾ ਭਰਦੀ ਸੀ ਤੇ ਉਹ ਲੋਕ ਜਿਨ੍ਹਾਂ ਦਾ ਸ਼੍ਰੇਣੀ ਹਿਤ ਸਾਮੰਤਾਂ ਜਾਂ ਉੱਚ-ਵਰਗ ਦੇ ਸ਼੍ਰੇਣੀ ਹਿਤ ਨਾਲ ਮੇਲ ਨਹੀਂ ਸੀ ਖਾਂਦਾ, ਏਨੇ ਨਿਰਾਸ ਹੋ ਗਏ ਸਨ ਕਿ ਉਹਨਾਂ ਨੂੰ ਕਿਸੇ ਵੀ ਚਾਤੁਰੀ ਨਾਲ ਪਿੱਛੇ ਲਾਇਆ ਜਾ ਸਕਦਾ ਸੀ। ਆਰਥਿਕ ਤੇ ਸਮਾਜਕ ਨਾ ਬਰਾਬਰੀ (ਜਿਵੇਂ ਕਿ ਅਕਸਰ ਹੁੰਦਾ ਹੈ) ਧਾਰਮਿਕ ਨਾ ਬਰਾਬਰੀ ਵਿਚ ਰੂਪਾਂਤਰਿਤ ਹੋ ਚੁੱਕੀ ਹੋਈ ਸੀ। ਨਾ ਬਰਾਬਰੀ ਦੇ ਇਸ ਰੂਪ ਨੂੰ ਜਿਹੜਾ ਸੰਸਕ੍ਰਿਤੀ ਦੇ ਪੱਧਰ ਤਕ ਇਕ ਪੂਰਾ ਰੂਪ-ਆਕਾਰ ਧਾਰਨ ਕਰ ਚੁਕਾ ਸੀ, ਬਦਲਨਾ ਬੜਾ ਔਖਾ ਕੰਮ ਸੀ। ਆਪਣੇ ਆਧਾਰ ਤੋਂ ਇਹ ਏਨਾ ਸੁਤੰਤਰ ਹੋ ਚੁੱਕਾ ਸੀ ਕਿ

ਆਧਾਰ ਵਿਚ ਬੁਨਿਆਦੀ ਤਬਦੀਲੀ ਲਿਆਏ ਜਾਣ ਦੇ ਬਾਵਜੂਦ ਵੀ (ਇਹ ਵੱਖਰੀ ਗਲ ਹੈ ਕਿ ਅਜਿਹੀ ਆਧਾਰਭੂਤ ਤਬਦੀਲੀ ਉਸ ਪ੍ਰਸੰਗ ਵਿਚ ਸੋਚੀ ਵੀ ਨਹੀਂ ਸੀ ਜਾ ਸਕਦੀ) ਉਸਾਰ ਵਿਚ ਕੋਈ ਤਬਦੀਲੀ ਲਿਆ ਸਕਣੀ ਅਸੰਭਵ ਸੀ। ਗੁਰੂ ਨਾਨਕ ਨੇ ਅਜਿਹਾ 'ਉਸਾਰ' ਦੇ ਪੱਧਰ ਤੋਂ ਹਿਠਾਂਹ ਵੱਲ ਨੂੰ ਸ਼ੁਰੂ ਕੀਤਾ ਜੋ ਗੈਰ ਵਿਗਿਆਨਕ ਹੋ ਨਿਬੜਿਆ।

ਇਸਲਾਮੀ ਅਧੀਨਗੀ ਦੇ ਬਾਵਜੂਦ ਵੀ ਹਿੰਦੂਆਂ ਵਿਚਲੀ ਵਰਣ-ਵੰਡ ਅਤੇ ਉਸ ਉੱਤੇ ਆਧਾਰਿਤ ਬ੍ਰਾਹਮਣੀ ਵਰਗ ਦੀ ਉੱਚਤਾ ਤੇ ਸ਼ੂਦਰਾਂ ਦੀ ਨੀਚਤਾ ਜਿਉਂ ਦੀ ਤਿਉਂ ਕਾਇਮ ਸੀ। ਇਸਲਾਮੀ ਹਕੂਮਤ ਨੇ ਇਸ ਨੂੰ ਜਿਉਂ ਦਾ ਤਿਉਂ ਪਲਣ ਦਿੱਤਾ। ਉਸ ਦਾ ਹਿਤ ਏਸ ਵਿਚ ਸੀ। ਅਜਿਹੇ ਸਮੇਂ ਬ੍ਰਾਹਮਣੀ ਵਰਗ ਦਾ ਵਹਿਮਾਂ-ਆਡੰਬਰਾਂ ਨੂੰ ਰਚਣਾ ਤੇ ਨੀਵੇਂ, ਨਿਰਾਸ ਵਰਗ ਦਾ ਇਨ੍ਹਾਂ ਦਾ ਸ਼ਿਕਾਰ ਹੋ ਜਾਣਾ ਬਿਲਕੁਲ ਸੁਭਾਵਕ ਸੀ। ਇਸ ਤੋਂ ਬਿਨਾਂ ਅਵਿਕਸਿਤ ਮਨ ਲਈ ਹੋਰ ਕੋਈ ਚਾਰਾ ਨਹੀਂ ਸੀ। ਗੁਰੂ ਨਾਨਕ ਨੇ ਆਪਣੀ ਵਿਸ਼ਲੇਸ਼ਣੀ ਰੁਚੀ ਤੋਂ ਇਸ ਸਾਰੀ ਅਵਸਥਾ ਦਾ ਨਿੱਖਰਵਾਂ ਅਹਿਸਾਸ ਕਰਵਾਇਆ:

1. ਰਾਜੇ ਸ਼ੀਂਹ ਮੁਕਦਮ ਕੁਤੇ
ਜਾਇ ਜਗਾਇਨ ਬੈਠੇ ਸੁਤੇ

—0—

2. ਛੁਰੀ ਵਗਾਇਨ ਤਿਨ ਗਲਿ ਤਾਗੁ
ਤਿਨ ਘਰ ਬ੍ਰਾਹਮਣ ਪੂਰਹਿ ਨਾਦ

—0—

3. ਖਤ੍ਰੀਆ ਤ ਧਰਮ ਛੋਡਿਆ
ਮਲੇਛ ਭਾਖਿਆ ਗਹੀ ॥

ਪਰ ਇਸ ਸਾਰੇ ਕੁਝ ਦੀ ਜਨਸਾਧਾਰਣ ਨੂੰ ਸਮਝ ਨਹੀਂ ਸੀ:

"ਅੰਧੀ ਰਯਤਿ ਗਿਆਨ ਵਿਹੂਣੀ
ਭਾਹ ਭਰੇ ਮੁਰਦਾਰ ॥"

ਇਸ ਤਰ੍ਹਾਂ ਦੀ ਇਤਿਹਾਸਕ ਰਾਜਨੀਤਕ ਅਵਸਥਾ ਦੇ ਸਮਾਜਕ ਰਿਸ਼ਤਿਆਂ ਉੱਤੇ ਪਏ ਅਸਰ ਨੂੰ ਗੁਰੂ ਨਾਨਕ ਨੇ ਮਹਿਸੂਸ ਕਰਦਿਆਂ ਆਖਿਆ—

"ਨਾਨਕ ਦੁਨੀਆ ਕੈਸੀ ਹੋਈ,
ਸਾਲਕੁ ਮਿਤੁ ਨ ਰਹਿਆ ਕੋਈ ॥

ਅਗਲਾ ਸਵਾਲ ਗੁਰੂ ਨਾਨਕ ਦੇ ਆਪਣੇ ਸ਼੍ਰੇਣੀ-ਹਿਤ ਦਾ ਆਉਂਦਾ ਹੈ। ਜਨਮ ਵਜੋਂ ਉਹ ਰੱਜੇ-ਪੁੱਜੇ ਖੱਤਰੀ ਘਰ ਦਾ ਪੁੱਤਰ ਸੀ, ਪਰ ਉਸ ਦੇ ਮਾਨਸਿਕ ਝੁਕਾਅ ਤੇ ਜੀਵਨ-ਤਜਰਬੇ ਨੇ ਉਸ ਨੂੰ ਉਸ ਪਾਸੇ ਜਾਣ ਤੋਂ ਰੋਕਿਆ ਜਿਸ ਪਾਸੇ ਉਸਦਾ ਪਿਉ ਉਸਨੂੰ ਪਾਉਣ ਲਈ ਬਜ਼ਿਦ ਸੀ। ਉਪਰੋਕਤ ਸਮਾਜਕ ਅਵਸਥਾ ਦਾ ਅਧਿਐਨ ਕਰਦਿਆਂ ਉਸ ਆਪਣਾ ਰਾਹ ਨਿਸ਼ਚਿਤ ਕੀਤਾ। ਦੂਜੇ ਅਰਥਾਂ ਵਿਚ ਆਪਣੇ ਹਿਤ ਤੇ ਸੋਚ ਨੂੰ ਸਮਾਜਕ ਵਰਤਾਰੇ ਉੱਤੇ ਲਾਗੂ ਕਰਦਿਆਂ ਆਪਣਾ ਮਾਰਗ ਐਲਾਨਿਆ—

"ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥"
ਨਾਨਕ ਤਿਨ ਕੇ ਸੰਗ ਸਾਥਿ, ਵਡਿਆਂ ਸਿਉਂ ਕਿਆ ਰੀਸੁ ॥

ਇਹ ਹਿਤ ਨਾਨਕ ਨੇ ਨਿਰਾ ਐਲਾਨਿਆਂ ਹੀ ਨਹੀਂ ਸਗੋਂ ਸਾਰੀ ਉਮਰ ਇਸਨੂੰ ਅਮਲ ਵਿੱਚ ਲਿਆਂਦਾ ਪਰ ਅਮਲ ਕਾਰਗਰ ਤਾਂ ਤਦ ਹੁੰਦਾ ਜੇ ਇਹ 'ਉਸਾਰ' ਦੀ ਬਜਾਇ 'ਅਧਾਰ' ਦੇ ਪੱਧਰ ਉੱਤੇ ਹੁੰਦਾ। ਜੀਵਨ ਦੀਆਂ ਕਥਿਤ ਘਟਨਾਵਾਂ ਛੱਡ ਕੇ ਜੇ ਕੇਵਲ ਰਚਨਾ ਨੂੰ ਹੀ ਲੈ ਲਿਆ ਜਾਏ ਤਾਂ ਪਤਾ ਲੱਗੇਗਾ ਕਿ ਗੁਰੂ ਨਾਨਕ ਨੇ ਹਉਮੈ, ਅਭਿਮਾਨ, ਪਖੰਡ ਅਤੇ ਦੰਭ ਦੇ ਖਿਲਾਫ ਸਭ ਤੋਂ ਵੱਧ ਲਿਖਿਆ ਹੈ। ਕਈ ਥਾਵਾਂ ਉੱਤੇ ਤਾਂ ਬਹੁਤ ਹੀ ਸਖ਼ਤ, ਖ਼ਾਸ ਕਰਕੇ 'ਆਸਾ ਦੀ ਵਾਰ' ਵਿੱਚ। ਦੇਖਣਾ ਇਹ ਹੈ ਕਿ ਕੀ ਹਉਮੈਂ, ਅਭਿਮਾਨ, ਪਖੰਡ ਜਾਂ ਦੰਭ ਨੀਵੀਂ ਸ਼੍ਰੇਣੀ ਦਾ ਚਰਿੱਤਰ ਹੈ ? ਹਉਮੈ ਤੇ ਅਭਿਮਾਨ ਤਾਂ ਜਮਾਂਦਰੂ ਰੁਚੀ ਨਹੀਂ। ਇਹ ਤਾਂ ਆਰਥਿਕ ਆਧਾਰਾਂ ਦਾ ਮਾਨਸਿਕ ਪਰਤਾਉ ਹੁੰਦਾ ਹੈ ਤੇ ਉਸੇ ਸਮਾਜ ਵਿਚ ਤੇ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਹੁੰਦਾ ਹੈ ਜੋ ਆਪਣੀ ਆਰਥਿਕ ਅਵਸਥਾ ਨਾਲ ਆਪਣੀ ਸਮਾਜਕ ਅਵਸਥਾ ਬਣਾਉਂਦੇ ਹਨ ਤੇ ਸਮਾਜਕ ਰਿਸ਼ਤਿਆਂ ਵਿਚ ਆਪਣੇ ਤੋਂ ਨੀਵਿਆਂ ਪ੍ਰਤੀ ਹਉਮੈਂ ਤੇ ਅਭਿਮਾਨ ਵਾਲਾ ਵਰਤਾਰਾ ਰਖਦੇ ਹਨ। ਜਿਥੇ ਆਰਥਿਕ ਨਾਬਰਾਬਰੀ ਵਾਲੇ ਸਮਾਜ ਵਿਚ ਵੱਡਿਆਂ ਵਿਚ ਪੈਸੇ ਦਾ ਜਾਂ ਉੱਚ ਜਾਤੀ-ਅਭਿਮਾਨ ਹੋਣਾ ਕੁਦਰਤੀ ਹੁੰਦਾ ਹੈ ਉਥੇ ਇਨ੍ਹਾਂ ਹੀ ਸ਼੍ਰੇਣੀਆਂ ਵਲੋਂ ਆਪਣੇ ਟੁਕੜਿਆਂ ਤੇ ਪਲਦੇ ਤੇ ਆਪਣੇ ਹੱਥ ਠੋਕੇ ਪੂਜਾਂ ਦੁਆਰਾ ਪਖੰਡ ਤੇ ਦੰਭ ਫੈਲਾਏ ਜਾਣ ਨੂੰ ਸ਼ਹਿ ਦਿੱਤੀ ਜਾਂਦੀ ਹੈ। ਗੁਰੂ ਨਾਨਕ ਦੇ ਸਮੇਂ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਅਜਿਹੇ ਪਖੰਡ ਰਚਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਕਿਉਂ ਜੁ ਇਹ ਧਾਰਮਿਕ ਵਹਿਮ ਪਖੰਡ ਜਨਸਾਧਾਰਣ ਦੇ ਹਿਤ ਵਿਚ ਨਹੀਂ ਸਨ ਜਾਂਦੇ ਇਸ ਲਈ ਗੁਰੂ ਨਾਨਕ ਨੇ ਇਨ੍ਹਾਂ ਦੀ ਸਖ਼ਤ ਨਿਖੇਧੀ ਕੀਤੀ —

1. ਸੂਚੇ ਏਹਿ ਨਾ ਆਖੀਅਹਿ, ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥

—0—

2. ਜੋਗੁ ਨਾ ਖਿੰਥਾ, ਜੋਗੁ ਨਾ ਡੰਡੈ ਜੋਗੁ ਨਾ ਭਸਮ ਚੜਾਈਐ ॥
ਜੋਗੁ ਨਾ ਮੁੰਦੀ ਮੂੰਡਿ ਮੁੰਡਾਇਐ ਜੋਗੁ ਨਾ ਸਿੰਙੀ ਵਾਈਐ ॥

ਇਹ ਵਹਿਮ ਭਰਮ ਨਾ ਕੇਵਲ ਉਸ ਸਮੇਂ ਦੇ ਸਮਾਜਕ ਵਰਤਾਰੇ ਦੀ ਹੀ ਉਪਜ ਸਨ, ਸਗੋਂ ਚਾਤੁਰੀ ਨਾਲ ਇਨ੍ਹਾਂ ਦਾ ਸੰਬੰਧ ਪੁਰਾਣੇ ਦਰਸ਼ਨ ਨਾਲ ਵੀ ਜੋੜਿਆ ਜਾਂਦਾ ਸੀ ਤਾਂ ਜੋ ਇਨ੍ਹਾਂ ਦੀ ਸਾਰਥਕਤਾ ਸਿੱਧ ਕੀਤੀ ਜਾ ਸਕੇ। ਗੁਰੂ ਨਾਨਕ ਨੇ ਇਨ੍ਹਾਂ ਨੂੰ ਏਸੇ ਪੱਖ ਤੋਂ ਲਿਆ। ਉਸ ਪੁਰਾਣੇ ਦਰਸ਼ਨ ਦਾ ਅਧਿਐਨ ਕਰਕੇ ਨਾ ਕੇਵਲ ਪ੍ਰਚਲਿਤ ਪਖੰਡ ਧਰਮ ਦਾ ਖੰਡਨ ਹੀ ਕੀਤਾ ਸਗੋਂ ਪੁਰਾਤਨ ਦਰਸ਼ਨ ਦੇ ਅਸਲ ਅਰਥ ਖੋਜਦਿਆਂ ਉਨ੍ਹਾਂ ਨੂੰ ਜਨਹਿਤਾਂ ਦੇ ਸਮਰਥਨ ਲਈ ਨਵੇਂ ਅਰਥਾਂ ਵਿਚ ਪੇਸ਼ ਕੀਤਾ। ਮਿਸਾਲ ਵਜੋਂ ਪਹਿਲੀ ਗੱਲ ਰੱਬ ਤੇ ਸੰਸਾਰ ਬਾਰੇ ਪਾਏ ਭੁਲੇਖੇ ਤੋੜਨ ਦੀ ਸੀ। ਗੁਰੂ ਨਾਨਕ ਨੇ ਦੇਵਤਿਆਂ ਅਵਤਾਰਾਂ ਦੇ ਸੰਕਲਪਾਂ ਦਾ ਵਿਰੋਧ ਕਰਦਿਆਂ ਇਕ ਰੱਬ ਦਾ ਸੰਕਲਪ ਪੇਸ਼ ਕੀਤਾ। ਵੇਦਾਂ ਵਿਚਲਾ ਓਮ ਗੁਰੂ ਨਾਨਕ ਦੀ ਬਾਣੀ ਵਿਚ '੧ਓ' ਹੋ ਗਿਆ। ਇਹ ਕਾਫ਼ੀ ਹੱਦ ਤਕ ਇਸਲਾਮ ਦੇ ਰੱਬ ਦੇ ਸੰਕਲਪ ਨਾਲ ਮਿਲਦਾ ਸੀ ਪਰ 'ਹਜ਼ਰਤ ਮੁਹੰਮਦ ਦੇ ਉਸਦੇ ਇਕੋ ਇਕ ਰਸੂਲ ਹੋਣ' ਦੇ ਸਾਮੰਤੀ ਸੰਕਲਪ ਤੋਂ ਨਿਖੜਵਾਂ ਸੀ। ਉਸ ਵੇਲੇ ਜਨ-ਸਾਧਾਰਣ ਦੇ ਜ਼ਿਹਨ ਵਿਚ ਰੋਮ ਰੋਮ ਰਚ ਚੁੱਕਿਆ ਰੱਬ ਉਕਾ ਹੀ ਉਸ ਵਿਚੋਂ ਕਢਿਆ ਨਹੀਂ ਜਾ ਸਕਦਾ ਸੀ ਪਰ ਇਸ ਨੂੰ ਕੋਈ 'ਵਿਸ਼ੇਸ਼ ਆਕਾਰ' ਦਿਤਾ ਜਾਣਾ ਵੀ ਨਾਨਕ ਦੀ ਸੋਚ ਨੂੰ ਮਨਜ਼ੂਰ

ਨਹੀਂ ਸੀ । ਉਸ ਨੇ ਮੱਤ ਪੇਸ਼ ਕੀਤਾ :

"੧ ਓ ਸਤਿਨਾਮੁ, ਕਰਤਾਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ॥

ਵਿਸ਼ਲੇਸ਼ਣ ਕੀਤਿਆਂ ਮਨ ਵਿਚ ਕਿਸੇ ਠੋਸ ਆਕ੍ਰਿਤੀ ਦਾ ਬਿੰਬ ਨਹੀਂ ਬਣਦਾ । ਇਹ ਇਕ ਵਿਚਾਰ ਹੈ ਜਿਸ ਨੂੰ ਅੱਗੇ ਜਾ ਕੇ ਗੁਰੂ ਨਾਨਕ ਨੇ 'ਸੱਚ' ਆਖ ਦਿੱਤਾ । ਪੜ੍ਹਨ ਤੋਂ ਪਤਾ ਲੱਗੇਗਾ ਕਿ ਇਹ 'ਸੱਚ' ਕੋਈ ਅਮੂਰਤ ਜਾਂ ਗੈਬੀ ਸੰਕਲਪ ਨਹੀਂ ਸਗੋਂ ਦੰਭ, ਪਖੰਡ, ਹਉਮੈਂ, ਹੰਕਾਰ ਰਹਿਤ ਮਨੁੱਖੀ ਵਰਤਾਰਾ ਹੈ । ਇਸ ਸੱਚ ਨੂੰ ਪਾਉਣ ਲਈ ਸਚਿਆਰ ਬਣਨ ਦੀ ਲੋੜ ਹੈ । ਜ਼ੋਰ ਸੱਚ ਤੇ ਨਹੀਂ ਸਚਿਆਰ ਉੱਤੇ ਹੈ । ਭਾਵੇਂ 'ਹੁਕਮ' ਦੀ ਗੱਲ ਕਰਕੇ 'ਸਚਿਆਰ ਬਣਨ' ਦੀ ਗੱਲ ਉੱਤੇ ਜ਼ੋਰ ਘੱਟ ਗਿਆ ਹੈ ਫੇਰ ਵੀ ਸਾਧਾਰਣੀਕ੍ਰਿਤ ਰੂਪ ਵਿਚ ਗੁਰੂ ਨਾਨਕ ਦਾ ਰਵੱਈਆ ਲੋਕ ਮਨਾਂ ਉੱਤੇ ਖੜ੍ਹਕੇ ਹੀ ਉਨ੍ਹਾਂ ਵਿਚ ਸਹਿੰਦਾ ਸਹਿੰਦਾ ਪਰਿਵਰਤਣ ਕਰਨ ਦਾ ਹੈ । ਉਹ ਲੋਕਾਂ ਨੂੰ ਚੰਗੇ ਕੰਮ ਕਰਨ ਲਈ ਆਖਦਾ ਹੈ 'ਕਰਮ ਨਹੀਂ' । ਰੱਬ ਦਾ ਅਮੂਰਤ ਰੂਪ ਤੇ ਸਾਧਾਰਣੀਕ੍ਰਿਤ ਰੂਪ ਕਰਕੇ ਉਸ ਨੂੰ ਪ੍ਰਕ੍ਰਿਤੀ ਦੇ ਹਰ ਅੰਗ ਵਿਚ ਦਰਸਾ ਕੇ ਉਹ ਉਸ ਭਰਮ ਨੂੰ ਤੋੜਦਾ ਹੈ ਜਿਸ ਦਾ ਆਸਰਾ ਲੈ ਕੇ ਸਾਮੰਤੀ ਯੁੱਗ ਵਿਚ 'ਨਿਰੰਕੁਸ਼ ਬਾਦਸ਼ਾਹ' ਦਾ ਸੰਕਲਪ ਪੈਦਾ ਹੋ ਗਿਆ ਸੀ । 'ਸਚਿਆਰ' ਕਿਨ੍ਹਾਂ ਨੇ ਬਣਨਾ ਹੈ ? ਸਾਫ ਉੱਤਰ ਹੈ ਜੋ ਸਚਿਆਰ ਨਹੀਂ ਅਤੇ ਜੋ ਵਿਹਲੜ ਹਨ ; ਲੁੱਟ ਖਸੁੱਟ ਕਰਦੇ ਹਨ ; ਵਿਲਾਸਤਾ ਵਿਚ ਲੀਨ ਹਨ ਉਨ੍ਹਾਂ ਨੇ । ਕਾਮਾ ਤਾਂ ਆਪਣੀ ਕਿਰਤ ਕਰਕੇ ਹੀ ਸਚਿਆਰ ਹੈ । ਕਿਰਤ ਸਭ ਤੋਂ ਵੱਡੀ ਸੱਚਾਈ ਹੈ । ਇਹੋ ਜਗਤ ਦੀ ਰਚਨਾ ਦਾ ਮੂਲ ਹੈ । ਕਾਮੇ ਬਾਰੇ ਉਹ ਸਾਫ ਆਖਦਾ ਹੈ :—

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨਾ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਇਸ ਤਰ੍ਹਾਂ ਜਦੋਂ ਗੁਰੂ ਨਾਨਕ 'ਕੰਮ ਕਰਨ ਵਾਲੇ ਦੇ ਰੱਬ ਨੂੰ ਪਛਾਣਨ ਦੀ ਗੱਲ' ਆਖਦਾ ਹੈ ਤਾਂ ਇਸ ਦਾ ਅਰਥ ਇਹੋ ਬਣਦਾ ਹੈ ਕਿ ਉਹ ਉਸ ਆਰਥਿਕ ਸਮਾਜਕ ਤੇ ਧਾਰਮਿਕ ਉੱਥਲ-ਪੁਥਲ ਦੇ ਦੌਰ ਵਿਚ ਕਿਰਤੀ ਸ਼੍ਰੇਣੀ ਦਾ ਇਹ ਵਿਸ਼ਵਾਸ ਬਣਾਉਂਦਾ ਹੈ ਕਿ ਉਹ ਕਿਰਤੀ ਹਨ ਇਸੇ ਕਰਕੇ ਉਨ੍ਹਾਂ 'ਅਮਲੀ ਰਾਹ' ਅਪਣਾਇਆ ਹੈ । ਨਾਲ ਹੀ ਇਹ ਪ੍ਰਸ਼ਨ ਭੀ ਉੱਭਰਦਾ ਹੈ ਕਿ ਜੋ ਕਿਰਤੀ ਨਹੀਂ ਹਨ ਜੋ ਵਿਹਲੜ ਹਨ ਉਕ 'ਰਾਹ' ਤੋਂ ਭਟਕੇ ਹੋਏ ਹਨ । ਉਨ੍ਹਾਂ ਕੋਲ ਪਖੰਡ ਤਾਂ ਹੈ ਸੱਚ ਨਹੀਂ । ਕਿਰਤ ਜਿੱਥੇ ਕਿਰਤੀ ਵਿਚ ਸ੍ਵੈ-ਵਿਸ਼ਵਾਸ ਪੈਦਾ ਕਰਦੀ ਹੈ ਉਥੇ ਇਹ ਸ੍ਵੈ-ਵਿਸ਼ਵਾਸ ਸਾਰੀ ਕਿਰਤੀ ਸ਼੍ਰੇਣੀ ਵਿਚ ਵੀ ਪੈਦਾ ਹੁੰਦਾ ਹੈ ਤੇ ਇਹੋ ਸ੍ਵੈਵਿਸ਼ਵਾਸ ਉਨ੍ਹਾਂ ਦੇ ਸੰਗਠਿਤ ਹੋਣ ਦਾ ਅਧਾਰ ਬਣਦਾ ਹੈ । ਨਾਨਕ ਦੀ ਇਸੇ ਸੋਚ ਵਿਚੋਂ ਅਤੇ ਇਸੇ ਸੋਚ ਦੇ ਅਸਰ ਵਜੋਂ ਪੰਜਾਬ ਵਿਚੋਂ ਪੰਜਾਬੀਆਂ ਦੀ ਸੰਗਠਿਤ ਕੌਮ ਉੱਸਰੀ ਸੀ ਜੋ ਰਾਜ ਸੰਭਾਲਣ ਤਕ ਦੇ ਕਾਰਜ ਤੱਕ ਉੱਸਰ ਗਈ ਸੀ । ਲੋਕ ਮਨਾਂ ਨੂੰ ਨਾਨਕ ਨੇ ਇਕ ਨਵਾਂ ਰੱਬ ਦਿਤਾ ਜਿਹੜਾ ਉਹਨਾਂ ਦੇ ਨਿਤਾ ਪ੍ਰਤੀ ਦੇ ਅਮਲਾਂ ਨਾਲ ਵਧੇਰੇ ਸੰਬੰਧ ਰਖਦਾ ਸੀ—ਅਰਥਾਤ ਸੱਚ ਰੂਪੀ ਰੱਬ । ਉਸ ਨੂੰ ਕਿਸੇ ਦੁਨਿਆਵੀ ਅਵਤਾਰ ਜਾਂ ਪੱਥਰ ਦੀ ਕਿਸੇ ਮੂਰਤ ਵਿਚ ਕੈਦ ਨਹੀਂ ਕੀਤਾ । ਇਹ ਉਸ ਸਮੇਂ ਦਾ ਪ੍ਰਗਤਿਵਾਦੀ ਕਦਮ ਸੀ ।

ਜਨ ਸਾਧਾਰਨ ਨੂੰ ਇਨ੍ਹਾਂ ਪਾਖੰਡਾਂ ਤੇ ਉੱਚ ਧਾਰਮਿਕ ਤੇ ਆਰਥਿਕ ਵਰਗਾਂ ਦੀਆਂ ਕੁਚਾਲਾਂ ਵਿਚੋਂ ਕੱਢਣ ਲਈ ਨਾਨਕ ਨੇ ਦੂਜਾ ਜ਼ੋਰ ਗੁਰੂ (ਜਨ ਸਾਧਾਰਣ ਵਿਚੋਂ ਸੱਚ ਦੇ ਅਮਲਾਂ ਕਾਰਨ ਵਿਸ਼ੇਸ ਹੋਇਆ ਹੋਇਆ ਪੁਰਖ ; ਆਰਥਿਕ ਜਾਂ ਧਾਰਮਿਕ ਉੱਚਤਾ ਕਾਰਣ ਨਹੀਂ) ਦੇ ਮਹੱਤਵ ਉੱਤੇ ਦਿੱਤਾ। ਗੁਰੂ ਅਸਲ ਵਿਚ ਦਲਿਤ ਦੇ ਸੰਗਠਨ ਲਈ 'ਕੇਂਦਰ-ਬਿੰਦੂ' ਸੀ। ਗੁਰੂ ਨੂੰ ਉਹ ਕਿਤੇ 'ਨਾਮੁ' ਕਿਤੇ 'ਸ਼ਬਦ' ਕਿਤੇ 'ਸਚਿਆਰ' ਆਖਦਾ ਹੈ। ਜੋ ਉਪਰੋਕਤ ਸਮਾਜਿਕ ਵਰਤਾਰੇ ਨੂੰ ਸਮਝਦਾ ਹੈ, ਸਚਿਆਰ ਹੋ ਜਾਂਦਾ ਹੈ (ਜੇ ਕੋ ਬੁਝੈ ਹੋਵੈ ਸਚਿਆਰੁ) ਕਿਧਰੇ ਕਿਧਰੇ ਇਹ ਸੰਕੇਤ ਕਿਸੇ ਅਜਿਹੇ 'ਬੁੱਝਣ ਵਾਲੇ' ਦੇਹ ਧਾਰੀ ਲਈ ਹੈ ਤੇ ਕਿਧਰੇ ਨਿਰੋਲ ਅਮਲ ਲਈ। ਅਰਥਾਤ ਸੱਚ ਦੇ ਅਮਲ ਨੂੰ ਅਪਨਾਉਣ ਵਾਲਾ ਆਪ ਹੀ ਆਪਣਾ ਵੀ ਗੁਰੂ ਹੈ ਤੇ ਉਨ੍ਹਾਂ ਦਾ ਵੀ ਜਿਹੜੇ ਅਗਿਆਨੀ ਹਨ।

ਇਹ ਨਿਸਚੇ ਹੀ ਸਮਾਜਕ ਆਰਥਿਕ ਤੇ ਧਾਰਮਿਕ ਉਥਲ ਪੁਥਲ ਦੀ ਸ਼ਿਕਾਰ ਕਿਰਤੀ ਸ਼੍ਰੇਣੀ ਨੂੰ ਉਭਾਰਨ ਤੇ ਸੰਗਠਿਤ ਕਰਨ ਦਾ ਉਪਰਾਲਾ ਹੈ। ਗੁਰੂ ਨਾਨਕ ਵਰਤਦੇ ਕੌੜੇ ਸੱਚ ਤੋਂ ਘਬਰਾਕੇ ਉਸ ਤੋਂ ਭੱਜਿਆ ਨਹੀਂ। ਨਾ ਉਸ ਸੰਸਾਰ ਨੂੰ ਮਾਇਆ ਆਖ ਸਿੱਧਾਂ, ਨਾਥਾਂ ਵਾਂਗ ਇਸ ਤੋਂ ਮੂੰਹ ਮੋੜ ਕੇ ਜੰਗਲਾਂ ਦਾ ਰਾਹ ਅਖਤਿਆਰ ਕੀਤਾ ਹੈ ਤੇ ਨਾ ਹੀ ਉਸ ਪਿਛਲੇ ਤੇ ਆਉਂਦੇ ਜੀਵਨ ਦੇ ਭਰਮ ਪੈਦਾ ਕਰਕੇ ਆਪਣੇ ਆਪ ਨੂੰ ਪਾਖੰਡੀ ਬ੍ਰਾਹਮਣ ਸ਼੍ਰੇਣੀ ਨਾਲ ਮਿਲਾਇਆ ਹੈ। ਇਨ੍ਹਾਂ ਸਭਨਾਂ ਦਾ ਦਲੀਲ ਯੁਕਤ ਖੰਡਨ ਕਰਦਿਆਂ ਉਸ ਇਕ ਇਕ ਕਰਕੇ ਇਨ੍ਹਾਂ ਦੀਆਂ ਸਭ ਕੁਰੀਤੀਆਂ ਦਾ ਅਮਲ ਵਿਚ ਖੰਡਨ ਕੀਤਾ ਹੈ—

1. ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ॥ ਆਪਣਾ ਕੀਆ ॥

—0—

2. ਮਾਸੁ ਮਾਸੁ ਕਰਿ ਮੂਰਖੁ ਝਗੜੇ,
ਗਿਆਨੁ ਧਿਆਨ ਨਹੀਂ ਜਾਣੇ।
ਕਉਣ ਮਾਸੁ, ਕਉਣੁ ਸਾਗੁ ਕਹਾਵੈ,
ਕਿਸ ਮਹਿ ਪਾਪ ਸਮਾਣੇ ?

ਤੇ ਇਕ ਅਜਿਹੇ ਵਰਤਾਰੇ ਦਾ ਸੁਝਾਅ ਦਿੱਤਾ ਹੈ ਜਿਸ ਨੂੰ ਅਪਣਾ ਕੇ ਇਸ ਸੰਸਾਰ ਵਿਚ ਰਹਿੰਦਿਆਂ ਹੀ 'ਸੱਚ' ਨੂੰ ਪਾਇਆ ਜਾ ਸਕਦਾ ਹੈ। ਕੇਵਲ ਆਪਣੇ ਅਮਲ ਸ਼ੁੱਧ ਕਰਨ ਦੀ ਲੋੜ ਹੈ :

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ।
ਛਾਦਨ ਭੋਜਨ ਕੀ ਆਸ ਨਾ ਕਰਈ ਅਚਿੰਤੁ ਮਿਲੇ ਸੋ ਪਾਏ।

ਕਿਸੇ ਨਵੇਂ ਦਰਸ਼ਨ ਦੇ ਪ੍ਰਤਿਪਾਦਨ ਲਈ ਨਾ ਕੇਵਲ ਪੁਰਾਣੇ ਦਰਸ਼ਨ ਦਾ ਵਿਰੋਧ ਕਰਨਾ ਹੁੰਦਾ ਹੈ ਸਗੋਂ ਵਰਤਮਾਨ ਸਮਾਜਕ ਵਰਤਾਰੇ ਨੂੰ ਸਮਝਦਿਆਂ ਉਸ ਪ੍ਰਤੀ ਅਜਿਹੀ ਰੁਚੀ ਅਪਨਾਉਣਾ ਹੁੰਦਾ ਹੈ ਤਾਂ ਜੋ ਨਵਾਂ ਦਰਸ਼ਨ ਹਜ਼ਮ ਹੋ ਸਕੇ। ਗੁਰੂ ਨਾਨਕ ਨੇ ਬਿਲਕੁੱਲ ਅਜਿਹਾ ਕੀਤਾ। ਉਸ ਨੇ ਨਾ ਕੇਵਲ ਪੁਰਾਣੇ ਹਿੰਦੂ ਦਰਸ਼ਨ ਨੂੰ ਘੋਖਿਆ ਤੇ ਉਸ ਵਿਚੋਂ ਲੈਣ ਯੋਗ ਮਸਾਲਾ ਲਿਆ ਤੇ ਬਾਕੀ ਦਾ ਖੰਡਨ ਕੀਤਾ ਸਗੋਂ ਇਸਲਾਮੀ ਦਰਸ਼ਨ ਪ੍ਰਤੀ ਵੀ ਦੇਤ, ਲੈਤ ਦੀ ਆਲੋਚ-

ਨਾਤਮਕ ਰੁਚੀ ਅਪਣਾਈ। ਉਸ ਨੇ ਆਪਣੀ ਰਚਨਾ ਵਿਚ ਹਿੰਦੂ ਤੇ ਇਸਲਾਮੀ ਕੱਟੜ ਰਹਿਤ-ਮਰਿਯਾਦਾ ਅਪਨਾਉਣ ਤੋਂ ਮੁਨਕਰ ਹੋਣ ਦਾ ਨਾਹਰਾ ਦਿਤਾ ਤੇ 'ਨਾਮੁ' ਸੰਤੋਖ, ਜਤਸਤਿ, ਮਨ-ਨਿਅੰਤ੍ਰਣ, ਦਇਆ, ਮਿਹਰ ਆਦਿ ਗੁਣਾਂ ਨੂੰ ਹੀ ਸੱਚਾ ਧਰਮ ਆਖਿਆ। ਸਮਾਜੀ ਰਿਸ਼ਤਿਆਂ ਵਿਚ ਵਿਤਕਰੇ ਦੇ ਆਰਥਿਕ ਆਧਾਰ ਵੀ ਭਾਵੇਂ ਗੁਰੂ ਨਾਨਕ ਨੇ ਲੱਭੇ ਪਰ ਬਹੁਤਾ ਜ਼ੋਰ ਇਨ੍ਹਾਂ ਆਧਾਰਾਂ ਦੇ 'ਉਸਾਰ' (Superstructure) (ਖਾਸ ਕਰਕੇ ਧਾਰਮਿਕ ਵਿਤਕਰੇ ਦੇ ਪ੍ਰਸੰਗ ਵਿਚ) ਨੂੰ ਲਿਆ। ਉਸ ਨੇ ਇਸ ਦਾ ਇਲਾਜ ਵੀ 'ਉਸਾਰ' ਦੇ ਪੱਧਰ ਤੇ ਹੀ ਸੁਝਾਇਆ ਆਧਾਰ ਦੇ ਪੱਧਰ ਤੇ ਨਹੀਂ। ਸ਼ਾਇਦ ਇਸੇ ਕਾਰਣ ਉਸ ਨੇ ਹਿੰਦੂ ਤੇ ਇਸਲਾਮੀ ਧਰਮ ਦੀ ਹਿੰਦੂ-ਇਸਲਾਮੀ ਸੰਕੀਰਣਤਾ ਨੂੰ ਤਜ ਕੇ ਇਕ ਨਵੇਂ ਧਰਮ ਦੀ ਕਲਪਨਾ ਕੀਤੀ ਜਿਸ ਨੂੰ ਸਿੱਖ (ਸ਼ਿਸ਼) ਧਰਮ ਦਾ ਨਾਂ ਦਿਤਾ ਗਿਆ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਇਹ ਵੀ ਉਤਨਾ ਹੀ ਸੰਕੀਰਣ ਹੋ ਗਿਆ। ਕਿਉਂਕਿ ਧਰਮ ਖ਼ੁਦ 'ਉਸਾਰ' ਹੈ 'ਆਧਾਰ' ਨਹੀਂ ਤੇ ਇਸ ਲਈ ਇਸ ਦੇ ਵਿਰੋਧ ਜਾਂ ਸੁਧਾਰ ਦਾ ਉਦੋਂ ਤਕ ਕੋਈ ਅਰਥ ਨਹੀਂ ਬਣਦਾ ਜਦ ਤਕ ਇਸ ਨੂੰ ਆਧਾਰ ਦੇ ਪੱਧਰ ਤੇ ਨਾ ਲਿਆ ਜਾਏ। ਆਧਾਰ ਉਦੋਂ ਵੀ ਆਰਥਿਕ ਸੀ ਪਰ ਗੁਰੂ ਨਾਨਕ ਨੇ ਸੱਚ, ਨਿਮ੍ਰਤਾ, ਦਇਆ, ਸੰਤੋਖ ਆਦਿ ਨੂੰ ਆਧਾਰ ਦੇ ਪ੍ਰਸੰਗ ਵਿਚ ਨਾ ਸੋਚ ਕੇ ਇਨ੍ਹਾਂ ਨੂੰ ਸਦੀਵੀ ਤੇ ਸ਼੍ਰੇਣਿਕ ਚਰਿਤਰ ਤੋਂ ਮੁਕਤ ਕੀਮਤਾਂ ਮੰਨਿਆ। ਇਸ ਲਈ ਇਹ ਕੀਮਤਾਂ ਆਪਣੇ ਆਪ ਵਿਚ ਚੰਗੀਆਂ ਹੋਣ ਦੇ ਬਾਵਜੂਦ ਵੀ ਅਮਲ ਵਿਚ ਅਪਣਾਈਆਂ ਨਾ ਜਾ ਸਕੀਆਂ।

ਆਪਣੇ ਸਮੇਂ ਦਾ ਪ੍ਰਗਤਿਵਾਦੀ ਦਰਸ਼ਨ ਹੋਣ ਦੇ ਬਾਵਜੂਦ ਨਾਨਕ ਦਾ ਦਰਸ਼ਨ ਵਰਤਮਾਨ ਸਮੇਂ ਵਿਚ ਜੇ ਵਿਕਸਿਤ ਹੋਇਆ ਹੈ ਤਾਂ ਪ੍ਰਗਤਿਵਾਦੀ ਰੂਪ ਵਿਚ ਘਟ ਪਰ ਧਾਰਮਿਕ, ਨੈਤਿਕ ਰੂਪ ਵਿਚ ਵੱਧ। ਇਸ ਵਿਚਲਾ ਇਨਕਲਾਬੀ ਪੱਖ ਜੋ ਗੁਰੂ ਗੋਬਿੰਦ ਸਿੰਘ ਦੇ 'ਖਾਲਸਾ ਸਿਰਜਣ' ਦੇ ਰੂਪ ਵਿਚ ਵਿਕਸਿਤ ਹੋਇਆ ਸੀ ਪਿਛੋਂ ਆਪਣੀ ਇਨਕਲਾਬੀ ਸੁਰ ਕਾਇਮ ਨਾ ਰੱਖ ਸਕਿਆ। ਇਸ ਦਾ ਇਤਿਹਾਸਿਕ ਕਾਰਣ ਸੀ। ਸਿੱਖ ਰਾਜ ਤੋਂ ਪਿਛੋਂ ਹੁਣ ਤਕ ਜਦ ਕਿ ਸਮੁੱਚੇ ਦੇਸ਼ ਵਿਚ ਸਾਮੰਤੀ ਪ੍ਰਬੰਧ ਟੁੱਟ ਕੇ ਪੂੰਜੀਵਾਦੀ ਪ੍ਰਬੰਧ ਕਾਇਮ ਹੋ ਰਿਹਾ ਹੈ ਉਥੇ ਪੰਜਾਬ ਵਿਚ ਅਜੇ ਵੀ ਫੀਉਡਲ ਦੀ (ਬਾਵਜੂਦ ਰਹਿੰਦ ਖੂੰਹਦ ਹੋਣ ਦੇ) ਹੀ ਚੜ੍ਹਤ ਹੈ। ਕਿਉਂਕਿ ਨਾਨਕ ਦਾ ਦਰਸ਼ਨ ਆਧਾਰ ਵੱਲ ਘੱਟ ਤੇ ਉਸਾਰ ਵੱਲ ਵੱਧ ਰੁਚੀ ਰਖਦਾ ਹੈ ਇਸ ਲਈ ਪੰਜਾਬ ਦਾ ਫੀਉਡਲ ਆਪਣੇ ਆਰਥਿਕ ਆਧਾਰ ਉਹੋ ਮਲਕ ਭਾਗੋ ਵਾਲੇ ਰੱਖਣ ਦੇ ਬਾਵਜੂਦ ਵੀ ਸਿੱਖ-ਧਾਰਮਿਕ ਹੈ। ਉਹ ਅਮਲ ਵਿਚ ਜਿਥੇ ਦੂਜਿਆਂ ਦੇ ਹੱਕਾਂ ਤੇ ਛਾਪਾ ਮਾਰਦਾ ਹੈ ਉਥੇ ਬਚਨ ਵਿਚ ਨਿਰਮਾਣ, ਦਇਆਲੂ ਹੈ। ਉਸ ਦਾ ਇਹ ਚਰਿਤਰ ਧਾਰਮਿਕ ਖੇਤਰ ਵਿਚ ਆਮ ਆਦਮੀ ਦੇ ਚਰਿਤਰ ਨਾਲੋਂ ਵਧੇਰੇ ਮਕਬੂਲ ਹੈ। ਇਸ ਦਾ ਕਾਰਣ ਗੁਰੂ ਨਾਨਕ ਦਰਸ਼ਨ ਨਹੀਂ ਸਗੋਂ ਇਹ ਜ਼ਰੂਰ ਹੈ ਕਿ ਬਾਵਜੂਦ ਨੀਚਾਂ ਦਾ ਪੱਖ ਲੈਣ ਵਾਲਾ ਦਰਸ਼ਨ ਹੋਣ ਦੇ ਇਸ ਵਿਚੋਂ ਅੱਜ ਦੇ ਫੀਉਡਲ ਨੂੰ ਵੀ ਸ਼ਹਿ ਮਿਲਦੀ ਹੈ।

ਗੁਰੂ ਨਾਨਕ ਜਦੋਂ 'ਹੁਕਮ' ਦੀ ਉੱਚਤਾ ਦੀ ਗੱਲ ਕਰਦਾ ਹੈ ਤਾਂ ਇਹ ਹੁਕਮ ਵੱਡਿਆਂ ਦੀ ਹਉਮੈਂ ਤੋੜਨ ਲਈ ਵੀ ਹੈ—

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨਾ ਕੋਇ ॥

ਪਰ ਇਸ ਨਾਲ ਇਸ ਸਮਾਜਕ ਪ੍ਰਬੰਧ ਦੇ ਉਵੇਂ ਹੋਣ ਤੇ ਉਵੇਂ ਰਹਿਣ ਨੂੰ ਵੀ ਸ਼ਹਿ ਮਿਲਦੀ ਹੈ ਜਿਸ ਪ੍ਰਬੰਧ ਨੂੰ ਗੁਰੂ ਨਾਨਕ ਨੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਦੇਖਿਆ ਸੀ। ਮਿਸਾਲ ਵਜੋਂ ਜਦੋਂ ਗੁਰੂ ਨਾਨਕ ਆਖਦਾ ਹੈ—

1. ਨਾਨਕ ਜੋ ਤਿਸੁ ਭਾਵੈ ਸੋ ਥੀਐ
ਇਨਾ ਜੰਤਾ ਵਸਿ ਕਿਛੁ ਨਾਹਿ ॥

—0—

2. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਹਿ ॥

—0—

3. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

—0—

4. ਨਾਨਕ ਕਰਣਾ ਜਿਨਿ ਕੀਆ ਸੋਈ ਕਾਰ ਕਰੇਇ ॥
ਹੁਕਮ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥

ਤਾਂ ਸੁਭਾਵਕ ਹੀ ਮਨ ਵਿਚ ਪ੍ਰਸ਼ਨ ਉਪਜਦਾ ਹੈ ਕਿ ਜੇ 'ਜੰਤਾ' ਦੇ ਵੱਸ ਹੀ ਕੁਝ ਨਹੀਂ ਤੇ ਸਭ ਕੁਝ 'ਉਸ' ਦੇ ਹੁਕਮ ਅਨੁਸਾਰ ਹੀ ਹੋਣਾ ਹੈ ਤਾਂ ਫਿਰ ਮਨੁੱਖ ਦਾ ਕੋਈ ਰੋਲ ਹੋਇਆ ਹੀ ਨਾ ਤੇ ਉਸ ਤੋਂ ਕੋਈ ਆਸ ਕਰਨੀ ਹੀ ਵਿਅਰਥ ਹੈ। ਕੁਝ ਵਿਦਵਾਨਾਂ ਇਸ ਨੂੰ ਅਟੱਲ ਪ੍ਰਕ੍ਰਿਤਕ ਨਿਯਮ ਦੇ ਤੇ ਕੁਝ ਨੇ ਇਨਕਲਾਬ ( ? ) ਦੇ ਅਰਥ ਦਿਤੇ ਹਨ ਪਰ ਜੋ ਸਮੁੱਚੀ ਗੁਰਬਾਣੀ ਵਿਚ 'ਹੁਕਮ' ਬਾਰੇ ਕਿਹਾ ਗਿਆ ਹੈ ਉਹ ਰੱਬ ਦੀ ਸਰਵੁੱਚਤਾ ਤੇ ਮਨੁੱਖ ਦੀ ਅਸਮਰੱਥਾ ਬਾਰੇ ਹੀ ਹੈ। ਮਨੁੱਖ ਕੁਝ ਵੀ ਨਹੀਂ— ਇਹ ਇਸ ਕਰਕੇ ਹੈ ਕਿ 'ਉਸ ਨੇ' ਇਸ ਨੂੰ ਪੈਦਾ ਕੀਤਾ ਹੈ। ਇਸ ਨੂੰ 'ਉਸ' ਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ। ਇਹੋ ਉਸ ਦੀ ਪ੍ਰਾਪਤੀ ਹੈ। ਇਹੋ 'ਹੁਕਮ' ਵਰਤਮਾਨ ਫਿਊਡਲ ਨੂੰ ਆਪਣੀ ਹੋਂਦ ਕਾਇਮ ਰੱਖਣ ਵਿਚ ਹੁੰਗਾਰਾ ਦਿੰਦਾ ਹੈ। ਅਜ ਦੀ ਛੋਟੀ ਵੱਡੀ ਅਜਾਰਾਦਾਰੀ ਹਰ ਤਰ੍ਹਾਂ ਦੇ ਹਰਬੇ ਵਰਤ ਕੇ ਕੋਠੀ ਦੇ ਬੂਹੇ ਤੇ ਇਹ ਵਾਕ ਉਕਰਾ ਲੈਂਦੀ ਹੈ—"ਤੂੰ ਦਾਤਾ ਦਾਤਾਰੁ ਤੇਰਾ ਦਿੱਤਾ ਖਾਵਣਾ।"

ਏਸ ਦ੍ਰਿਸ਼ਟੀ ਤੋਂ ਏਸ ਦਰਸ਼ਨ ਦੀ ਮਹਾਨਤਾ ਇਸ ਦੇ ਇਤਿਹਾਸਿਕ ਪ੍ਰਸੰਗ ਵਿਚ ਨਿਸ਼ਚੇ ਹੀ ਅਗਾਂਹ ਵਧੂ ਹੈ ਪਰ ਇਸ ਨੂੰ ਅੱਜ ਦੇ ਇਨਕਲਾਬ ਦਾ ਸਹਾਰਾ ਨਹੀਂ ਬਣਾਇਆ ਜਾ ਸਕਦਾ। ਇਸ ਦਾ ਮੁੱਲ ਇਸ ਦੇ ਇਤਿਹਾਸਕ ਪ੍ਰਸੰਗ ਵਿਚ ਹੀ ਪਾਇਆ ਜਾਣਾ ਚਾਹੀਦਾ ਹੈ। ਗੁਰੂ ਨਾਨਕ ਨਿਸ਼ਚੇ ਹੀ ਇਤਿਹਾਸ ਦੀ ਮਹਾਨ ਹਸਤੀ ਹੈ। ਉਸ ਦਾ ਰੋਲ ਉਸ ਵੇਲੇ ਦੀਆਂ ਪਰਿਸਥਿਤੀਆਂ ਵਿਚ ਇਨਕਲਾਬੀ ਸੀ ਪਰ ਪਰਿਸਥਿਤੀਆਂ ਬਦਲ ਜਾਣ ਤੇ ਉਸੇ ਤਰ੍ਹਾਂ ਦੇ ਇਨਕਲਾਬੀ ਰੰਗ ਵਾਲਾ ਪਰ ਵੱਖਰੇ ਰੂਪ ਵਾਲਾ ਉਸਦਾ ਬਦਲਿਆ ਰੋਲ ਹੀ, ਜਿਹੜਾ ਵਰਤਮਾਨ ਹਾਲਤਾਂ ਨੂੰ ਇਨਕਲਾਬੀ ਪਰਿਵਰਤਣ ਦੇ ਸਕੇ, ਸੋਚਿਆ ਤੇ ਚਿਤਰਿਆ ਜਾ ਸਕਦਾ ਹੈ।

## ਤੇਜਵੰਤ ਦੀ ਆਲੋਚਨਾ/ਬਲਜੀਤ ਬਾਸੀ

ਤੇਜਵੰਤ ਗਿੱਲ ਕਈ ਸਾਲਾਂ ਤੋਂ ਪੰਜਾਬੀ ਪੱਤ੍ਰਕਾਵਾਂ ਵਿਚ ਆਲੋਚਨਾਤਮਕ ਨਿਬੰਧ ਲਿਖਦਾ ਰਿਹਾ ਹੈ। ਇੰਨ੍ਹਾਂ ਨਿਬੰਧਾਂ ਵਿਚ ਉਹ ਚੋਖੀ ਵਿਦਵਤਾ ਦਾ ਪ੍ਰਗਟਾਵਾ ਕਰਦਾ ਹੈ ਜਿੰਨ੍ਹਾਂ ਤੋਂ ਕਈ ਪਾਠਕ ਵਿਸਮਾਦ ਵਿਚ ਆ ਜਾਂਦੇ ਹਨ ਤੇ ਕਈ ਇਨ੍ਹਾਂ ਬੋਝਲ ਤੇ ਔਖੇ ਜਾਪਦੇ ਲੇਖਾਂ ਪ੍ਰਤੀ ਉਦਾਸੀਨ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਉਸ ਦੀ ਆਲੋਚਨਾ ਇਕ ਤਰ੍ਹਾਂ ਨਾਲ ਅਣਗੌਲੀ ਤੇ ਅਣ-ਵੰਗਾਰੀ ਰਹੀ ਹੈ।

ਕੋਈ ਆਲੋਚਨਾ ਤਦੇ ਹੀ ਸਾਰਥਕ ਕਹੀ ਜਾ ਸਕਦੀ ਹੈ ਜੇਕਰ ਇਹ ਲੇਖਕਾਂ ਨੂੰ ਕੋਈ ਸੁਯੋਗ ਅਗਵਾਈ ਦੇ ਸਕੇ ਅਤੇ ਪਾਠਕਾਂ ਨੂੰ ਸਾਹਿੱਤਕ ਲਿਖਤਾਂ ਵਧੇਰੇ ਚੰਗੀ ਤਰ੍ਹਾਂ ਸਮਝਣ ਅਤੇ ਮਾਣਨ ਵਿਚ ਸਹਾਈ ਹੋ ਸਕੇ। ਮਾਰਕਸਵਾਦੀ ਕਹਾਉਂਦੇ ਆਲੋਚਕ ਦਾ ਤਾਂ ਇਹ ਵੀ ਫ਼ਰਜ਼ ਹੈ ਕਿ ਉਹ ਪਾਠਕਾਂ ਨੂੰ ਇਸ ਗੱਲ ਤੋਂ ਗਿਆਤ ਕਰਾਵੇ ਕਿ ਫ਼ਲਾਣੀ ਰਚਨਾ ਵਿਚ ਲੇਖਕ ਕਿਸ ਜਮਾਤੀ ਵਿਚਾਰਧਾਰਾ ਨੂੰ ਅੱਗੇ ਲਿਜਾ ਰਿਹਾ ਹੈ, ਇਸ ਰਚਨਾ ਦਾ ਇਤਿਹਾਸਕ ਰੋਲ ਕੀ ਹੈ ਆਦਿ।

ਐਪਰ ਤੇਜਵੰਤ ਇੰਨ੍ਹਾਂ ਸਾਰੇ ਪੱਖਾਂ ਤੋਂ ਅਸਫ਼ਲ ਰਹਿੰਦਾ ਪ੍ਰਤੀਤ ਹੁੰਦਾ ਹੈ। ਜਟਿਲ ਦਲੀਲਾਂ ਨਾਲ ਭਰਪੂਰ ਨਿਰਾਰਥਕ ਵਿਵੇਚਨ, ਅਪ੍ਰਸੰਗਕ ਹਵਾਲੇ, ਪਿਠਭੂਮੀ ਅਤੇ ਸੰਦ੍ਰਿਸ਼ ਨੂੰ ਖਾਹ-ਮਖਾਹ ਵਿਰਾਟ ਤੇ ਵਿਸ਼ਾਲ ਕਰੀ ਜਾਣਾ, ਦੂਜੇ ਆਲੋਚਕਾਂ ਨੂੰ ਢਾਹੁਣ ਲਈ ਕਈ ਵਾਰੀ ਸਵੈ-ਵਿਰੋਧੀ ਗੱਲਾਂ ਕਰਕੇ ਆਪਣੇ ਆਪ ਨੂੰ ਮਹਾਨ ਆਲੋਚਕ ਸਥਾਪਿਤ ਅਤੇ ਸਿੱਧ ਕਰਨ ਦੀ ਰੁਚੀ ਉਸ ਦੇ ਲੇਖਾਂ ਤੋਂ ਹਰ ਸਾਧਾਰਨ ਪਾਠਕ ਲਭ ਸਕਦਾ ਹੈ। ਇਸ ਕਰਕੇ ਉਸ ਦੇ ਲੇਖ ਗਰਮੀ ਤਾਂ ਬਹੁਤ ਉਤਪੰਨ ਕਰਦੇ ਹਨ ਪਰ ਪ੍ਰਕਾਸ਼-ਮਈ ਘੱਟ ਹੀ ਹੁੰਦੇ ਹਨ।

ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਨਾ ਜਾਂ ਉਤਕਥਿਤ ਹੋਰ ਗੱਲਾਂ ਆਪਣੇ ਆਪ ਵਿਚ ਬੁਰਾਈ ਨਹੀਂ ਅਤੇ ਨਾ ਹੀ ਚੁਭਦੀਆਂ ਹਨ ਜੇਕਰ ਇਹ ਸਭ ਕੁਝ ਤਾਰਕਿਕ ਲੜੀ ਵਿਚ ਹੋਵੇ। ਇਸ ਤਰ੍ਹਾਂ ਅੱਜ ਨਹੀਂ ਤਾਂ ਭਲਕ ਹੌਲੀ ਸਹਿਜੇ ਉਸ ਨੂੰ ਸਮਝ ਹੀ ਲਿਆ ਜਾਵੇਗਾ।

ਤੇਜਵੰਤ ਉਤੇ ਇਹ ਤਾਂ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਉਹ ਸਿਰਫ਼ ਪਾਠਕਾਂ ਨੂੰ ਬੁਧੂ ਬਣਾਉਣ ਲਈ ਇਹ ਸਭ ਕੁਝ ਕਰਦਾ ਹੈ। ਹਾਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਵਿਧੀ ਵਿਚ ਅੰਤਰ-ਮੁਖੀ ਹੋ ਜਾਂਦਾ ਹੈ ਜਾਂ ਸ਼ੈਲੀ ਦੀ ਘਾਟ ਕਾਰਨ ਏਨਾ ਦੂਰ ਅਤੇ ਏਧਰ ਓਧਰ ਭਟਕਣ ਲਗ ਪੈਂਦਾ ਹੈ ਕਿ ਪਾਠਕ ਸੋਚਦਾ ਰਹਿ ਜਾਂਦਾ ਹੈ ਕਿ ਵਾਕਿਆ ਹੀ ਇਨ੍ਹਾਂ ਗੱਲਾਂ ਨੂੰ ਵਿਚਾਰਨ ਦੀ ਲੋੜ ਵੀ ਸੀ। ਇਸ ਸੰਬੰਧ ਵਿਚ ਉਸ ਦਾ ਪਾਠਕ ਨਾਲ ਵਿਚਾਰ ਸੰਚਾਰ ਨਾਲ ਕੋਈ ਸਰੋਕਾਰ ਨਹੀਂ ਜਾਪਦਾ। ਜਿਵੇਂ ਕੋਈ ਆਪਣੇ ਆਪ ਨਾਲ ਹੀ ਦਲੀਲਬਾਜ਼ੀ ਵਿਚ ਜੁਟਿਆ ਰਹੇ। ਆਪਣੇ ਆਪੇ ਨਾਲ ਗੱਲ ਕਰਦਿਆਂ ਜਾਂ ਸੋਚਦਿਆਂ ਤਾਂ ਅਸੀਂ ਆਪਣੇ ਆਪ 'ਚ ਸਭ ਕੁਝ ਸਮਝਦੇ ਹਾਂ ਪਰ ਜੇਕਰ ਇਸ ਨੂੰ ਉਸੇ ਤਰ੍ਹਾਂ ਪ੍ਰਗਟ ਕਰ ਦਿਤਾ ਜਾਵੇ ਤਾਂ ਸ੍ਰੋਤਾ ਸਿਵਾਏ

ਚੌਂਕਣ ਤੋਂ ਕੁਝ ਨਹੀਂ ਕਰ ਸਕਦਾ ਭਾਵੇਂ ਕਿ ਗੱਲ ਕਿੰਨੀ ਵੀ ਯੁਕਤੀ-ਯੁਕਤ ਹੋਵੇ। ਇਸੇ ਕਰਕੇ ਤੇਜਵੰਤ ਦੀ ਆਲੋਚਨਾ ਵਿਚ ਬੇ-ਸ਼ੁਮਾਰ ਤੱਥਾਤਮਿਕ ਸਮੱਗਰੀ ਹੋਣ ਦੇ ਬਾਵਜੂਦ ਇਹ ਨਿਰੂਪਣ ਖੁਣੋਂ ਸਾਹਿੱਤਕ ਨਹੀਂ ਬਣਦੀ।

ਕੋਈ ਆਲੋਚਕ ਕਿਸੇ ਰਚਨਾ ਵਿਚੋਂ ਕਿੰਨੇ ਵੀ ਵਧ ਤੋਂ ਵਧ ਤੱਥ ਲੱਭਣ ਵਿਚ ਸਫ਼ਲ ਹੋਵੇ ਉਹ ਤਦ ਤਕ ਠੀਕ ਸੇਧ ਨਹੀਂ ਅਪਣਾਏਗਾ ਜਦ ਤਦ ਕਿ ਉਹ ਇਨ੍ਹਾਂ ਦੀ ਬਾਹਰਮੁਖੀ ਢੰਗ ਨਾਲ ਵਰਤੋਂ ਨਾ ਕਰੇ, ਰਚਨਾ ਦੇ ਸੁਭਾਅ ਬਾਰੇ ਚਾਨਣਾ ਨਾ ਪਾਵੇ ਅਤੇ ਉਸ ਦਾ ਠੋਸ ਵਿਸ਼ਲੇਸ਼ਣ ਅਤੇ ਮੁਲਾਂਕਣ ਨਾ ਕਰੇ। ਪਰੰਤੂ ਤੇਜਵੰਤ ਰਚਨਾ ਵਿਚੋਂ ਲਭੇ ਤੱਥਾਂ ਨੂੰ ਅੰਤਰਮੁਖੀ ਢੰਗ ਨਾਲ ਵਰਤਦਾ ਹੈ। ਉਸ ਦੇ ਲੇਖਾਂ ਵਿਚ ਕਈ ਦਲੀਲਾਂ, ਟੂਕਾਂ ਜਾਂ ਸੰਕੇਤ ਅਪ੍ਰਭਾਸ਼ਿਤ ਰਹਿ ਜਾਂਦੇ ਹਨ ਜਾਂ ਨਿਖੜੇ ਨਿਖੜੇ ਪ੍ਰਤੀਤ ਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਵਰਤੋਂ ਆਪਣੀ ਅੰਤਰਮੁਖੀ ਰਾਇ ਦੀ ਪੁਸ਼ਟੀ ਲਈ ਜਾਂ ਪ੍ਰਸੰਗ ਦੀ ਸਮੀਪਤਾ ਕਾਰਨ ਪਰੈਗਮੈਟਿਕ ਢੰਗ ਨਾਲ ਕੀਤੀ ਹੋਈ ਹੁੰਦੀ ਹੈ।

ਮਿਸਾਲ ਵਜੋਂ ਸਾਹਿੱਤ ਸਮਾਚਾਰ ਦੇ ਕਿਸੇ ਅੰਕ ਵਿਚ 'ਆਲੋਚਕਾਂ ਦੀ ਆਲੋਚਨਾ' ਸਿਰਲੇਖ ਅਧੀਨ ਸੰਤ ਸਿੰਘ ਸੇਖੋਂ ਨੂੰ ਆਲੋਚਕ ਵਜੋਂ ਸਰਵਸ੍ਰੇਸ਼ਟ ਸਾਬਤ ਕਰਨ ਲਈ ਯੂਰਪੀ ਸਾਹਿਤ ਵਿਚ ਬਹੁ-ਚਰਚਿਤ ਇਹ ਧਾਰਨਾ ਅਪਣਾਈ ਗਈ ਹੈ ਕਿ ਸੰਪੂਰਨ ਆਲੋਚਕ ਉਹ ਹੁੰਦਾ ਹੈ "ਜਿਹੜਾ ਆਲੋਚਨਾ ਲਈ ਲੁੜੀਂਦੀਆਂ ਸ਼ਕਤੀਆਂ ਦੇ ਨਾਲ ਉਸੇ ਪੱਧਰ ਦੀ ਸਿਰਜਣਾ ਸ਼ਕਤੀ ਦਾ ਵੀ ਮਾਲਕ ਹੋਵੇ ਜਿਸ ਪੱਧਰ ਦੀ ਸਿਰਜਣਾ ਸ਼ਕਤੀ ਦਾ ਸਬੂਤ ਲੇਖਕ ਆਪਣੀਆਂ ਲਿਖਤਾਂ ਵਿਚ ਦਿੰਦਾ ਹੈ ਜਿਨ੍ਹਾਂ ਬਾਬਤ ਆਲੋਚਕ ਆਲੋਚਨਾ ਲਿਖਦਾ ਹੈ।" ਉਂਝ ਅਸੀਂ ਇਹੋ ਦਲੀਲ ਖੁਦ ਉਸ ਉਪਰ ਵੀ ਲਾਗੂ ਕਰ ਸਕਦੇ ਹਾਂ। ਤੇਜਵੰਤ ਦੇ ਸਿਰਜਣਾਤਮਕ ਸ਼ਕਤੀਆਂ ਦੇ ਮਾਲਕ ਹੋਣ ਬਾਰੇ ਪਾਠਕ ਭਲੀ ਭਾਂਤ ਜਾਣਦੇ ਹੀ ਹਨ!

ਪੰਜਾਬੀ ਪਾਠਕਾਂ ਲਈ ਇਹ ਗੱਲ ਨਵੀਨ ਹੋਣ ਕਾਰਨ ਹੈਰਾਨ ਕਰਨ ਲਈ ਕਹਿ ਤਾ ਦਿਤੀ ਗਈ ਹੈ ਪਰ ਨਾਲ ਹੀ ਇਸ ਦਾ ਖੰਡਨ ਵੀ ਕਰ ਦਿਤਾ ਗਿਆ ਹੈ ਕਿਉਂਕਿ "ਇਸ ਪੱਧਰ ਦਾ ਆਲੋਚਕ ਬਣਨਾ ਬਿਲਕੁਲ ਹੀ ਅਸੰਭਵ ਹੈ। ਇਸ ਤਰ੍ਹਾਂ ਸ਼ੈਕਸਪੀਅਰ, ਦਾਂਤੇ ਅਤੇ ਗੁਰੂ ਨਾਨਕ ਬਾਬਤ ਤਾਂ ਆਲੋਚਨਾ ਲਿਖੀ ਹੀ ਨਹੀਂ ਜਾਵੇਗੀ ਕਿਉਂਕਿ ਉਨ੍ਹਾਂ ਦੇ ਪੱਧਰ ਦੀ ਸਿਰਜਣਾ ਸ਼ਕਤੀ ਦਾ ਦਾਅਵਾ ਕਰਨਾ ਆਪਣੀ ਮੂਰਖਤਾ ਦੀ ਪ੍ਰਦਰਸ਼ਨੀ ਕਰਨਾ ਹੀ ਹੈ।" ਏਥੇ ਹੀ ਬੱਸ ਨਹੀਂ, ਇਸ ਤੋਂ ਬਾਅਦ ਕਾਮੂ ਦੇ ਕਥਨ ਦਾ ਹਵਾਲਾ ਦੇ ਕੇ ਇਹ 'ਸੂਚਨਾ' ਦਿਤੀ ਗਈ ਹੈ ਕਿ ਆਲੋਚਨਾਤਮਕ ਸ਼ਕਤੀ ਸੀਮਿਤ ਹੁੰਦੀ ਹੈ ਪਰ ਫਿਰ ਵੀ ਦਰਅਸਲ ਯੋਗ ਆਲੋਚਕ ਵਿਚ ਕੁਝ ਹੋਰ ਗੁਣ ਹੁੰਦੇ ਹਨ। ਪਰ ਸਿੱਟਾ ਫ਼ਿਰ ਪਹਿਲੀ ਦਲੀਲ ਦੇ ਆਧਾਰ 'ਤੇ ਇਕ ਯਾਂਤਰਿਕ ਜਹੇ ਢੰਗ ਨਾਲ ਕਢਿਆ ਗਿਆ ਹੈ ਕਿ ਸਾਰੇ ਆਲੋਚਕ ਸੇਖੋਂ ਤੋਂ ਹੇਠਾਂ ਹਨ ਕਿਉਂਕਿ ਅਤਰ ਸਿੰਘ ਵਿਚ ਸਿਰਜਣਾਤਮਕ ਸ਼ਕਤੀ ਕੁਝ ਹੱਦ ਤਕ ਹੀ ਹੈ, ਕਸੇਲ ਅਤਰ ਸਿੰਘ ਤੋਂ ਵੀ ਹੇਠਾਂ ਆਉਂਦਾ ਹੈ ਕਿਉਂਕਿ ਉਸ ਵਿਚ ਸਿਰਜਣਾਤਮਕ ਸ਼ਕਤੀ ਹੈ ਹੀ ਨਹੀਂ। ਇਸ ਦੇ ਨਾਲ ਹੀ 'ਸ਼ਾਇਦ' ਲਾ ਕੇ ਇਕ ਹੋਰ ਗੱਲ ਆਖੀ ਗਈ ਕਿ ਪਤਨ ਸ਼ਾਇਦ ਅਨੁਆਈਆਂ ਦਾ ਦੁਖਾਂਤ ਹੀ ਹੁੰਦਾ ਹੈ ਕਿਉਂਕਿ ਇਹ ਦੋਵੇਂ ਆਲੋਚਕ ਸੇਖੋਂ ਦੇ ਅਨੁਆਈ ਹਨ। ਸਾਰੇ ਲੇਖ ਵਿਚ ਇਹ ਕਿਧਰੇ ਵੀ ਸਾਬਤ ਨਹੀਂ ਕੀਤਾ ਗਿਆ ਕਿ ਆਲੋਚਕ ਲਈ ਸਿਰਜਣਾਤਮਕ ਸ਼ਕਤੀ ਦਾ ਮਾਲਕ ਹੋਣਾ ਕਿਉਂ ਜ਼ਰੂਰੀ ਹੈ ਜਾਂ

ਕਿਉਂ ਜ਼ਰੂਰੀ ਨਹੀਂ ਹੈ, ਅਨੁਆਈਆਂ ਦਾ ਪਤਨ ਹੋਣ ਦਾ ਦ੍ਰਿਸ਼ਟਾਂਤ ਕਿਉਂ ਹੁੰਦਾ ਹੈ ਜੋ ਕਿ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਠੀਕ ਨਹੀਂ ।

ਇਸ ਤਰ੍ਹਾਂ ਤੇਜਵੰਤ ਪੂਰਵ ਕਲਪਿਤ ਧਾਰਨਾਵਾਂ, ਉਧਾਰ ਲਏ ਗਏ ਵਿਚਾਰ ਜਾਂ ਅਰਧ ਸਿਧਾਂਤਕ ਸਿੱਟੇ ਪਾਠਕਾਂ ਉਤੇ ਠੋਸਦਾ ਰਹਿੰਦਾ ਹੈ। ਅਜਿਹੀਆਂ ਘੁਮਕੜ ਗੱਲਾਂ ਕਿਸੇ ਖੂਹ ਦੀਆਂ ਕੰਧਾਂ ਵਿਚ ਇਕ ਦੂਜੇ ਨਾਲ ਟਕਰਾਂਦੀ ਗੇਂਦ ਦੀ ਤਰ੍ਹਾਂ ਉਹ ਸਾਨੂੰ ਕਿਤੇ ਵੀ ਨਹੀਂ ਪਹੁੰਚਾਉਂਦੀਆਂ ਇਸੇ ਕਰਕੇ ਉਸ ਦੇ ਵਾਕਾਂ ਵਿਚ ਫਲਾਨੀ ਤਰ੍ਹਾਂ ਹੁੰਦਾ ਹੈ ਢਿਮਕੀ ਤਰ੍ਹਾਂ ਹੁੰਦਾ ਹੈ ਦੀ ਭਰਮਾਰ ਹੁੰਦੀ ਹੈ ਜਿਵੇਂ ਕਿ ਉਹ ਕੋਈ ਧੁਰੋਂ ਆਈਆਂ ਸਚਾਈਆਂ ਬਿਆਨ ਕਰ ਰਿਹਾ ਹੋਵੇ ।

ਉਸ ਅਨੁਸਾਰ ਹਰਿਭਜਨ ਸਿੰਘ ਦੀ ਪ੍ਰਭਾਵਵਾਦੀ ਆਲੋਚਨਾ ਇਸ ਕਰ ਕੇ ਅਣ-ਆਵਸ਼ਕ ਨਹੀਂ ਕਿਉਂਕਿ "ਯੂਰਪ ਦੀ ਆਲੋਚਨਾ ਵਿਚ ਵੀ ਅਜਿਹੀ ਆਲੋਚਨਾ ਦੇ ਬੜੇ ਸੁੰਦਰ ਨਮੂਨੇ ਮਿਲਦੇ ਹਨ।" ਪਰ ਸੰਤ ਸਿੰਘ ਸੇਖੋਂ ਜਾਂ ਆਪਣੇ ਆਪ ਨੂੰ ਵਡਿਆਉਣ ਲਈ ਫਿਰ ਇਹ ਰਾਏ ਦਿਤੀ ਗਈ ਹੈ ਕਿ ਹਰਿਭਜਨ ਸਿੰਘ ਦੀ ਆਲੋਚਨਾ ਇਸ ਕਰਕੇ ਅਣ ਆਵਸ਼ਕ ਹੈ ਕਿਉਂਕਿ ਉਸ ਵਿਚ ਪਛਮੀ ਆਲੋਚਕਾਂ ਵਰਗੀ ਸਾਰਥਕਤਾ ਨਹੀਂ ਅਤੇ ਕਿਉਂਕਿ ਉਸ ਦੀ ਆਲੋਚਨਾ ਵਿਚ ਸੁਹਜਾਤਮਕ ਅਨੁਭਵ ਦੇ ਨਾਲ ਮਨ ਦੀ ਤਰੰਗ ਦਾ ਵੀ ਵਰਣਨ ਹੁੰਦਾ ਹੈ। ਏਥੇ ਮਨ ਦੀ ਤਰੰਗ ਦਾ ਭਾਵ ਕੁਝ ਸਪਸ਼ਟ ਨਹੀਂ ਹੁੰਦਾ। ਪਾਠਕ ਸਮਝ ਨਹੀਂ ਸਕਦਾ ਕਿ ਮਨ ਦੀ ਤਰੰਗ ਵਿਚ ਆ ਜਾਣ ਨਾਲ ਕੀ ਹਰਜ ਹੋ ਜਾਂਦਾ ਹੈ। ਲੇਖ ਵਿਚ ਇਸ ਗੱਲ ਦੀ ਵਿਆਖਿਆ ਨਹੀਂ ਕਿ ਪ੍ਰਭਾਵਵਾਦੀ ਆਲੋਚਨਾ ਕਿਵੇਂ ਸਾਰਥਕ ਹੋ ਸਕਦੀ ਹੈ।

ਇਸੇ ਲੇਖ ਵਿਚ ਅੱਗੇ ਚਲ ਕੇ ਕਿਹਾ ਗਿਆ ਹੈ ਕਿ ਕਰਮਜੀਤ ਦਾ ਸੁਭਾਅ ਧਾਰਮਿਕ ਹੋਣ ਕਰਕੇ; ਅਰਸ਼ੀ, ਹਉਰਾ ਅਤੇ ਦਲਜੀਤ ਸਿੰਘ ਦੇ ਸੁਭਾਅ ਖੋਜੀਆਂ ਵਾਲੇ ਨਾ ਹੋਣ ਕਰਕੇ ਉਹ ਵੀ ਆਲੋਚਨਾ ਕਰਨ ਦੇ ਫ਼ਿਟ ਨਹੀਂ - ਤੇ ਬਾਕੀ ਰਹਿ ਗਿਆ ਸੰਤ ਸਿੰਘ ਸੇਖੋਂ। ਅਰਥਾਤ ਲੇਖ ਦੇ ਸ਼ੁਰੂ ਵਿਚ ਆਲੋਚਕ ਬਣਨ ਲਈ ਸਿਰਜਕ ਹੋਣਾ, ਫ਼ਿਰ ਇਤਿਹਾਸਕ ਤੇ ਸਭਿਆਚਾਰਕ ਪਿਛੋਕੜ ਦਾ ਗਿਆਤਾ ਹੋਣਾ ਅਤੇ ਅੰਤ ਵਿਚ ਉਸ ਦੇ ਸੁਭਾਅ ਨੂੰ ਹੀ ਫੈਸਲਾਕੁਨ ਬਣਾ ਦਿਤਾ ਗਿਆ ਹੈ।

ਇਹ ਗੱਲ ਪਹਿਲਾਂ ਹੀ ਕਹੀ ਜਾ ਚੁੱਕੀ ਹੈ ਕਿ ਆਪਣੀ ਵਿਦਵਤਾ ਆਦਿ ਦਾ ਪ੍ਰਗਟਾਵਾ ਉਹ ਅੰਤਰਮੁਖੀ ਹੋ ਕੇ ਕਰਦਾ ਹੈ। ਕਈ ਵਾਰੀ ਤਾਂ ਉਹ ਹਾਸੋ ਹੀਣੀ ਪੱਧਰ ਉਤੇ ਚਲਾ ਜਾਂਦਾ ਹੈ ਜਦੋਂ ਉਹ ਪੂਰਵ ਕਲਪਿਤ ਰਾਵਾਂ ਨੂੰ ਕਿਸੇ ਲੇਖਕ ਦੀ ਲਿਖਤ ਵਿਚੋਂ ਮੱਲੋ ਜ਼ੋਰੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਦ ਕਿ ਉਹ ਸਭ ਕੁਝ ਕਿਸੇ ਹੋਰ ਦੀ ਲਿਖਤ ਉਤੇ ਵੀ ਸਹੀ ਕੀਤਾ ਜਾਂ ਢੁਕਾਇਆ ਜਾ ਸਕਦਾ ਹੈ। ਜਿਵੇਂ ਦੂਰੋਂ ਸਾਰੇ ਤਾਰੇ ਇਕੋ ਜਿਡੇ ਹੀ ਲਗਦੇ ਹਨ ਕੁਝ ਇਹੋ ਹਾਲ ਤੇਜਵੰਤ ਦਾ ਹੈ। ਇਸੇ ਕਾਰਨ ਕਰਕੇ ਉਸ ਦੇ ਲੇਖ ਪੜ੍ਹਨ ਉਪਰੰਤ ਕੋਈ ਵਿਅਕਤੀ ਆਲੋਚਿਤ ਰਚਨਾ ਬਾਰੇ ਠੀਕ ਇਮੇਜ ਨਹੀਂ ਬਣਾ ਸਕਦਾ।

ਪਾਸ਼ ਦੇ ਸੰਬੰਧ ਵਿਚ (ਦੋ ਦਾਰਸ਼ਨਿਕ ਇਤਿਹਾਸਕ ਕਵੀ-ਪਾਸ਼ ਤੇ ਪਾਤਰ-ਇਕੱਤੀ ਫ਼ਰਵਰੀ, ਅੰਕ 9) ਉਸ ਨੇ ਪਾਸ਼ ਵਲੋਂ "ਮਨੁੱਖ ਤੇ ਪ੍ਰਕਿਰਤੀ ਦੇ ਅੰਤਰ ਸੰਬੰਧ ਵਿਚ ਢਲੇ ਜੀਵਨ ਨਾਲ ਪੂਰਨ ਤੌਰ ਤੇ ਪ੍ਰਤਿਬੱਧ" ਹੋਣ ਦੀ ਰੁਚੀ ਨੂੰ ਸਲਾਹਿਆ ਹੈ ਪਰ ਜਦੋਂ ਪਾਸ਼ "ਇਸ ਜੀਵਨ ਨੂੰ ਇਤਿਹਾਸ ਦੇ ਸਨਮੁਖ ਦੇਖਦਾ ਹੈ ਤਾਂ ਉਸ ਨੂੰ ਇਸ ਦੀ ਦਸ਼ਾ ਪੂਰਨ ਤੌਰ ਤੇ ਸੰਕਟ ਕਾਲੀਨ

ਲਗਦੀ ਹੈ।" ਕਿਉਂਕਿ ਇਸ ਤਰ੍ਹਾਂ ਨਾਲ ਜੀਵਨ ਵਿਚ "ਇਕ ਪਾਸੇ ਅਹਿੱਲਤਾ ਅਤੇ ਦੂਜੇ ਪਾਸੇ ਵਿਤਰੇਕਤਾ ਨੇ ਪ੍ਰਵੇਸ਼ ਕਰ ਲਿਆ ਹੈ।" ਏਥੇ ਪਾਸ਼ ਦੀ ਕਵਿਤਾ ਨੂੰ ਹੀ ਸੰਕਟਮਈ ਕਹਿਣ ਦੀ ਥਾਂ ਤੇ ਉਸ ਵਲੋਂ ਦੋਵੇਂ ਤਰ੍ਹਾਂ ਦੇ ਸਵੈ-ਵਿਰੋਧੀ ਪੈਂਤੜਿਆਂ ਦੀ ਵਡਿਆਈ ਕੀਤੀ ਗਈ ਹੈ। ਕੀ ਸਮਾਜ ਵਿਚ ਢਲੇ ਹੋਏ ਜੀਵਨ ਤੋਂ ਬਿਨਾਂ ਹੀ ਮਨੁਖ ਅਤੇ ਪ੍ਰਕਿਰਤੀ ਵਿਚਕਾਰ ਢਲੇ ਹੋਏ ਜੀਵਨ ਦੀ ਕਲਪਨਾ ਕੀਤੀ ਜਾ ਸਕਦੀ ਹੈ ? ਮਨੁੱਖ ਅਤੇ ਪ੍ਰਕਿਰਤੀ ਦਰਮਿਆਨ ਢਲੇ ਹੋਏ ਜੀਵਨ ਦੀ ਪ੍ਰਤੀਨਿਧਤਾ ਕਰਦੀ ਕਿਸੇ ਇਸੇ ਨਾਂ ਦੀ ਕਵਿਤਾ ਦਾ ਜ਼ਿਕਰ ਵੀ ਕੀਤਾ ਹੈ ਪਰ ਉਸ 'ਚੋਂ ਹਵਾਲਾ ਨਹੀਂ ਦਿਤਾ ਅਤੇ ਖੁਦ ਮੇਰੇ ਗਿਆਨ ਵਿਚ ਉਹ ਕਵਿਤਾ ਨਹੀਂ ਹੈ। ਪਰ ਅਸੀਂ ਇਸੇ ਵਿਚਾਰ ਨੂੰ ਪ੍ਰਗਟਾਉਂਦੀ ਪਾਸ਼ ਦੀ ਇਕ ਹੋਰ ਛੋਟੀ ਕਵਿਤਾ ਲੈ ਲੈਂਦੇ ਹਾਂ :

ਝੂਠ ਬੋਲਦੇ
ਇਹ ਜਹਾਜ਼ ਬੱਚਿਓ !
ਇਨ੍ਹਾਂ ਦਾ ਸੱਚ ਨਾ ਮੰਨਣਾ
ਤੁਸੀਂ ਖੇਡਦੇ ਰਹੋ
ਘਰ ਬਣਾਉਣ ਬਣਾਉਣ।

ਦਰ ਅਸਲ ਇਸ ਕਵਿਤਾ ਵਿਚ ਜਾਂ ਪ੍ਰਕਿਰਤੀ ਨਾਲ 'ਪ੍ਰਤਿਬੱਧਤਾ' ਦਰਸਾਉਂਦੀਆਂ ਹੋਰ ਕਵਿਤਾਵਾਂ ਵਿਚ ਪਾਸ਼ ਦੀ ਹੱਦ ਦਰਜੇ ਦੀ ਰੁਮਾਂਟਿਕਤਾ ਦੇਖੀ ਜਾ ਸਕਦੀ ਹੈ ਜਿੰਨ੍ਹਾਂ ਵਿਚ ਜੀਵਨ ਦੀਆਂ ਘੋਰ ਹਕੀਕਤਾਂ ਤੋਂ ਪਲਾਇਣ ਦੀ ਰੁਚੀ ਐਂਡ ਇਸ ਰੁਚੀ ਅਧੀਨ ਉਹ ਇਨ੍ਹਾਂ ਘੋਰ ਹਕੀਕਤਾਂ ਦੇ ਛਿਣਮਈ ਸਮੇਂ ਵਿਚ ਬਦਲ ਜਾਣ ਦੀ ਲੋਚਾ ਰੱਖਦਾ ਹੈ। ਜਦ ਇਹ ਦੋਵੇਂ ਗੱਲਾਂ ਇਕੋ ਕਵਿਤਾ ਵਿਚ ਆ ਜਾਂਦੀਆਂ ਹਨ ਤਾਂ ਸਥਿਤੀ ਹਾਸੋਹੀਣੀ ਬਣ ਜਾਂਦੀ ਹੈ :

ਕਿਰਤੀ ਦੀਏ ਕੁੱਲੀਏ
ਲੱਖ ਲੱਖ ਦਾ ਤੇਰਾ ਕੱਖ ਨੀ......
ਲੋਕਾਂ ਚੁੱਕੇ ਹਥਿਆਰ ਅੱਜ ਬੰਨ੍ਹ ਕੇ ਕਤਾਰ
ਲੈਣੀ ਵੈਰੀਆਂ ਦੀ ਪਾੜ ਉਨ੍ਹਾਂ ਛੱਤ ਨੀ...

ਤੇਜਵੰਤ ਨੇ ਲਿਖਿਆ ਹੈ ਕਿ ਉਪਰੋਕਤ ਪ੍ਰਕਾਰ ਦੀ ਅਹਿੱਲਤਾ ਤੇ ਵਿਤਰੇਕਤਾ ਦੇ ਸ਼ਿਕਾਰ ਹੋਏ ਪ੍ਰਾਣੀ ਦੀ ਦੁਖਾਂਤਿਕ ਤਸਵੀਰ 'ਕੰਡੇ ਦਾ ਜ਼ਖਮ' ਨਾਮੀ ਕਵਿਤਾ ਵਿਚ ਮਿਲਦੀ ਹੈ ਅਤੇ ਇਸ ਕਰਕੇ ਉਸ ਵਲੋਂ ਇਹ ਕਵਿਤਾ ਬੇਹੱਦ ਪ੍ਰਸ਼ੰਸਾ ਦੀ ਪਾਤਰ ਹੈ।

'ਕੰਡੇ ਦਾ ਜ਼ਖਮ' ਬਾਰੇ ਤੇਜਵੰਤ ਨੇ ਜੋ ਕੁਝ ਆਖਿਆ ਹੈ ਇੰਨ ਬਿੰਨ ਉਹੋ ਗੱਲਾਂ ਸੁਰਿੰਦਰ ਗਿੱਲ ਦੀ ਕਵਿਤਾ 'ਉਮਰ' ਬਾਰੇ ਵੀ ਕਹੀਆਂ ਜਾ ਸਕਦੀਆਂ ਹਨ ਜਿਸ ਵਿਚ ਕਿ ਇਕ ਅ-ਨਾਮ ਪੇਂਡੂ ਔਰਤ (ਪਾਸ਼ ਦੀ ਕਵਿਤਾ ਵਿਚ ਮਰਦ) ਦਾ ਜੀਵਨ ਸੂਤ ਕੱਤਣ ਤਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਇਸ ਔਰਤ ਦਾ ਜੀਵਨ ਵੀ ਕਿਰਤ ਤੇ ਪਦਾਰਥਕ ਤਟ ਤੋਂ ਉਪਰ ਨਹੀਂ ਉਠ ਸਕਦਾ ਅਤੇ ਉਸ ਵਿਚ ਵੀ ਮਾਨਸਿਕ ਤੇ ਆਤਮਿਕ ਆਕਾਰਾਂ ਦਾ ਵਿਕਾਸ ਨਹੀਂ ਹੁੰਦਾ। ਉਸ ਦਾ ਜੀਵਨ ਸਿਰਫ਼ ਆਪਣੀਆਂ ਤਿੰਨ ਧੀਆਂ ਲਈ ਦਾਜ ਤਿਆਰ ਕਰਨ ਦੀ ਚਿੰਤਾ ਤੱਕ ਅਤੇ ਆਪਣੇ ਨਾਮ ਦੀ ਰੁਚੀ ਰਖਣ ਲਈ ਪੁਤਰ ਦੀ ਉਮੀਦ ਰੱਖਣ ਤਕ ਹੀ ਸੀਮਿਤ ਰਹਿ ਜਾਂਦਾ ਹੈ। ਸੁਰਿੰਦਰ ਗਿੱਲ ਦੀ ਇਹ ਕਵਿਤਾ ਸਗੋਂ ਪਾਸ਼ ਨਾਲੋਂ ਵਧੇਰੇ ਸੰਖਿਪਤ ਅਤੇ ਕਰੁਣਾਮਈ ਢੰਗ ਨਾਲ ਪੰਜਾਬ

ਦੇ ਪੇਂਡੂ ਜੀਵਨ ਦੀ ਪ੍ਰਤੀਨਿਧਤਾ ਕਰਦੀ ਔਰਤ ਦੀ ਤਸਵੀਰ ਖਿਚਦੀ ਹੈ ।

ਤੇਜਵੰਤ ਛੋਟੀਆਂ ਛੋਟੀਆਂ ਗੱਲਾਂ ਨੂੰ ਲੋੜੋਂ ਵੱਧ ਦਾਰਸ਼ਨਿਕ ਐਨਕ ਰਾਹੀਂ ਦੇਖਦਾ ਹੈ ਜੋ ਕਿ ਆਪਣੇ ਆਪ ਵਿਚ ਕੋਈ ਗੁਣ ਨਹੀਂ ਸਗੋਂ ਔਗੁਣ ਹੈ । ਇਸ ਤਰ੍ਹਾਂ ਕਰਨ ਨਾਲ ਇਕ ਤਾਂ ਉਹ ਅਸਲੀ ਵਿਸ਼ਾ ਛੱਡ ਕੇ ਦਾਰਸ਼ਨਿਕਤਾ ਦੀ ਬਹਿਸ ਵਿਚ ਪੈ ਜਾਂਦਾ ਹੈ ਜਿਸ ਨੂੰ ਕਿ ਉਹ ਪੰਨਿਆਂ ਦੇ ਪੰਨੇ ਭਰਨ ਉਪਰੰਤ ਵੀ ਖਲਾਸ ਨਹੀਂ ਕਰ ਸਕਦਾ ਤੇ ਕਈ ਵਾਰੀ ਅਸਲੀ ਵਿਸ਼ੇ ਬਾਰੇ ਲਿਖਣ ਲਈ ਉਸ ਨੂੰ ਅਗਲੇ ਕਿਸੇ ਲੇਖ ਦੀ ਉਡੀਕ ਕਰਨ ਦਾ ਇਕਰਾਰ ਕਰਨਾ ਪੈਂਦਾ ਹੈ । ਦੂਸਰੀ ਗੱਲ ਇਹ ਕਿ ਲੋੜੋਂ ਵਧ ਦਾਰਸ਼ਨਿਕ ਰੰਗਣ ਦੇਣ ਨਾਲ ਹਰ ਸਾਧਾਰਨ ਚੀਜ਼ ਵੀ ਬਚਿਤਰ ਅਤੇ ਅਹਿਮ ਲੱਗਣ ਲਗ ਪੈਂਦੀ ਹੈ ਜਿਵੇਂ ਕਈ ਲੇਖਕ ਪਾਤਰਾਂ ਜਾਂ ਘਟਨਾਵਾਂ ਨੂੰ ਚੁਗਿਰਦੇ ਤੋਂ ਨਿਖੇੜ ਕੇ ਬਚਿਤਰ ਹੀ ਬਣਾ ਕੇ ਪੇਸ਼ ਕਰਦੇ ਹਨ । ਇਸ ਯਤਨ ਨਾਲ ਉਸ ਦੀ ਸਾਹਿਤਕ ਆਲੋਚਨਾ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ ਕਿਉਂਕਿ ਸਮੁੱਚੀ ਸਾਹਤਿਕ ਲਿਖਤ ਲੈਣ ਦੀ ਥਾਂ ਉਸ ਦੇ ਕੁੱਝ ਇਕ ਪੱਖਾਂ ਬਾਰੇ ਹੀ ਗਹਿਰ ਗੰਭੀਰ ਦਾਰਸ਼ਨਿਕ ਵਿਵੇਚਨ ਕੀਤਾ ਗਿਆ ਹੁੰਦਾ ਹੈ ।

ਵਿਚਾਰਧਾਰਕ ਤੌਰ ਤੇ ਉਹ ਨਵ ਖੱਬੇ ਪ੍ਰਸਤਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਅਤੇ ਮਾਰਕਸਵਾਦ ਦੇ ਸਿਰਫ਼ ਦਾਰਸ਼ਨਿਕ ਪੱਖ ਨੂੰ ਹੀ ਅੱਗੇ ਲਿਆਉਣ ਦੇ ਯਤਨ ਕਰਦਾ ਹੈ । ਅਜਿਹੇ ਯਤਨਾਂ ਵਿਚ ਉਹ ਵਿਚਾਰਵਾਦੀ ਬਣ ਜਾਂਦਾ ਹੈ ਅਤੇ ਦਰਸ਼ਨ ਅਤੇ ਰਾਜਨੀਤੀ ਨੂੰ, ਕਰਮ ਅਤੇ ਸਿਧਾਂਤ ਨੂੰ, ਵੱਖ ਵੱਖ ਕਰ ਦਿੰਦਾ ਹੈ । ਇਸੇ ਕਰਕੇ ਉਹ ਰਾਜਸੀ ਮਾਰਕਸ ਅਤੇ ਦਾਰਸ਼ਨਿਕ ਮਾਰਕਸ, ਨੌਜਵਾਨ ਮਾਰਕਸ ਅਤੇ ਅੱਧਖੜ ਮਾਰਕਸ ਨੂੰ ਵੱਖ ਵੱਖ ਕਰਕੇ ਪੇਸ਼ ਕਰਦਾ ਹੈ । ਉਸ ਦੀਆਂ ਰਾਜਸੀ ਲਿਖਤਾਂ ਨੂੰ ਉਸ ਦੇ ਦਾਰਸ਼ਨਿਕ ਵਿਚਾਰਾਂ ਦਾ ਅਨਿਖੜਵਾਂ ਭਾਗ ਨਹੀਂ ਖਿਆਲ ਕੀਤਾ ਜਾਂਦਾ । ਲਗ ਭਗ ਇਸੇ ਤਰ੍ਹਾਂ ਹੀ ਨਵ ਖੱਬੇ ਪ੍ਰਸਤਾਂ ਦਾ ਮਾਰਕਸਵਾਦ ਨਵੇਂ ਮਾਰਕਸ ਉਤੇ ਅਧਾਰਿਤ ਹੈ ਕਿਉਂਕਿ ਜਿਸ ਮਾਰਕਸ ਦਾ ਇਹ ਲੇਖਕ ਅਨੁਕਰਣ ਕਰਦੇ ਹਨ ਉਹ ਏਨਾ 'ਦਾਸ ਕੈਪੀਟਲ' ਦਾ ਕਰਤਾ ਇਕ ਅਰਥ ਸ਼ਾਸਤਰੀ ਪੂਰਵਗਾਮੀ ਮਾਰਕਸ ਨਹੀਂ ਹੈ ਸਗੋਂ ਇਕ ਸਮਾਜ ਸ਼ਾਸਤਰੀ ਮਾਰਕਸ, ਮੁਢਲੀਆਂ ਲਿਖਤਾਂ ਦਾ ਕਰਤਾ ਮਾਰਕਸ ਹੈ । ਉਹਨਾਂ ਦਾ ਮਾਰਕਸ ਉਹਨਾਂ ਵਰਗਾ ਹੀ ਇਕ ਕਿਸਮ ਦਾ ਹੀਗਲਵਾਦੀ, ਇਕ ਅਧਿਆਤਮਵਾਦੀ ਹੈ, ਜੋ ਕਿ ਨਾ ਪਾਜ਼ਿਟਿਵਿਸਟ ਅਤੇ ਨਾ ਨਿਸ਼ਚੇਵਾਦੀ ਹੈ । ਉਹਨਾਂ ਦਾ ਮਾਰਕਸ ਓਪਰੇਪਣ ਦਾ ਮਾਰਕਸ ਹੈ ।

ਤੇਜਵੰਤ ਅਨੁਸਾਰ ਜਵਾਨੀ ਤੋਂ ਬਾਅਦ ਦੀਆਂ ਲਿਖਤਾਂ ਵਿਚ ਮਾਰਕਸ ਸਮਾਜਵਾਦੀ ਵਿਚਾਰਧਾਰਕ ਵਧੇਰੇ ਅਤੇ ਦਵੰਦਵਾਦੀ ਪਦਾਰਥਵਾਦੀ ਦਾਰਸ਼ਨਿਕ ਘੱਟ ਹੋ ਗਿਆ ਸੀ ਅਤੇ ਇਕ ਯਾਂਤਰਿਕ ਜਹੇ ਢੰਗ ਨਾਲ ਉਹ ਦਰਸਾਉਂਦਾ ਹੈ ਕਿ ਇਹ ਦੁਫਾੜ ਪੂਰੀ ਤਰ੍ਹਾਂ ਐਂਗਲਜ਼ ਤੋਂ ਆਰੰਭ ਹੋ ਕੇ ਲੈਨਿਨ ਵਿਚ ਤ੍ਰਾਸਦਮਈ ਬਣ ਕੇ ਸਤਾਲਿਨ ਵਿਚ ਪ੍ਰਪੱਕ ਰੂਪ ਅਖਤਿਆਰ ਕਰ ਗਈ । ਸ਼ਾਇਦ ਤੇਜਵੰਤ ਅਨੁਸਾਰ ਦਵੰਦਵਾਦੀ ਪਦਾਰਥਵਾਦੀ ਹੋਣ ਦਾ ਭਾਵ ਅਸਤਿਤਵਵਾਦੀ ਹੋਣਾ ਹੈ । ਇਸੇ ਲਈ ਉਹ ਕਹਿੰਦਾ ਹੈ ਕਿ ਸਮਾਜਵਾਦੀ ਰਾਜਾਂ ਵਿਚ ਓਪਰੇਪਣ ਅਤੇ ਸਵੈ-ਓਪਰੇਪਣ ਦੀਆਂ ਸਮਸਿਆਵਾ ਹੱਲ ਨਹੀਂ ਕੀਤੀਆਂ ਜਾ ਸਕੀਆਂ ਜਿਸ ਦਾ ਪ੍ਰਮਾਣ ਰੂਸ ਵਿਚ ਵਿਦਿਆਰਥੀ ਬੇਚੈਨੀ ਅਤੇ ਰੂਸ ਅਤੇ ਚੀਨ ਦੇ ਆਪਸੀ ਵਿਰੋਧ ਹਨ ਅਤੇ ਇਹਨਾਂ ਦੇਸਾਂ 'ਚ ਅਸਤਿਤਵਮਈ ਸਮਸਿਆਵਾਂ ਦਾ ਹੱਲ ਇਨ੍ਹਾਂ ਦੇਸਾਂ ਵਿਚ ਪ੍ਰਾਰੰਭਕ ਪਰਿਵਰਤਣ ਕਰਕੇ ਹੀ ਹੋ ਸਕਦਾ ਹੈ ਜਿਸ

ਕਰਕੇ ਮਾਰਕਸ ਦੀ ਜਵਾਨੀ ਵੇਲੇ ਦੀਆਂ ਲਿਖਤਾਂ ਨੂੰ ਸੁਰਜੀਤ ਕਰਕੇ ਉਨਤ ਕਰਨਾ ਹੋਵੇਗਾ।

ਉਸ ਅਨੁਸਾਰ ਸਮਾਜਵਾਦੀ ਰਾਜਾਂ ਵਿਚ Antagonistic Contradictions ਤਿੱਖਿਆਂ ਹੋਣ ਦੀ ਸੰਭਾਵਨਾ ਹੈ ਪਰ ਇਸ ਗੱਲ ਨੂੰ ਉਹ ਸਪਸ਼ਟ ਨਹੀਂ ਕਰਦਾ ਕਿ ਇਹ ਵਿਰੋਧਤਾਈਆਂ ਤਿੱਖੀਆਂ ਹੋ ਕੇ ਇਨ੍ਹਾਂ ਸਮਾਜਵਾਦੀ ਰਾਜਾਂ ਵਿਚ ਕਿਹੋ ਜਹੇ ਪ੍ਰਾਰੰਭਕ ਪਰਿਵਰਤਣ ਹੋਣ ਦੀ ਸੰਭਾਵਨਾ ਹੈ। ਸਮਾਜਕ ਅਤੇ ਰਾਜਨੀਤਕ ਤੌਰ ਤੇ ਇਹ ਟੱਕਰ ਕਿਹੜੇ ਕਿਹੜੇ ਸਮੂਹਾਂ ਜਾਂ ਹਿਤਾਂ ਵਿਚਕਾਰ ਹੋਵੇਗੀ ?

ਅਜੋਕੇ ਸਮੇਂ ਵਿਚ ਸਮਾਜਵਾਦੀ ਦੇਸਾਂ ਵਿਚਲੀਆਂ ਸਮਸਿਆਵਾਂ ਦਾ ਕਾਰਨ ਸੰਸਾਰ ਪੱਧਰ ਤੇ ਪੂੰਜੀਵਾਦੀ ਪ੍ਰਬੰਧ ਕਾਇਮ ਰਹਿਣ ਕਾਰਨ ਇਸ ਦਾ ਸਮਾਜਵਾਦੀ ਦੇਸਾਂ ਉਤੇ ਲਗਾਤਾਰ ਪ੍ਰਭਾਵ ਪਾਂਦੇ ਰਹਿਣਾ ਹੈ ਅਤੇ ਸੰਸਾਰ ਪੱਧਰ ਤੇ ਪੂਰੀ ਤਰ੍ਹਾਂ ਪੂੰਜੀਵਾਦੀ ਪ੍ਰਬੰਧ ਦੇ ਢਹਿ ਢੇਰੀ ਹੋਣ ਨਾਲ ਹੀ ਸਮਾਜਵਾਦੀ ਦੇਸਾਂ ਵਿਚ ਸਮਸਿਆਵਾਂ ਦਾ ਹੱਲ ਹੋ ਸਕੇਗਾ। ਪਰੰਤੂ ਤੇਜਵੰਤ ਅਨੁਸਾਰ ਇਨ੍ਹਾਂ ਸਮਾਜਵਾਦੀ ਦੇਸਾਂ ਵਿਚ ਇਕ ਬਣਾਉਟੀ ਜਹੀ ਅੰਦਰੂਨੀ ਵਿਰੋਧਤਾ ਪੈਦਾ ਕਰ ਕੇ ਤੇ ਇਸ ਨੂੰ ਤਿੱਖਿਆਂ ਕਰਕੇ ਇਨਕਲਾਬੀ ਢੰਗ (ਪ੍ਰਾਰੰਭਕ ਪਰਿਵਰਤਣ) ਨਾਲ ਸੁਲਝਾਉਣ ਦੀ ਲੋੜ ਹੈ। ਇਹ ਸੋਚ ਉਸ ਨੂੰ ਮਾਅਰਕੇਬਾਜ਼ੀ ਦੇ ਨੇੜੇ ਲੈ ਆਉਂਦੀ ਹੈ ਜਿਸ ਕਾਰਨ ਹੀ ਉਹ ਨਵਖੱਬੇ ਪ੍ਰਸਤਾਂ ਦੇ ਨੇੜੇ ਆਉਂਦਾ ਹੈ, ਉਹਨਾਂ ਵਾਂਗ ਹੀ ਨਿਚਲੇ ਵਰਗ ਨੂੰ ਗੈਰਸਾਹਸੀ ਦਸਦਾ ਹੈ; ਇਨਕਲਾਬ ਦੀ ਸਮਸਿਆ ਨੂੰ ਸਾਹਸ ਦੀ ਸਮਸਿਆ ਦੱਸਦਾ ਹੈ ਅਤੇ ਅੰਤ ਵਿਚ ਪੰਜਾਬੀ ਦੀ ਅਖੌਤੀ ਜੁਝਾਰ ਕਵਿਤਾ ਦਾ ਪ੍ਰਸ਼ੰਸਕ ਬਣਦਾ ਹੈ।

●

[ਤੇਜਵੰਤ ਸਿੰਘ ਗਿੱਲ ਦੀ ਆਲੋਚਨਾ ਵਿਧੀ ਬਾਰੇ ਸਿਰਜਣਾ ਦੇ ਪਿਛਲੇ ਅੰਕ ਵਿਚ ਭਗਵਾਨ ਸਿੰਘ ਨੇ 'ਤਿਲਕਵੀਂ ਆਲੋਚਨਾ' ਸਿਰਲੇਖ ਅਧੀਨ ਅਤੇ ਇਸ ਅੰਕ ਵਿਚ ਬਲਜੀਤ ਬਾਸੀ ਨੇ ਉਪਰੋਕਤ ਲੇਖ ਵਿਚ ਕੁਝ ਮਹੱਤਵਪੂਰਨ ਕਿੰਤੂ ਅਤੇ ਸ਼ੰਕੇ ਉਠਾਏ ਹਨ। ਤੇਜਵੰਤ ਦੇ ਪ੍ਰਸ਼ੰਸਕ ਹੋਣ ਦੇ ਬਾਵਜੂਦ ਅਸੀਂ ਸਮਝਦੇ ਹਾਂ ਕਿ ਉਠਾਏ ਗਏ ਨੁਕਤੇ ਅਣਗੌਲਿਆਂ ਕਰਨ ਵਾਲੇ ਨਹੀਂ। ਅਸੀਂ ਆਸ ਕਰਦੇ ਹਾਂ ਕਿ ਤੇਜਵੰਤ ਇਹਨਾਂ ਨੁਕਤਿਆਂ ਦਾ, ਵਿਵਾਦੀ ਰੁਚੀ ਤੋਂ ਮੁਕਤ ਰਹਿ ਕੇ, ਸਮਾਧਾਨ ਕਰਨ ਦਾ ਯਤਨ ਕਰੇਗਾ।

—ਸੰਪਾਦਕ]

●

## ਇਕ ਅ-ਮੌਲਿਕ ਸਰਵੇਖਣ

**ਐਸੇ ਪਾਠਕ ਕਹਾਂ ਪਾਈਏ !**/ਭੂਸ਼ਨ

### ਇੰਟਰਵਿਊ—1 ਲੇਖਕ ਨਾਲ

? ਤੁਸੀਂ ਪੰਜਾਬੀ ਦੇ ਸਥਾਪਿਤ ਕਹਾਣੀਕਾਰ ਹੋ

— ਸ਼ੁਕਰੀਆ

? ਲੇਖਕ ਪਹਿਲਾਂ ਚੰਗਾ ਪਾਠਕ ਹੋਣਾ ਚਾਹੀਦਾ ਹੈ। ਤੁਹਾਡਾ ਕੀ ਵਿਚਾਰ ਹੈ ?

— ਤਾਲਸਤਾਇ ਦਾ ਕਹਿਣਾ ਹੈ ਕਿ ਜੇ ਮੈਂ ਦਸ ਸਾਲ ਨਾ ਲਿਖਾਂ ਤਾਂ ਕੁਝ ਨਹੀਂ ਵਿਗੜਦਾ ਪਰ ਦਸ ਦਿਨ ਨਾ ਪੜ੍ਹਨ ਨਾਲ ਝੁੱਗਾ ਚੌੜ ਹੋ ਜਾਂਦਾ ਹੈ।

? ਤੁਹਾਡੀ ਪੜ੍ਹਨ ਦੀ ਸੇਧ ਕੀ ਹੈ ?

— ਫ਼ਿਕਸ਼ਨ ਪੜ੍ਹਦਾ ਹਾਂ। ਇੰਪਰਿੰਟ, ਇਲੱਸਟ੍ਰੇਟਿਡ ਵੀਕਲੀ, ਸਾਰਿਕਾ, ਧਰਮਯੁਗ ਬਹੁਤ ਵਧੀਆ ਫਿਕਸ਼ਨ ਛਾਪਦੇ ਹਨ। ਹੋਰ ਅਮਰੀਕਨ, ਰਸ਼ੀਅਨ ਕਿਤਾਬਾਂ ਦੇ ਅੰਗਰੇਜ਼ੀ ਅਨੁਵਾਦ ਆਮ ਮਿਲ ਜਾਂਦੇ ਹਨ।

? ਪੰਜਾਬੀ ਦੇ ਕਿਹੜੇ ਲੇਖਕਾਂ ਨੂੰ ਪੜ੍ਹਦੇ ਹੋ ?

— ਜਿਹੜੇ ਅੰਗਰੇਜ਼ੀ ਜਾਂ ਹਿੰਦੀ ਵਿਚ ਛਪਦੇ ਹਨ।

? ਸਮਕਾਲੀ ਪੰਜਾਬੀ ਸਾਹਿੱਤ ਬਾਰੇ ਜਾਣਕਾਰੀ ਕਿੱਥੋਂ ਲੈਂਦੇ ਹੋ ?

— ਪਿੱਛੇ ਜਿਹੇ ਇਲੱਸਟ੍ਰੇਟਿਡ ਵੀਕਲੀ ਵਿਚ ਡਾ: ਅਤਰ ਸਿੰਘ ਦਾ ਲੇਖ 'ਪਾਕਿਸਤਾਨ ਵਿਚ ਪੰਜਾਬੀ' ਬੜਾ ਜਾਣਕਾਰੀ ਭਰਪੂਰ ਸੀ। ਇਹੋ ਜਿਹੇ ਲੇਖ ਕਦੇ ਕਦਾਈਂ ਪੜ੍ਹਨ ਨੂੰ ਮਿਲ ਜਾਂਦੇ ਹਨ। ਥਾਂ-ਕੁਥਾਂ ਟੱਕਰਾਂ ਨਹੀਂ ਮਾਰਨੀਆਂ ਪੈਂਦੀਆਂ।

? ਪੰਜਾਬੀ ਪਰਚਿਆਂ ਬਾਰੇ ?

— ਲੱਗ ਭੱਗ ਸਾਰੇ ਪਰਚਿਆਂ ਦੀ ਮੈਂ ਫ਼੍ਰੀ-ਮੇਲਿੰਗ ਲਿਸਟ ਤੇ ਹਾਂ। ਜਿਸ ਪਰਚੇ ਵਿਚ ਆਪਣੀ ਕੋਈ ਰਚਨਾ ਛਪਦੀ ਹੈ, ਰਿਕਾਰਡ ਲਈ ਰੱਖ ਲਈਦਾ ਹੈ।

? ਤੁਹਾਡੇ ਖ਼ਿਆਲ ਵਿਚ ਪੰਜਾਬੀ ਸਾਹਿੱਤ ਪੜ੍ਹਨਾ ਜ਼ਰੂਰੀ ਨਹੀਂ ?

— ਤੁਹਾਡੇ ਖ਼ਿਆਲ ਵਿਚ ਪੰਜਾਬੀ ਸਾਹਿੱਤ ਲਿਖਣਾ ਹੀ ਕਾਫ਼ੀ ਨਹੀਂ ??

### ਇੰਟਰਵਿਊ—2 ਅਨੁਵਾਦਕ ਨਾਲ

? ਤੁਹਾਡੇ ਪੰਜਾਬੀ ਤੋਂ ਹਿੰਦੀ ਤੇ ਹਿੰਦੀ ਤੋਂ ਪੰਜਾਬੀ ਅਨੁਵਾਦ ਆਮ ਛਪਦੇ ਰਹਿੰਦੇ ਹਨ।

— ਜੀ ਹਾਂ।

? ਕਾਫ਼ੀ ਪੜ੍ਹਨਾ ਪੈਂਦਾ ਹੋਵੇਗਾ, ਤਾਂ ਹੀ ਤਾਂ ਅਨੁਵਾਦਣ ਯੋਗ ਰਚਨਾ ਹੱਥ ਲੱਗਦੀ ਹੈ।

— ਪਹਿਲਾਂ ਪਹਿਲਾਂ ਬਹੁਤ ਤਕਲੀਫ਼ਾਂ ਹੁੰਦੀਆਂ ਸਨ। ਹਿੰਦੀ ਦੀਆਂ ਪੱਤ੍ਰ- ਪੱਤ੍ਰਕਾਵਾਂ ਵਿਚ ਮੈਂ ਆਪਣੀਆਂ ਮੌਲਿਕ ਰਚਨਾਵਾਂ ਭੇਜਦਾ ਸਾਂ ਪਰ ਦੈਨਿਕ ਤੋਂ ਇਲਾਵਾ ਕੋਈ ਨਹੀਂ ਸੀ ਛਾਪਦਾ। ਫਿਰ ਮੈਂ ਉਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਭੇਜਣਾ ਸ਼ੁਰੂ ਕੀਤਾ। ਯੋਜਨਾ ਸਫ਼ਲ ਰਹੀ।

? ਪਿੱਛੋਂ ਦੂਜੇ ਲੇਖਕਾਂ ਦੀਆਂ ਲਿਖਤਾਂ ਤੇ ਹੱਥ ਅਜ਼ਮਾਇਆ ?

— ਪ੍ਰਾਰੰਭ ਵਿਚ ਸੰਦਰਭ ਕੁਝ ਠੀਕ ਨਾ ਬੈਠਿਆ। ਅਨੁਮਤੀ ਲੈਣਾ ਵੀ ਇਕ ਸਮੱਸਿਆ ਬਣ ਗਈ।

? ਇਹ ਸਮੱਸਿਆ ਤਾਂ ਤੁਹਾਡੇ ਅਨੁਵਾਦ ਨਾਲ ਤਾਅਲੁੱਕ ਰੱਖਦੀ ਹੈ। ਮੈਂ ਸਿਰਫ਼ ਅਧਿਐਨ ਬਾਰੇ ਜਾਣਨਾ ਚਾਹੁੰਦਾ ਹਾਂ।

— ਆਪਣਾ ਪ੍ਰਯੋਜਨ ਸਫ਼ਲ ਹੁੰਦਾ ਨਾ ਵੇਖ ਕੇ ਮੈਂ ਕੁਝ ਚਰਚਿਤ ਪੰਜਾਬੀ ਲੇਖਕਾਂ ਦੇ ਐਡਰੈੱਸ ਇਕੱਤ੍ਰਿਤ ਕੀਤੇ। ਉਨ੍ਹਾਂ ਨੂੰ ਪੱਤ੍ਰ ਲਿਖੇ ਕਿ ਆਪਣੀਆਂ ਚੋਣਵੀਆਂ ਰਚਨਾਵਾਂ, ਫੋਟੋ, ਜਾਣਕਾਰੀ ਅਤੇ ਅਨੁਮਤੀ ਸਮੇਤ ਭੇਜੋ। ਇਸ ਤਰਕੀਬ ਨੇ ਜਾਦੂ ਅਸਰ ਕੀਤਾ। ਡਾਕ ਦੀ ਭਰਮਾਰ ਲੱਗ ਗਈ।

? ਤੁਹਾਨੂੰ ਉਹ ਸਾਰੀਆਂ ਲਿਖਤਾਂ ਪੜ੍ਹਨੀਆਂ ਪਈਆਂ ਹੋਣਗੀਆਂ।

— ਨਹੀਂ ਐਸੀ ਗੱਲ ਨਹੀਂ। ਕਈਆਂ ਨੇ ਤਾਂ ਖ਼ੁਦ ਅਨੁਵਾਦ ਕਰ ਕੇ ਭੇਜ ਦਿੱਤੀਆਂ ਸਨ।

? ਤੁਹਾਡਾ ਮਤਲਬ ਹੈ, ਤੁਹਾਨੂੰ ਅਨੁਵਾਦ ਕਰਨ ਲਈ ਪੜ੍ਹਨ ਦੀ ਲੋੜ ਮਹਿਸੂਸ ਨਹੀਂ ਹੁੰਦੀ।

— ਜਦੋਂ ਅਨੁਵਾਦ ਛਪ ਕੇ ਆਉਂਦਾ ਹੈ ਤਾਂ ਜ਼ਰੂਰ ਪੜ੍ਹਦਾ ਹਾਂ।

? ਅਨੁਵਾਦ ਕਰਨ ਲਈ ਰਚਨਾ ਦੀ ਚੋਣ ਵੇਲੇ ਤਾਂ ਗੰਭੀਰ ਅਧਿਐਨ ਕਰਨਾ ਹੀ ਪੈਂਦਾ ਹੋਵੇਗਾ। ਆਪਣੀ ਪਸੰਦ ਦੀ ਲਿਖਤ ਦਾ ਹੀ ਉਲਥਾ ਕਰਦੇ ਹੋਵੋਗੇ ?

— ਮੈਨੂੰ ਉਹੀ ਰਚਨਾ ਸਭ ਤੋਂ ਵੱਧ ਪਸੰਦ ਹੁੰਦੀ ਹੈ ਜਿਸ ਦਾ ਅਨੁਵਾਦ ਮੂਲ ਲੇਖਕ ਖ਼ੁਦ ਕਰਕੇ ਭੇਜ ਦੇਵੇ ; ਜਾਂ ਸਹਿਜੇ ਹੀ ਅਨੁਵਾਦ ਹੋ ਸਕੇ, ਜਾਂ ਫ਼ਿਰ ਜਿਸ ਰਚਨਾ ਦਾ ਲੇਖਕ ਆਪਣੇ ਪ੍ਰਭਾਵ ਨਾਲ ਅਨੁਵਾਦ ਕਿਸੇ ਸੱਤਰ ਦੇ ਪਰਚੇ ਵਿਚ ਛਪਵਾ ਸਕਦਾ ਹੋਵੇ। ਮੌਸਮੀ ਲਿਖਤਾਂ ਮੇਰੇ ਲਈ ਵਧੇਰੇ ਲਾਭ-ਪ੍ਰਦ ਹੁੰਦੀਆਂ ਹਨ। ਛਪ ਵੀ ਜਾਂਦੀਆਂ ਹਨ, ਪੈਸੇ ਵੀ ਚੰਗੇ ਮਿਲ ਜਾਂਦੇ ਹਨ।

? ਤੁਸੀਂ ਮੇਰੇ ਮੂਲ ਪ੍ਰਸ਼ਨ ਨੂੰ ਉਲਝਾ ਰਹੇ ਹੋ।

— ਮੇਰੀ ਸਮੱਸਿਆ ਮੂਲ ਦੀ ਨਹੀਂ, ਅਨੁਵਾਦ ਦੀ ਹੈ।

**ਇੰਟਰਵਿਊ—3** ਸੰਪਾਦਕ ਨਾਲ

? ਤੁਸੀਂ ਕਵੀ-ਸੰਪਾਦਕ ਹੋ। ਤੁਹਾਡਾ ਤਾਂ ਸਾਹਿੱਤ ਨਾਲ ਦੂਹਰਾ ਰਿਸ਼ਤਾ ਹੈ।

— ਬਹੁਤ ਸ਼ਕਤੀਵਾਦੀ ਰਿਸ਼ਤਾ ਹੈ ਮੇਰਾ ਸਾਹਿੱਤ ਨਾਲ।

? ਛਪਣ-ਹਿਤ ਆਈਆਂ ਰਚਨਾਵਾਂ ਨੂੰ ਪੜ੍ਹਦਿਆਂ ਤੁਹਾਨੂੰ ਇਕ ਅਨੋਖਾ ਅਨੁਭਵ ਹੁੰਦਾ ਹੋਵੇਗਾ।

— ਪੜ੍ਹਨ ਦੀ ਲੋੜ ਹੀ ਨਹੀਂ ਪੈਂਦੀ।

? ਕਿਉਂ

— ਸਿਰਫ਼ ਲੇਖਕ ਦਾ ਨਾਂ ਪੜ੍ਹਕੇ ਹੀ ਮਕਸਦ ਹੱਲ ਹੋ ਜਾਂਦਾ ਹੈ।

? ਉਹ ਕਿਵੇਂ

— ਪੁਰਾਣੇ ਲੇਖਕਾਂ ਦੀਆਂ ਰਚਨਾਵਾਂ ਪੜ੍ਹਨ ਦੀ ਕੀ ਲੋੜ ਹੈ, ਛਪਣ ਲਈ ਰੱਖ ਲਈਦੀਆਂ ਹਨ। ਨਵੇਂ ਲੇਖਕਾਂ ਦੀਆਂ ਰਚਨਾਵਾਂ ਪੜ੍ਹਨ ਦੀ ਕੀ ਲੋੜ ਹੈ, ਉਹ ਇਸ ਕਾਬਿਲ ਹੀ ਨਹੀਂ ਹੁੰਦੀਆਂ ਕਿ ਸਮਾਂ ਨਸ਼ਟ ਕੀਤਾ ਜਾਵੇ।

? ਤੁਹਾਡੇ ਪਰਚੇ ਦੇ ਪਾਠਕ ਕਿੰਨੇ ਕੁ ਹਨ

— ਜਦੋਂ ਮੈਂ ਚਾਰਜ ਲਿਆ ਸੀ, ਓਦੋਂ ਦੋ ਹਜ਼ਾਰ ਛਪਦਾ ਸੀ, ਹੁਣ ਸਤਾਰਾਂ ਹਜ਼ਾਰ ਛਪਦਾ ਹੈ। ਜੇ ਇਕ ਰਸਾਲੇ ਨੂੰ ਦਸ ਜਣੇ ਵੀ ਪੜ੍ਹਦੇ ਹੋਣ ਤਾਂ ਹਿਸਾਬ ਲਾ ਲਓ ਪੌਣੇ ਦੋ ਲੱਖ ਹੋ ਗਏ ਕਿ ਨਾ ?

? ਤੁਹਾਡੇ ਪਾਠਕ ਕਿਹੜੇ ਹਨ

— ਸਾਰੀਆਂ ਪੰਚਾਇਤਾਂ, ਸਕੂਲ-ਕਾਲਜਾਂ ਦੀਆਂ ਲਾਇਬਰੇਰੀਆਂ ਵਿਚ ਤਾਂ ਜਾਂਦਾ ਹੀ ਹੈ ਸਾਡਾ ਪਰਚਾ, ਪਰ ਹੁਣ ਫ਼ੀਲਡ ਸਟਾਫ਼ ਦੀ ਮਿਹਨਤ ਨਾਲ ਹੋਰ ਲੋਕ ਵੀ ਗਾਹਕ ਬਣ ਰਹੇ ਹਨ।

? ਮੈਂ ਗਾਹਕਾਂ ਬਾਰੇ ਨਹੀਂ ਪਾਠਕਾਂ ਬਾਰੇ ਪੁੱਛਦਾ ਹਾਂ

— ਜਿਹੜਾ ਬੰਦਾ ਸਾਲ ਦਾ ਤਿੰਨ ਰੁਪਏ ਚੰਦਾ ਦਏਗਾ, ਆਪਣੀ ਲੋੜ ਨੂੰ ਪੜ੍ਹੇਗਾ। ਅਸੀਂ ਘਰ ਘਰ ਜਾ ਕੇ ਪਤਾ ਥੋੜ੍ਹਾ ਕਰਦੇ ਫਿਰਦੇ ਆਂ ਭਈ ਉਹ ਪੜ੍ਹਦੇ ਨੇ ਕਿ ਲਿਫ਼ਾਫ਼ੇ ਬਣਾਉਂਦੇ ਨੇ। ਐਡਾ ਵਧੀਆ ਕਾਗਜ਼, ਮਹਾਨ ਲੇਖਕਾਂ ਦੀਆਂ ਰਚਨਾਵਾਂ ਉਨ੍ਹਾਂ ਨੂੰ 'ਸਰਕਾਰੀ ਰਿਆਇਤੀ ਮੁੱਲ' ਤੇ ਉਪਲਬਧ ਕਰਦੇ ਹਾਂ, ਹੋਰ ਫ਼ਾਂਸੀ ਲੱਗ ਜਾਈਏ ? ਕਿਉਂ ਭਾ......??

? ਚਲੋ ਇਹ ਤਾਂ ਅਲੱਗ ਮਸਲਾ ਹੈ। ਤੁਸੀਂ ਆਪ ਵੀ ਤਾਂ ਕੁਝ ਪੜ੍ਹਦੇ ਹੋਵੋਗੇ

— ਬਹੁਤ ਕੁਝ ਪੜ੍ਹਦਾ ਹਾਂ

? ਇਹੋ ਤਾਂ ਜਾਣਨਾ ਚਾਹੁੰਦਾ ਹਾਂ ਕਿ ਪੜ੍ਹਨ ਸੰਬੰਧੀ ਤੁਹਾਡਾ ਦ੍ਰਿਸ਼ਟੀਕੋਣ ਕੀ ਹੈ ਮੇਰਾ ਭਾਵ ਹੈ ਤੁਸੀਂ ਕੀ ਪੜ੍ਹਦੇ ਹੋ

— ਰੇਡੀਓ ਤੇ ਨਜ਼ਮਾਂ ਪੜ੍ਹਦਾ ਹਾਂ, ਟੈਲੀਵੀਜ਼ਨ ਤੇ ਕਵਿਤਾਵਾਂ ਪੜ੍ਹਦਾ ਹਾਂ, ਕਵੀ ਦਰਬਾਰਾਂ ਵਿਚ ਪੋਇਮਜ਼ ਪੜ੍ਹਦਾ ਹਾਂ, ਗੋਸ਼ਟੀਆਂ ਸੈਮੀਨਾਰਾਂ ਵਿਚ ਪੇਪਰ ਪੜ੍ਹਦਾ ਹਾਂ।

## ਇੰਟਰਵਿਊ—4 ਪ੍ਰਕਾਸ਼ਕ ਨਾਲ

? ਤੁਸੀਂ ਪੰਜਾਬੀ ਦੀਆਂ ਕਿਤਾਬਾਂ ਛਾਪਣ ਦਾ ਧੰਦਾ ਪਿਛਲੇ ਵੀਹਾਂ ਵਰ੍ਹਿਆਂ ਤੋਂ ਕਰ ਰਹੇ ਹੋ

— ਪੰਝੀ ਵਰ੍ਹਿਆਂ ਤੋਂ

? ਕੀ ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਪਾਠਕ ਕਿਹੜੀਆਂ ਕਿਤਾਬਾਂ ਜ਼ਿਆਦਾ ਪਸੰਦ ਕਰਦੇ ਹਨ ।

— ਜਿਹੜੀਆਂ ਕਿਤਾਬਾਂ ਪਾਠਕਾਂ ਨੂੰ ਪਸੰਦ ਨਾ ਹੋਣ ਅਸੀਂ ਛਾਪਣੀਆਂ ਹੀ ਕਿਉਂ ਨੇ ?

? ਤੁਸੀਂ ਕਿਹੋ ਜਿਹੀਆਂ ਕਿਤਾਬਾਂ ਛਾਪਦੇ ਹੋ ।

— ਜਿਹੜੀਆਂ ਕੋਰਸਾਂ ਵਿੱਚ ਲੱਗੀਆਂ ਹੋਣ ਜਾਂ ਇਮਤਿਹਾਨਾਂ 'ਚ ਕੰਮ ਆ ਸਕਦੀਆਂ ਹੋਣ ।

? ਕਿਤਾਬ ਛਾਪਣ ਤੋਂ ਪਹਿਲਾਂ ਪੜ੍ਹਦੇ ਤਾਂ ਹੋਵੋਗੇ ।

— ਕੀ ਲੋੜ ਹੈ ? ਕਿਸੇ 'ਪੁਰਾਣੇ ਘੁਲਾਟੀਏ' ਦੀ ਰੈਕਮੈਂਡੇਸ਼ਨ ਕਾਫ਼ੀ ਹੁੰਦੀ ਹੈ । ਉਂਜ ਬਹੁਤੀਆਂ ਕਿਤਾਬਾਂ ਤਾਂ ਅਸੀਂ ਕਹਿਕੇ ਲਿਖਵਾਉਂਦੇ ਹਾਂ ।

? ਬੜੀ ਹੈਰਾਨੀ ਦੀ ਗੱਲ ਹੈ ਤੁਸੀਂ ਦਿਨ ਰਾਤ ਕਿਤਾਬਾਂ ਬਾਰੇ ਸੋਚਦੇ ਹੋ, ਲੇਖਕਾਂ ਨੂੰ ਮਿਲਦੇ ਹੋ, ਆਪਣੀਆਂ ਕਿਤਾਬਾਂ ਉੱਤਮ ਹੋਣ ਦਾ ਇਸ਼ਤਿਹਾਰਾਂ ਰਾਹੀਂ ਢਿੰਡੋਰਾ ਪਿੱਟਦੇ ਹੋ, ਪਰ ਆਪਣੀਆਂ ਛਾਪੀਆਂ ਹੋਈਆਂ ਕਿਤਾਬਾਂ ਵੀ ਆਪ ਨਹੀਂ ਪੜ੍ਹਦੇ ।

— ਸਾਡੇ ਕੰਪੋਜ਼ਿਟਰ ਪੜ੍ਹਦੇ ਹਨ, ਪਰੂਫ ਰੀਡਰ ਪੜ੍ਹਦੇ ਹਨ, ਰੀਵਿਊਰ ਪੜ੍ਹਦੇ ਹਨ ।

## ਇੰਟਰਵਿਊ—5 ਪੁਸਤਕ-ਵਿਕ੍ਰੇਤਾ ਨਾਲ

? ਤੁਸੀਂ ਰਾਜਧਾਨੀ ਦੇ ਬਹੁਤ ਮਸ਼ਹੂਰ ਪੁਸਤਕ-ਵਿਕ੍ਰੇਤਾ ਹੋ । ਪੰਜਾਬੀ ਦੀਆਂ ਕਿਤਾਬਾਂ ਰਿਸਾਲੇ ਵੀ ਵੇਚਦੇ ਹੋਵੋਗੇ ।

— ਜੀ ਹਾਂ ।

? ਤੁਸੀਂ ਕਿਸ ਕਿਸਮ ਦਾ ਮਾਲ ਰੱਖਦੇ ਹੋ

— ਜਿਸ 'ਚੋਂ ਵਧੇਰੇ ਕਮਿਸ਼ਨ ਮਿਲੇ

? ਕਿਹੜੇ ਕਿਹੜੇ ਪੰਜਾਬੀ ਮੈਗਜ਼ੀਨ ਜ਼ਿਆਦਾ ਲੱਗਦੇ ਹਨ

— ਪ੍ਰੀਤ ਲੜੀ, ਆਰਸੀ, ਨਾਗਮਣੀ ਦੇ ਕੁਝ ਪਰਮਾਨੈਂਟ ਗਾਹਕ ਹਨ

? ਬਾਕੀ ਪਰਚੇ ਵੀ ਤੁਹਾਡੇ ਸ਼ੋ-ਰੂਮ ਵਿਚ ਦਿਖਾਈ ਦੇ ਰਹੇ ਹਨ

— ਜਿਸ ਕਿਸੇ ਦੀ ਕੋਈ ਚੀਜ਼ ਛਪੀ ਹੁੰਦੀ ਹੈ ਉਹ ਪੰਜ ਸੱਤ ਕਾਪੀਆਂ ਲੈ ਜਾਂਦਾ ਹੈ । ਹਾਂ ਪੰਜਾਬੀ ਦੁਨੀਆਂ ਤੇ ਸਾਹਿਤ ਸਮਾਚਾਰ ਦੀ ਪੁੱਛ ਕਾਫ਼ੀ ਹੈ ।

? ਕਿਤਾਬਾਂ ਦੀ ਕੀ ਹਾਲਤ ਹੈ

— ਜਦੋਂ ਕਿਸੇ ਸਕੂਲ ਕਾਲਿਜ ਨੇ ਇਨਾਮ ਵਗੈਰਾ ਵੰਡਣੇ ਹੁੰਦੇ ਹਨ, ਉਹ ਭਾਈ ਵੀਰ ਸਿੰਘ, ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਜਾਂ ਨਾਨਕ ਸਿੰਘ ਦੀਆਂ ਕਿਤਾਬਾਂ ਦੀ ਮੰਗ ਕਰਦੇ ਹਨ । ਅਸੀਂ ਆਰਡਰ ਅਨੁਸਾਰ ਮੰਗਵਾ ਦਿੰਦੇ ਹਾਂ । ਨਾਨਕ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ, ਤੋਂ ਇਲਾਵਾ ਮੋਹਨ ਕਾਹਲੋਂ ਤੇ ਬੂਟਾ ਸਿੰਘ ਦਾ ਨਾਵਲ ਵੀ ਕੋਈ ਕੋਈ ਮੰਗ ਲੈਂਦਾ ਹੈ । ਕਰਨਲ ਰਣਜੀਤ ਦਾ 'ਹਤਿਆਰੇ ਦਾ ਹਤਿਆਰਾ', ਸੰਤੋਖ ਸਿੰਘ ਧੀਰ ਦਾ 'ਉਹ ਦਿਨ' ਤੇ ਗੁਰਬਖ਼ਸ਼ ਸਿੰਘ ਦਾ 'ਰੁੱਖਾਂ ਦੀ ਜੀਰਾਂਦ' ਬਹੁਤ ਵਿਕਿਆ ਹੈ । ਪਿਛੇ ਜਿਹੇ ਸ਼ਿਵ ਕੁਮਾਰ ਬਟਾਲਵੀ ਦੇ Complete works ਵੀ ਲੋਕਾਂ ਦੀ ਡਿਮਾਂਡ ਤੇ ਸਾਨੂੰ ਮੰਗਵਾਉਣੇ ਪਏ

ਸਨ । ਅੱਜ ਕੱਲ ਠੰਡ ਹੈ ।

? ਹੋਰ ਕੁਛ

— ਜਿਹੜੀਆਂ ਕਿਤਾਬਾਂ ਸਰਕਾਰੀ ਤੌਰ ਤੇ ਬੈਨ ਹੋ ਜਾਂਦੀਆਂ ਹਨ ਉਹਨਾਂ ਦੀ ਪੁੱਛ ਗਿੱਛ ਵਧ ਜਾਂਦੀ ਹੈ । ਲੇਖਕ ਦਾ ਨਾਂ ਕੋਈ ਨਹੀਂ ਜਾਣਦਾ ਹੁੰਦਾ ਸਿਰਫ਼ ਕਿਤਾਬ ਦਾ ਨਾਂ ਰਟੀ ਫਿਰਦੇ ਨੇ ।

? ਮਸਲਨ

— ਮਸਲਨ ਗੁਰਦਿਆਲ ਸਿੰਘ ਫੁੱਲ ਦੀ ਕਹਾਣੀਆਂ ਦੀ ਕਿਤਾਬ 'ਮੇਲੇ ਆਈਆਂ ਤਿੰਨ ਜਣੀਆਂ' ਤੇ ਇਕ ਕਿਤਾਬ ਸ਼ਾਇਦ ਹਸਰਤ ਦੀ ਸੀ, ਨਾਂ ਮੈਨੂੰ ਵਿੱਸਰ ਗਿਆ ਹੈ ।

? ਜਨਰਲ ਕਿਤਾਬਾਂ ਖਰੀਦਣ ਵਾਲੇ ਆਮ ਪਾਠਕ ਬਹੁਤ ਘੱਟ ਹਨ

— ਲਓ ਪਾਠਕਾਂ ਦੀ ਸੁਣੋ ! ਇਕ ਲੇਖਕ ਆਪਣੀ ਕਵਿਤਾ ਦੀ ਕਿਤਾਬ ਦੀਆਂ 10 ਕਾਪੀਆਂ ਛੇ ਮਹੀਨੇ ਪਹਿਲਾਂ ਧੱਕੇ ਨਾਲ ਰੱਖ ਗਿਆ । ਰੋਜ਼ ਪਤਾ ਕਰਨ ਆਉਂਦਾ ਹੈ ਕਿੰਨੀਆਂ ਵਿਕੀਆਂ । ਇਕ ਕਿਤਾਬ ਕੋਈ ਕੁੜੀ ਲੈ ਗਈ ਸੀ । ਜਦੋਂ ਉਸ ਨੂੰ ਦੱਸਿਆ ਤਾਂ ਉਸ ਦਾ ਪਤਾ ਪੁੱਛੇ । ਸਾਨੂੰ ਪਤਾ ਨਹੀਂ ਸੀ । ਉਹ ਉਸੇ ਦਿਨ ਤੋਂ ਆਪਣੇ ਇਕਲੌਤੇ ਪਾਠਕ ਦੀ ਭਾਲ ਵਿਚ ਹੈ ਤੇ ਸਾਨੂੰ ਹਦਾਇਤ ਕਰ ਗਿਆ ਹੈ ਕਿ ਅੱਗੋਂ ਤੋਂ ਪਤਾ ਨੋਟ ਕਰ ਲਿਆ ਕਰੀਏ ।

## ਇੰਟਰਵਿਉ—6 ਲਾਇਬਰੇਰੀਅਨ ਨਾਲ

? ਇਹ ਸੂਬਾ ਪੱਧਰ ਦੀ ਲਾਇਬਰੇਰੀ ਹੈ - ਜਿਸਦੇ ਤੁਸੀਂ ਇੰਚਾਰਜ ਹੋ । ਕੀ ਇਹ ਦੱਸਣ ਦੀ ਤਕਲੀਫ਼ ਗਵਾਰਾ ਕਰੋਗੇ ਕਿ ਤੁਹਾਡਾ ਕਿਤਾਬਾਂ ਮੰਗਵਾਉਣ ਦਾ ਪ੍ਰੋਸੀਜਰ ਕੀ ਹੈ ।

— ਐਵਾਰਡ-ਵਿੰਨਿੰਗ ਬੁਕਸ ਤਾਂ ਅਸੀਂ ਰੈਗੂਲਰਲੀ ਮੰਗਵਾਉਂਦੇ ਹਾਂ । ਰੈਂਫਰੈਂਸ ਬੁੱਕਸ ਜਾਂ ਪ੍ਰਕਾਸ਼ਿਤ ਸ਼ੋਧ ਪ੍ਰਬੰਧ ਸਾਨੂੰ ਲਾਜ਼ਮੀ ਰੱਖਣੇ ਪੈਂਦੇ ਹਨ ।

? ਬਾਕੀ ਕਿਤਾਬਾਂ

— ਇਹ ਪ੍ਰਕਾਸ਼ਕਾਂ ਅਤੇ Suppliers ਦੀ accuracy ਤੇ depend ਕਰਦਾ ਹੈ । ਉਨ੍ਹਾਂ ਦੇ ਪਹੁੰਚ ਕਰਨ ਤੇ ਅਸੀਂ consider ਕਰਦੇ ਹਾਂ

? ਇਸਦਾ ਮਤਲਬ ਕਿ ਪਹੁੰਚ ਤੋਂ ਬਿਨਾਂ ਕਈ ਚੰਗੀਆਂ ਕਿਤਾਬਾਂ ਵੀ ਏਥੇ ਨਹੀਂ ਆ ਸਕਦੀਆਂ ਹੋਣਗੀਆਂ

— ਥੋੜੇ ਜਿਹੇ ਅੱਗੇ ਪਿੱਛੇ ਸਭ ਨੂੰ 'ਅਕਲ' ਆ ਜਾਂਦੀ ਹੈ ।

? ਰੀਡਰਸ਼ਿਪ ਦਾ ਕੀ ਹਾਲ ਹੈ

— ਇਸ ਪੱਖੋਂ ਪੰਜਾਬੀ ਦੇ ਲੇਖਕ ਬੜੇ ਖ਼ੁਸ਼ਕਿਸਮਤ ਹਨ । ਜਿਹੜੀ ਕਿਤਾਬ ਇਕ ਵਾਰੀ ਆ ਗਈ, ਦਬਾਰਾ ਮੰਗਵਾਉਣ ਦੀ ਲੋੜ ਨਹੀਂ ਪੈਂਦੀ । ਕਈ ਕਈ ਪੁਸਤਕਾਂ ਤਾਂ ਅਜਿਹੀਆਂ ਹਨ ਕਿ ਪਿਛਲੇ ਤਿੰਨਾਂ ਤਿੰਨਾਂ ਸਾਲਾਂ ਤੋਂ "New Arrivals" ਵਾਲੇ ਖਾਨਿਆਂ ਵਿਚ ਨਵੀਆਂ ਨਕੋਰ ਪਈਆਂ ਹਨ ।

? ਕੁਝ ਕਿਤਾਬਾਂ ਤਾਂ ਲੋਕ ਲਿਜਾਂਦੇ ਹੀ ਹੋਣਗੇ

— 'ਇਮਤਿਹਾਨ ਮਾਰਕਾ' ਜਾਂ ਕੋਰਸ ਬ੍ਰਾਂਡ' ਦੀ ਭਰਪੂਰ ਗਾਹਕੀ ਰਹਿੰਦੀ ਹੈ ਪਰ ਜਨਰਲ 'ਚੋਂ ਜ਼ਿਆਦਾਤਰ ਨਾਵਲ ਹੀ ਬਾਹਰ ਦੀ ਹਵਾ ਖਾਂਦੇ ਹਨ। ਕਵਿਤਾ-ਸੰਗ੍ਰਹਿ ਤਾਂ ਪਾਠਕ ਛੋਹ ਨੂੰ ਤਰਸਦੇ ਰਹਿੰਦੇ ਹਨ। ਦੂਜੀਆਂ ਬੋਲੀਆਂ ਦੇ ਪੰਜਾਬੀ ਅਨੁਵਾਦ ਟਿਸ਼ੂ ਹੁੰਦੇ ਰਹਿੰਦੇ ਹਨ।

? ਤੁਹਾਡੇ ਖ਼ਿਆਲ ਵਿਚ ਪੰਜਾਬੀ ਦੇ ਪਾਠਕ ਕਿਹੜੇ ਹਨ

— ਜਿਹੜੇ ਪੰਜਾਬੀ ਤੋਂ ਇਲਾਵਾ ਕੋਈ ਹੋਰ Language ਜਾਣਦੇ ਹੀ ਨਹੀਂ

? ਪਾਠਕ-ਸੰਕਟ ਦੇ ਬਾ-ਵਜੂਦ ਵੀ ਤੁਸੀਂ ਕਿਤਾਬਾਂ ਮੰਗਵਾਈ ਜਾ ਰਹੇ ਹੋ

— ਸਾਡਾ ਭਵਿਖ ਵਿਚ ਭਰੋਸਾ ਕਾਇਮ ਹੈ 'ਹਾਲੇ ਕੁਦਰਤ ਮਾਯੂਸ ਨਹੀਂ ਮਾਨਵ ਤੋਂ'.

? ਮੈਗਜ਼ੀਨ ਸੈਕਸ਼ਨ

— ਭੀੜ ਕਾਫ਼ੀ ਰਹਿੰਦੀ ਹੈ ਪਰ ਬਾਕੀ ਜ਼ਬਾਨਾਂ ਦੇ ਨਵੇਂ ਰਿਸਾਲੇ ਜਾਰੀ ਕਰਾਉਣ ਲਈ ਸਾਨੂੰ Suggestions ਆਉਂਦੀਆਂ ਰਹਿੰਦੀਆਂ। ਪੰਜਾਬੀਆਂ ਵੱਲੋਂ ਕੋਈ ਸ਼ਿਕਾਇਤ ਨਹੀਂ।

? ਤੁਸੀਂ ਤਾਂ ਪੰਜਾਬੀ ਹੋਣ ਦੇ ਨਾਤੇ ਸਾਹਿਤ ਪੜ੍ਹਦੇ ਹੀ ਹੋਵੋਗੇ

— ਕੋਰਸ ਕਰਨ ਵੇਲੇ ਪੰਜਾਬੀ ਦੀਆਂ ਪੁਸਤਕ ਸੂਚੀਆਂ ਤਿਆਰ ਕੀਤੀਆਂ ਸਨ। ਅੱਜ ਕੱਲ ਲਾਇਬਰੇਰੀ ਸੰਗਠਨ ਬਾਰੇ ਅੰਗਰੇਜ਼ੀ 'ਚ ਕਿਤਾਬ ਲਿਖਣ ਲਈ ਉਨ੍ਹਾਂ ਨੂੰ ਅਪ-ਟੂ-ਡੇਟ ਕਰ ਰਿਹਾ ਹਾਂ।

## ਇੰਟਰਵਿਊ—7 ਕਬਾੜੀਏ ਨਾਲ

? ਤੁਸੀਂ ਰੱਦੀ ਕਿਤਾਬਾਂ ਕਿਸ ਹਿਸਾਬ ਨਾਲ ਖਰੀਦਦੇ ਹੋ

— ਵਰਕੇ ਵੇਖ ਕੇ ਭਾਅ ਲਾਈਦੈ

? ਫਿਰ ਵੀ

— ਬਾਊਜੀ, ਗਰੇਜੀ ਦੇ ਕਤਾਬਾਂ ਰਸਾਲਿਆਂ ਦੇ ਅਸੀਂ ਦੋ ਪੈਸੇ ਵੱਧ ਵੀ ਖਰਚ ਦੇਨੇ ਆਂ, ਪਰ ਗੁਰਮੁਖੀ ਦਾ ਮਾਲ ਤਾਂ ਮੁਖਤ ਵੀ ਮਹਿੰਗਾ। ਐਵੇਂ ਭਾਰ ਢੋਣ ਆਲੀ ਗੱਲ ਐ

? ਆਹ ਤੁਹਾਡੇ ਕੋਲ ਪੰਜਾਬੀ ਦੀਆਂ ਚੰਗੀਆ ਕਿਤਾਬਾਂ ਵੀ ਪਈਆਂ ਨੇ। ਚੱਕ ਨੰਬਰ ਛੱਤੀ, ਦਰਦ ਮੰਦਾਂ ਦੀਆਂ ਆਹੀਂ, ਸ਼ਕਤੀ ਨਾਦ, ਤੂਤਾਂ ਵਾਲਾ ਖ਼ੂਹ, ਅੰਗਰੇਜ਼ ਕੁੜੀਆਂ, ਸਾਵੇ ਪੱਤਰ, ਸੁਨੇਹੜੇ, ਕਿਰਨਾਂ ਦੀ ਰਾਖ, ਲਹੂ ਦੀ ਦੀਵਾਰ ਤੇ ਆਹ ਹੋਰ ਕਿੰਨੀਆਂ ਸਾਰੀਆਂ ਕਿਤਾਬਾਂ ਨੇ। ਜਿੰਨ੍ਹਾਂ ਦੀਆ ਜਿਲਦਾਂ ਤੇ ਟਾਈਟਲ ਵੀ ਅਜੇ ਸਹੀ ਸਲਾਮਤ ਨੇ। ਇਹ ਕਿਵੇਂ ਖਰੀਦੀਆਂ

— ਤੁਹਾਨੂੰ ਚਾਹੀਦੀਆਂ ਨੇ ? ਲੈ ਜਾਓ-ਚਵਾਨੀ ਚਵਾਨੀ ਲਾ ਲਾਂਗਾ

? ਪਰ ਇਹ ਤਾਂ ਕਾਫ਼ੀ ਮਹਿੰਗੀਆਂ ਨੇ

— ਪਿਛਲੇ ਵੀਹਾਂ ਦਿਨਾਂ ਤੋਂ ਰੋਜ਼ ਕਬਾੜ ਚੁੱਕ ਕੇ ਲਿਆਉਨਾਂ - ਇਨ੍ਹਾਂ 'ਚੋਂ ਇਕ ਨਹੀਂ ਵਿਕੀ। ਤੁਹਾਨੂੰ ਲੱਗਦੇ ਭਾਅ ਵੇਚ ਰਿਹਾਂ।

? ਆਹ ਇੱਕੋ ਰਿਸਾਲੇ ਦੇ ਇੱਕੋ ਅੰਕ ਦੀਆਂ ਐਨੀਆਂ ਕਾਪੀਆਂ

— ਇਹ ਏਥੋਂ ਈ ਛਪਦੈ ਜੀ। ਹਰ ਮਹੀਨੇ ਲਿਆਉਨਾਂ।

? ਤੁਹਾਨੂੰ ਇਹ ਨਵੀਆਂ ਕਿਤਾਬਾਂ ਕੌਣ ਵੇਚ ਦੇਂਦਾ ਹੈ

— ਕਿਤਾਬਾਂ ਆਲੀਆਂ ਦੁਕਾਨਾਂ ਤੇ ਚੱਕਰ ਮਾਰਦੇ ਰਹੀਦੈ। ਹਰ ਵਾਰ ਕੁਝ ਨਾ ਕੁਝ ਮਾਲ ਮਿਲ ਜਾਂਦੈ। ਪਰ ਸੌਦਾ ਘਾਟੇ ਦੈ

? ਜਿਹੜੀਆਂ ਕਿਤਾਬਾਂ ਏਥੇ ਨਹੀਂ ਵਿਕਦੀਆਂ - ਉਨ੍ਹਾਂ ਦਾ ਕੀ ਕਰਦੇ ਓ

— ਇਹਨਾਂ ਦੇ ਤਾਂ ਲਿਫ਼ਾਫ਼ੇ ਵੀ ਨਹੀਂ ਬਣਦੇ। ਪਰਚੂਨ ਵਾਲੇ ਦੁਕਾਨਦਾਰ ਲੈ ਲਈਂਦੇ ਨੇ। ਲੈ ਜਾਓ, ਸਾਰੀਆਂ ਕਿਤਾਬਾਂ ਪਿੱਛੇ ਧੇਲੀ ਧੇਲੀ ਹੋਰ ਘੱਟ ਦੇ ਦਿਓ

? ਤੁਹਾਡੇ ਘਰ ਵਿਚ ਪੜ੍ਹਿਆ ਲਿਖਿਆ ਕੋਈ ਬੰਦਾ ਨਹੀਂ

— ਨਿਆਣੇ ਨਿੱਕੇ ਪੜ੍ਹਦੇ ਨੇ ਪਰ ਉਹ ਚੰਦਾ ਮਾਮਾ ਤੇ ਦੀਵਾਨਾ ਤੋਂ ਸਿਵਾ ਕੁਝ ਪੜ੍ਹਦੇ ਈ ਨਹੀਂ।

? ਉਹ ਪੰਜਾਬੀ ਨਹੀਂ ਪੜ੍ਹਦੇ

? ਪੜ੍ਹਦੇ ਨੇ ਪਰ ਪਤਾ ਨਹੀਂ ਇਹ ਕਿਤਾਬਾ ਤਾਂ ਉਹ ਸੁੰਘ ਕੇ ਈ ਛੱਡ ਦਿੰਦੇ ਨੇ।

? ਚੱਲ, ਬੰਨ੍ਹ ਦਿਓ ਇਹ ਕਿਤਾਬਾਂ

— ਤੁਹਾਡਾ ਭਲਾ ਹੋਵੇ ਬਾਊ ਜੀ। ਕੱਲ ਮੈਂ ਬੜੇ ਬੜੇ ਸੁਹਣੇ ਟੈਟਲਾਂ ਵਾਲੀਆਂ ਗੁਰਮੁਖੀ ਦੀਆਂ ਕਿਤਾਬਾਂ ਛਡ ਆਇਆ ਸਾਂ। ਜੇ ਆਖੋ ਤਾਂ ਲੈ ਆਵਾਂ? ਮਿਹਰਬਾਨੀ ਜੀ। ਬਾਊ ਜੀ।

## **ਇੰਟਰਵਿਊ—8** ਪਾਠਕ ਨਾਲ

ਨੋਟ :— ਇਹ ਇੰਟਰਵਿਊ ਅੰਮ੍ਰਿਤਾ ਪ੍ਰੀਤਮ ਦੇ ਇਕ ਪਾਠਕ ਨਾਲ ਹੋਈ ਸੀ ਜੋ ਨਾਗ-ਮਣੀ ਦੇ ਦਸੰਬਰ, 1974 ਅੰਕ ਵਿਚ ਛਪ ਚੁਕੀ ਹੈ।

## ਕਾਗ਼ਜ਼ ਦਾ ਪਰਾਉਂਠਾ/ਜਸਵੰਤ ਸਿਘ

ਅਮੂਰਤ ਨੂੰ ਸਮੂਰਤ ਕਰਨਾ—ਕਾਵਿ ਸ੍ਰੋਤ
ਇਤਿਹਾਸਕ ਵਿਆਪਕਤਾ ਦੀ ਪ੍ਰਗਤੀ
ਮਾਰਗ ਦਾ ਵਿਸ਼ਲੇਸ਼ਣ ਕਰਨਾ
ਸੰਕਲਪ ਨੂੰ ਉਜਾਗਰ ਕਰਨਾ—ਕਾਵਿ-ਉਦੇਸ਼ ।

ਜੇ ਚਲਦੇ ਚਿੱਤਰ ਇਨ-ਬਿਨ ਉਲੀਕੋ
ਤੇ ਚੌਖਟਾ ਵਰਤਮਾਨ ਦਾ ਵਰਤੋ
ਤਾਂ ਕਹੋਗੇ :
ਅੱਜ ਦੁਪਹਿਰ ਸਿਖ਼ਰੀਂ ਹੈ ।

ਜਨਤਾ ਦੇ ਆਵੇਸ਼ ਦੀ ਮੰਜ਼ਲ
ਢਕੌਂਸਲੇ ਦੀ ਪਰਦਾ ਪੋਸ਼ੀ
ਜਿਉਂਦਾ ਨਾਟਕ ਖੇਡਣ ਖਾਤਰ
ਜਿਉਂਦੇ ਪਾਤਰ ਬਣਨਾ ਸਮੇਂ ਦੀ ਲੋੜ ।

ਹੋਣੀ ਵਿਚ ਕਿਸ ਦਾ ਪਰਤੋ ਹੈ
ਹੁਣ ਸਭ ਕਲਮਾਂ ਤੇ ਸਭ ਚਲ-ਚਿੱਤਰ
ਇਸ ਵਹਿਮ ਤੋਂ ਵਾਕਫ਼
ਹੁਣ ਤੇ ਸਭ ਇਸ ਰਮਜ਼ ਤੋਂ ਜਾਣੂੰ ।

ਫ਼ਿਰ ਕਿਉਂ ਹੰਝੂ ਨ੍ਹਾਤਾ ਘਰਾਲਾਂ ਭਰਿਆ
ਅਜੇ ਪਰਾਉਂਠਾ ਕਾਗਜ਼ ਦਾ ?
ਹੁਣ ਬੌਧਿਕਤਾ ਦਾ ਸੁਆਲ ਉਠੇਗਾ ।
ਪਰ : ਕੀ ਤੁਹਾਡੀ ਪਤਨੀ ਬੌਧਿਕ ਨਹੀਂ ਹੈ ?

ਮਜਬੂਰ ਪੇਟਾਂ ਦੇ ਅਰਥਾਂ ਦੇ ਨਾਂ
ਹੋਰ ਕਿੰਨੇ ਕੁ ਵੱਟਦੇ ਰਹੋਗੇ ।

●

## ਕੋਲਾਜ ਕਿਤਾਬ

ਇਹ ਪੁਸਤਕ ਤਿੰਨ ਲੇਖਕਾਂ ਦੀ ਰਚਨਾ ਦਾ ਸੰਗ੍ਰਹਿ ਹੈ। ਇਹ ਲੇਖਕ ਹਨ ਸੁਰਜੀਤ ਪਾਤਰ, ਜੁਗਿੰਦਰ ਕੈਰੋਂ ਤੇ ਪ੍ਰਮਿੰਦਰਜੀਤ। ਸੁਰਜੀਤ ਪਾਤਰ ਤੇ ਪ੍ਰਮਿੰਦਰਜੀਤ ਦੀਆਂ ਕਵਿਤਾਵਾਂ ਅਤੇ ਜੁਗਿੰਦਰ ਕੈਰੋਂ ਦੀਆਂ ਕਹਾਣੀਆਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਇਨ੍ਹਾਂ ਤਿੰਨਾਂ ਦੇ ਰੇਖਾ ਚਿੱਤਰ ਵੀ ਇਸ ਪੁਸਤਕ ਵਿਚੋਂ ਪ੍ਰਾਪਤ ਹਨ। ਸੁਰਜੀਤ ਪਾਤਰ ਦੀਆਂ ਨੌਂ ਕਵਿਤਾਵਾਂ ਮੁੱਖ ਰੂਪ ਵਿਚ ਵਿਦਰੋਹੀ ਸੁਰ ਦੀਆਂ ਧਾਰਨੀ ਹਨ। ਸੁਰਜੀਤ ਪਾਤਰ ਨੇ ਜਿਸ ਭਾਵਨਾਂ ਨੂੰ ਵੀ ਸ਼ਬਦਾਂ ਦਾ ਰੂਪ ਦਿੱਤਾ ਹੈ, ਉਸ ਵਿਚ ਤਿੱਖੀ ਸੁਰ ਦੀ ਗੂੰਜ ਸੁਣਾਈ ਦੇਂਦੀ ਹੈ। ਇਹ ਸੁਰ ਨਿਰੋਲ ਸ਼ਬਦਾਂ ਦੀ ਲੀਲ੍ਹਾ ਨਹੀਂ ਤੇ ਨਾ ਹੀ ਵਿਚਾਰ-ਹੀਣੀ ਚਿਲਕਵੀਂ ਪੁਕਾਰ ਹੈ, ਸਗੋਂ ਇਸ ਸੁਰ ਪਿਛੇ ਇਕ ਨਿਸ਼ਚਤ ਵਿਚਾਰ ਦੀ ਤੰਦ ਜੁੜੀ ਹੋਈ ਹੈ। ਇਹੀ ਕਾਰਣ ਹੈ ਕਿ ਉਹਦੀ ਉਤੇਜਤ ਸੁਰ ਵਿਚੋਂ ਸੁਖਨੀ ਭਾਸ਼ਨ ਸ਼ੈਲੀ ਦਾ ਪਰਦਰਸ਼ਨ ਨਹੀਂ, ਸਗੋਂ ਸਥਿੱਤੀ ਦੀ ਨਿੱਗਰ ਨੁਹਾਰ ਨਾਲ ਜੁੜੀ ਹੋਈ ਸੂਖਮ ਮਨ ਦੀ ਸੰਵੇਦਨਾ ਦਾ ਪ੍ਰਭਾਵ ਪੈਂਦਾ ਹੈ। ਅਜ ਤਕ ਪੰਜਾਬੀ ਕਾਵਿ ਜਗਤ ਵਿਚ ਨਿਰੋਲ ਸ਼ਬਦਕ ਚਿਲਕਵੀਂ ਸੁਰ ਨੂੰ ਅਤੇ ਭਾਵਵਾਚੀ ਭਾਵ ਜੰਜਾਲ ਨੂੰ ਕਵਿਤਾ ਦੇ ਰੂਪ ਵਿਚ ਪਰਵਾਨ ਕਰ ਲਿਆ ਜਾਂਦਾ ਅਤੇ ਸਲਾਹਿਆ ਵੀ ਜਾਂਦਾ ਹੈ। ਸੁਰਜੀਤ ਪਾਤਰ ਦੀਆਂ ਇਹ ਕਵਿਤਾਵਾਂ ਸਥਿਤੀ ਦੀ ਨਿੱਗਰ ਨੁਹਾਰ ਨਾਲ ਜੁੜੀਆਂ ਹੁੰਦੀਆਂ ਹੋਈਆਂ ਵੀ ਭਾਵਵਾਚੀ ਅਤਕਥਨੀ ਤੋਂ ਮੁਕਤ ਨਹੀਂ। ਫਰਕ ਸਿਰਫ਼ ਇਹ ਹੈ ਕਿ ਇਹ ਅਤਕਥਨੀ ਬਿੰਬ ਅਤੇ ਪ੍ਰਤੀਕ ਦੇ ਸਹਾਰੇ ਨਿਗਰ ਹੋਣ ਦਾ ਭਰਮ ਬਨਾਣ ਵਿਚ ਸਫ਼ਲ ਹੁੰਦੀ ਹੈ :

> ਮੇਰਾ ਇਤਿਹਾਸ ਵਰ੍ਹਿਆਂ 'ਚ ਬਹੁਤ ਲੰਮਾ ਹੈ, ਕਾਰਜ਼ਾਂ 'ਚ ਬਹੁਤ ਨਿੱਕਾ
> ਜਦੋਂ ਮਾਂ ਨੂੰ ਖੂਨ ਦੀ ਲੋੜ ਸੀ ਮੈਂ ਕਿਤਾਬ ਬਣ ਗਿਆ,
> ਜਦੋਂ ਪਿਉ ਨੂੰ ਡੰਗੋਰੀ ਚਾਹੀਦੀ ਸੀ,
> ਮੈਂ ਬਿਜਲੀ ਦੀ ਲੀਕ ਵਾਂਗ ਲਿਸ਼ਕਿਆ ਤੇ ਬੋਲਿਆ
> ਕਪਲਵਸਤੂ ਤੇ ਸ਼ਧੋਧਨ ਦਾ ਧਿਆਨ ਧਰੋ,
> ਮਾਛੀਵਾੜੇ ਵਲ ਨਜ਼ਰ ਮਾਰੋ,
> ਗੀਤਾ ਪੜ੍ਹੀ ਹੈ ਤਾਂ ਵਿਚਾਰੋ ਵੀ।

ਤੱਥਾਂ ਅਤੇ ਬਿੰਬਾਂ ਦੀ ਨਿੱਗਰ ਟੇਕ ਸੁਰਜੀਤ ਪਾਤਰ ਦੀ ਕਵਿਤਾ ਦੀ ਮਿਥਸਿਰਜਨ ਪ੍ਰਕਿਰਿਆ ਨੂੰ ਦਾਰਸ਼ਨਿਕ ਧਾਰਨਾ ਅਤੇ ਇਤਿਹਾਸਕ ਨਿਸ਼ਠਾ/ਪ੍ਰਾਸੰਗਕਤਾ ਦੇਣ ਦਾ ਕਾਰਨ ਬਣੀ ਹੈ। ਇਹ ਵਿਉਂਤ ਕਵਿਤਾ ਨੂੰ ਦੂਹਰੀ ਸੂਖਮਤਾ ਪਰਦਾਨ ਕਰ ਸਕਦੀ ਹੈ ਜੇ ਸਮਕਾਲੀ ਤੱਥਾਂ ਦੀ ਇਤਿਹਾਸਕ ਅਤੇ ਦਾਰਸ਼ਨਿਕ ਨੁਹਾਰ ਨੂੰ ਵਿਸ਼ਾਲ ਦ੍ਰਿਸ਼ਟੀਕੋਣ ਦੇ ਚੌਖਟੇ ਵਿਚ ਮਿਥਸਿਰਜਨ/

ਉਦਾਤ ਸੰਕਲਪ ਪ੍ਰਾਪਤ ਹੋ ਸਕੇ । ਨਿਰੋਲ ਤੱਥਾਂ ਦੀ ਇਤਿਹਾਸਕ ਜਾਂ ਦਾਰਸ਼ਨਿਕ ਮਹਤੱਵ ਵਲ ਸੰਕੇਤ ਕਰਦੀ ਸੂਚੀ ਇਸ ਪ੍ਰਾਪਤੀ ਦੇ ਸਮਰੱਥ ਨਹੀਂ :

ਮੈਂ ਤੁਹਾਡੇ ਪ੍ਰਸ਼ਨਾਂ ਦਾ ਕੀ ਉੱਤਰ ਦਿਆਂ,
ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ, ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ, ਕਾਮੂ ਵੀ,
ਵਾਇਸ ਆਫ਼ ਅਮੈਰਿਕਾ ਵੀ, ਬੀ. ਬੀ. ਸੀ. ਵੀ,
ਮੇਰੇ ਚੋਂ ਬਹੁਤ ਕੁਝ ਬੋਲਦਾ ਹੈ,
ਮੈਂ ਅੱਠ ਬੈਂਡ ਦਾ ਸ਼ਕਤੀਸ਼ਾਲੀ ਬੁਧੀਜੀਵੀ,
ਮੇਰੀਆਂ ਨਾੜਾਂ ਦੀ ਘਰਰ ਘਰਰ ਸ਼ਾਇਦ ਮੇਰੀ ਹੈ,
ਮੇਰੀਆਂ ਹੱਡੀਆਂ ਦਾ ਤਾਪ ਸੰਤਾਪ ਸ਼ਾਇਦ ਮੌਲਿਕ ਹੈ ।

ਸੁਰਜੀਤ ਪਾਤਰ ਦੀ ਕਵਿਤਾ ਤੋਂ ਇਹ ਜ਼ਰੂਰ ਜਾਪਦਾ ਹੈ ਕਿ ਉਹ ਭਾਵ-ਵਾਚੀ ਅਤਕਥਨੀ ਦੀ ਥਾਂ ਤੇ ਸਥਿਤੀ-ਸੰਬੰਧਿਤ ਅਤਕਥਨੀ ਜਾਂ ਚੁਸਤ ਫਿਕਰੇਬਾਜ਼ੀ ਦਾ ਸ਼ਿਕਾਰ ਹੈ ਪਰ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਕਵਿਤਾ ਦੀ ਮੂਲ ਆਤਮਾ ਪ੍ਰਤੀ ਸਹੀ ਸੂਝ ਵਲ ਰੁਚਿਤ ਹੈ । ਉਸ ਨੇ ਸਮੇਂ ਦੀ ਚੜ੍ਹਦੀ ਸੁਰ ਨੂੰ ਪਛਾਣਿਆ ਹੈ ਤੇ ਇਸ ਨੂੰ ਨਿਰੋਲ ਨਿੱਜ ਦਾ ਵਾਹਣ ਬਣਾਉਣ ਦੀ ਥਾਂ ਸੰਦਰਭ-ਯੁਕਤ ਵਿਆਪਕਤਾ ਦਾ ਰੂਪ ਦੇਣ ਦਾ ਬਹੁਤ ਹੱਦ ਤਕ ਸਫ਼ਲ ਜਤਨ ਕੀਤਾ ਹੈ ।

ਜੁਗਿੰਦਰ ਕੈਰੋਂ ਦੀਆਂ ਚਾਰ ਕਹਾਣੀਆਂ ਟੁੱਟ ਰਹੇ ਅਤੇ ਵਿਸਰਜਤ ਹੋ ਰਹੇ ਵਿਅਕਤਿਤਵ ਦੇ ਅੰਤਹਿਕਰਣ ਨੂੰ ਮੂਰਤੀਮਾਨ ਕਰਦੀਆਂ ਹਨ । ਇਹ ਉਹ ਵਿਅਕਤਿਤਵ ਹੈ ਜਿਹੜਾ ਆਪਣੀ ਹੋਂਦ ਬਾਰੇ ਉਤਕੰਠਿਤ ਵੀ ਹੈ, ਪਰ ਇਸ ਦੀ ਨਿਗੂਣਤਾ ਜਾਂ ਵਿਵਸ਼ਤਾ ਪ੍ਰਤੀ ਸੁਚੇਤ ਵੀ ਹੈ । ਇਸ ਦਵੰਦ ਦੀ ਉਪਜ ਇਹ ਕਹਾਣੀਆਂ ਹਨ ।

ਕਹਾਣੀ 'ਆਖਰੀ ਮੌਤ', ਉਸ ਦੂਜੇ ਨਿਜ ਦਾ ਵਿਵਰਣ ਹੈ ਜਿਹੜਾ ਤੁਹਾਡੇ ਅੰਦਰਲੇ ਸੱਚ ਦਾ ਰੂਪ ਹੈ । ਇਹ ਨਿੱਜ ਤੁਹਾਡੇ ਸੰਸਾਰੀ ਨਿੱਜ ਦੇ ਦੰਭੀ ਰੂਪ ਨੂੰ ਜਾਣਦਾ ਹੈ, ਇਸ ਸੰਸਾਰੀ ਮੁਕਟ-ਧਾਰੀ ਨਿੱਜ ਦੇ ਪਾਜ ਉਘੇੜ ਸਕਦਾ ਹੈ ਇਸ ਲਈ ਭੈ ਦਾ ਕਾਰਨ ਹੈ । ਸੰਸਾਰੀ ਆਪਾ ਅੰਦਰਲੇ ਆਪੇ ਕੋਲੋਂ ਡਰਦਾ ਹੈ । ਏਸੇ ਲਈ ਜੇ ਏਸ ਜਗਤ ਵਿਚ ਰੱਜ ਕੇ ਰੋਟੀ ਖਾਣੀ ਹੈ, ਚੰਗੇ ਕਾਰਵਿਹਾਰ ਵਿੱਚ ਲਗਣਾ ਹੈ, ਤਰੱਕੀ ਰਾਮ ਬਣਨਾ ਹੈ ਤਾਂ ਇਸ ਅੰਦਰਲੇ ਆਪੇ ਨੂੰ ਮਾਰਨਾ ਬਹੁਤ ਜ਼ਰੂਰੀ ਹੈ । ਦੂਜੀ ਕਹਾਣੀ 'ਅੰਦਰਲੀ ਸੂਲੀ ਤੇ ਟੰਗਿਆ ਆਕਾਰ' ਉਸ ਮਨੁਖ ਦੀ ਚੇਤਨਾ ਬਾਰੇ ਹੈ, ਜਿਸ ਨੇ ਸਿਰਫ ਅੱਜ ਨਹੀਂ ਸਗੋਂ ਸਦੀਆਂ ਤੋਂ ਰੂੜ੍ਹੀਗਤ ਧਾਰਨਾਵਾਂ ਅਤੇ ਵਿਹਾਰ ਦੇ ਆਸਰੇ ਜੀਵਨ ਬਿਤਾਇਆ ਹੈ, ਪਰ ਹੁਣ ਜਿਸਨੂੰ ਨਾ ਸਿਰਫ਼ ਆਪਣੇ ਅੰਤਰ ਆਤਮੇ ਦੀ ਹੀ ਸਗੋਂ ਜਗਤ ਦੇ ਕੋਝੇ ਅੰਤਰ ਦੀ ਵੀ ਸਮਝ ਆ ਗਈ ਹੈ, ਪਰ ਹੁਣ ਉਸਨੂੰ ਉਹਦੇ ਸੰਬੰਧੀ ਪਛਾਨਣ ਤੋਂ ਅਸਮਰਥ ਹਨ ।

ਤੀਜੀ ਕਹਾਣੀ 'ਮਿੱਟੀ ਦੇ ਘੋੜੇ ਵਾਲਾ' ਉਸ ਕਲਾਕਾਰ ਦੀ ਆਪਬੀਤੀ ਹੈ, ਜਿਹੜਾ ਊਲ-ਜਲੂਲ ਜਹੇ ਅਨੁਭਵ ਵਿਚੋਂ ਲੰਘਦਾ ਹੋਇਆ ਨਾ ਵਿਅੰਗ ਦੀ ਸੀਮਾ ਤੇ ਪਹੁੰਚਿਆ ਹੈ ਤੇ ਨਾ ਕਿਸੇ ਨਿਸ਼ਚਿਤ ਧਾਰਨਾ ਤੇ । ਹਾਲੀ ਉਹ ਸਮਕਾਲੀਨਤਾ ਦੀ ਨਿਗੂਣੀ ਵਾਸਤਵਿਕਤਾ ਦੇ ਅਰਥ ਲੱਭਣ ਦੇ ਆਹਰ ਵਿਚ ਹੀ ਹੈ ।

ਚੌਥੀ ਕਹਾਣੀ 'ਗੁਫ਼ਾ ਵਿਚ ਵਹਿੰਦਾ ਦਰਿਆ' ਉਸ ਮਨੁਖ ਦੀ ਕਹਾਣੀ ਹੈ, ਜਿਹੜਾ ਸੰਸਾਰ ਕੋਲੋਂ ਡਰ ਕੇ ਅੰਦਰ ਵੜ ਬਹਿੰਦਾ ਹੈ ਤੇ ਮਨਇਛੱਤ ਰੂਪ ਧਾਰਨ ਕਰਨ ਦੀ ਸ਼ਕਤੀ ਜਿਸ ਵਿਚ ਆ ਜਾਂਦੀ ਹੈ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਹਦੀ ਮਨ ਇੱਛਤ ਰੂਪ ਧਾਰਨ ਕਰਨ ਦੀ ਸ਼ਕਤੀ ਆਪਣੀ ਪ੍ਰੇਮਿਕਾ ਨਾਲ ਕਾਮ ਤ੍ਰਿਸ਼ਨਾ ਮਿਟਾਣ ਤਕ ਹੀ ਸੀਮਤ ਰਹਿ ਜਾਂਦੀ ਹੈ, ਜਿਹੜੀ ਪੂਰੀ ਫੇਰ ਵੀ ਨਹੀਂ ਹੁੰਦੀ। ਸੁਪਨੇ ਦੇ ਬਦਲਵੇਂ ਰੂਪ ਜੇਹੀ ਇਹ ਕਹਾਣੀ ਲੇਖਕ ਦੀ ਤ੍ਰਿਖਾਵੰਤ ਸੂਝ ਅਤੇ ਅਲਪ-ਸੰਕਲਪ-ਸਮਰੱਥਾ-ਦੋਹਾਂ ਨੂੰ ਪਰਗਟ ਕਰਦੀ ਹੈ।

ਇਹ ਚਾਰੇ ਕਹਾਣੀਆਂ ਕੈਰੋਂ ਦੇ ਅੰਤਹਿਕਰਣ ਦੀਆਂ ਭਿੰਨ ਭਿੰਨ ਪਰਤਾਂ ਨੂੰ ਅਤੇ ਨਵੇਂ ਸੰਕਟ ਗ੍ਰਸਤ ਮਨੁਖ ਦੇ ਅੰਦਰਲੇ ਚਿੱਤਰ ਨੂੰ ਮੂਰਤੀ-ਮਾਨ ਕਰਦੀਆਂ ਹਨ ਪਰ ਹਾਲੀ ਇਨ੍ਹਾਂ ਕਹਾਣੀਆਂ ਵਿੱਚ ਉਸ ਪ੍ਰੌੜ੍ਹਤਾ ਦੀ ਝਲਕ ਨਹੀਂ ਪੈਂਦੀ ਜਿਹੜੀ ਇਹ ਗੱਲ ਸਿੱਧ ਕਰ ਸਕੇ ਕਿ ਇਹ ਕਹਾਣੀਆਂ ਨਵੇਂ ਲੇਖਕ ਦੀਆਂ ਭਾਵੁਕ ਉਛਾਲਾਂ ਨਹੀਂ, ਸਗੋਂ ਨਿਰੰਤਰ ਸਾਹਿਤ ਰਚਨਾ ਦੀਆਂ ਮੁਢਲੀਆਂ ਦਿਸ਼ਾਸੂਚਕ ਕਿਰਤਾਂ ਹਨ।

ਪ੍ਰਮਿੰਦਰਜੀਤ ਦੀਆਂ ਅੱਠ ਕਵਿਤਾਵਾਂ ਅਜ ਦੇ ਉਦਾਸੇ ਮਨ ਦੀ ਚਿਤਰ ਪਰਦਰਸ਼ਨੀ ਹੈ। ਉਹ ਮਨੁੱਖ ਜਿਹੜਾ ਆਪਣੀ ਹੋਂਦ ਨੂੰ ਨਿਰਾਰਥਕ ਮੰਨ ਲੈਂਦਾ ਹੈ ਅਤੇ ਇਸ ਦੇ ਜਗਤ ਦੇ ਨਿਜ਼ਾਮ ਨੂੰ ਬਦਲਣ ਤੋਂ ਅਸਮਰਥ ਜਾਪਦਾ ਹੈ :

ਤੂੰ ਉਦੋਂ ਆਵੀਂ ਅਸੀਂ ਜਦ ਜਾਣ ਜਾਵਾਂਗੇ
ਅਸੀਂ ਕਿਸ ਯੁਗ ਦੇ ਵਾਰਿਸ ਹਾਂ
ਅਜੇ ਕਿਸੇ ਸੰਸਦ ਨੇ ਸਾਡੀ ਜ਼ਿਲੱਤ ਦਾ ਲੇਖ ਨਹੀਂ ਕੀਤਾ
ਅਸਾਂ ਕੇਵਲ ਆਪਣੀ ਗੁਮਨਾਮੀ ਨੂੰ ਜ਼ਰਬ ਦਿੱਤੀ ਹੈ
ਤੇ ਸੀਤ ਲਹਿਰ ਬਣ ਕੇ ਵਗੇ ਹਾਂ
ਕੋਈ ਵੀ ਛਿਣ ਬਦਲਦੇ ਮੌਸਮ ਦੀ ਸੂਚਨਾ ਲੈ ਕੇ, ਅਸਾਡੇ ਕੋਲ ਆਇਆ
ਤਾਂ ਅਸਾਂ ਕੰਨਾਂ 'ਚ ਸਿੱਕਾ ਭਰ ਲਿਆ......।
ਬੇਸਬਰ ਸਾਗਰ ਕਿਨਾਰੇ
ਪਿਆਸ ਆਪਣੀ ਨੂੰ ਵਰਚਾਉਂਦੇ ਰਹੇ ਹਾਂ।

ਇਹ ਸੰਤਾਪੇ ਮਨ ਦੀ ਵਿਥਿਆ ਭਾਵ-ਵਾਚੀ ਸ਼ਬਦਾਂ ਤੇ ਅਲੰਕਾਰਾਂ ਦੇ ਆਸਰੇ ਉਚੀ ਸੁਰ ਵਿਚ ਗੂੰਜਦੀ ਹੈ। ਸ਼ਬਦਾਂ ਦਾ ਜਾਦੂ ਹਵਾ ਵਿਚ ਥਿਰਕਦਾ ਹੈ ਪਰ ਕਿਸੇ ਭਾਵਨਾ ਜਾਂ ਸਥਿਤੀ ਦੀ ਨਿੱਗਰ ਨੁਹਾਰ ਨਹੀਂ ਉਘੜਦੀ ਏਸੇ ਕਾਰਨ ਪ੍ਰਮਿੰਦਰਜੀਤ ਦੀ ਇਹ ਕਵਿਤਾ ਆਧੁਨਿਕ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਇਕ ਹੋਰ ਕਿਰਤ ਵਾਂਗ ਤਾਂ ਲਗਦੀ ਹੈ ਪਰ ਵਲਿਖਣਤਾ ਦਾ ਪ੍ਰਭਾਵ ਨਹੀਂ ਪਾਂਦੀ।

(ਡਾ:) ਅਮਰਜੀਤ ਸਿੰਘ

## ਲੋਹੇ ਲਾਖੇ

ਓਮ ਪਰਕਾਸ਼ ਗਾਸੋ ਨੇ ਬਰਨਾਲੇ ਦੇ ਸਾਹਿਤਕ ਮਹੌਲ ਤੋਂ ਪਰਭਾਵਤ ਹੋ ਕੇ ਲਿਖਣਾ ਅਰੰਭ ਕੀਤਾ। ਬਰਨਾਲਾ ਇਕ ਸਮੇਂ ਮਾਲਵੇ ਦਾ ਮੁਖੀ ਸਾਹਿਤਕ ਕੇਂਦਰ ਰਿਹਾ ਹੈ, ਇਥੋਂ ਦੀ ਸਾਹਿਤ

ਸਭਾ ਨੇ ਜਿੰਨ੍ਹਾਂ ਗਭਰੂਆਂ ਨੂੰ ਲਿਖਣ ਲਈ ਪਰੇਰਿਆ ਤੇ ਉਤਸ਼ਾਹਤ ਕੀਤਾ ਉਹਨਾਂ ਵਿਚੋਂ ਇਕ ਗਾਸੋ ਵੀ ਹੈ। ਮੁਢ ਵਿਚ ਗਾਸੋ ਨੇ ਆਪਣੀ ਨਿਮਨ ਮਧ ਵਰਗੀ ਸੋਚ ਨੂੰ ਵਿਅਕਤੀਵਾਦੀ ਆਦਰਸ਼ਕ ਪੁਠ ਦੇ ਕੇ ਨਾਵਲ ਲਿਖੇ। ਉਹਨਾਂ ਨਾਵਲਾਂ ਵਿਚ ਕਲਾ ਤੇ ਹੋਰ ਕਚਿਆਈਆਂ ਹੋਣ ਤੇ ਵੀ ਇਕ ਬਣ ਸਕਣ ਵਾਲੇ ਨਾਵਲਕਾਰ ਦੀ ਝਲਕ ਸੀ। ਉਹਦਾ ਪਹਿਲਾ ਨਾਵਲ "ਸੁਪਨੇ ਤੇ ਸੰਸਕਾਰ" ਵਾਹ ਵਾਹ ਸੀ। ਪਰੰਤੂ ਇਸ ਨਾਵਲ ਪਿਛੋਂ ਉਹਨੇ ਆਪਣੀ ਉਪਭਾਵਕ ਸੋਚ ਛੱਡ ਕੇ ਡੂੰਘਾ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ, ਆਪਣੇ ਆਪ ਨੂੰ ਜਨਤਕ ਸੰਘਰਸ਼ਾਂ ਨਾਨ ਜੋੜਨ, ਨਾਵਲ ਕਲਾ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਸਭ ਤੋਂ ਵਧ ਜ਼ਬਾਨ ਵਲ ਧਿਆਨ ਦੇਣ ਦੀ ਥਾਂ ਆਪਣੇ ਆਪ ਨੂੰ ਥੋਕ ਲਿਖਾਰੀ ਬਨਾਉਣ ਵਲ ਵਧ ਜ਼ੋਰ ਦਿਤਾ। ਜਿਥੇ ਆਮ ਲਿਖਾਰੀਆਂ ਲਈ ਛਪਣਾ ਇਕ ਮਸਲਾ ਰਿਹਾ ਹੈ ਉਥੇ ਗਾਸੋ ਦੀ ਵਿਉਪਾਰਕ ਸੂਝ ਉਹਨੂੰ ਥੋਕ ਲਿਖਾਰੀ ਬਣਾਉਣ ਵਿਚ ਸਹਾਈ ਹੋਈ ਤੇ ਮਿੱਤਰ ਮੰਡਲ ਜਿਹੜਾ ਕੇਵਲ ਉਹਦੀਆਂ ਲਿਖਤਾਂ ਹੀ ਛਾਪਣ ਦਾ ਕੰਮ ਕਰਦਾ ਹੈ ਗਾਸੋ ਮੰਡਲ ਸਾਬਤ ਹੋਇਆ। ਸੌਖੀ ਤਰ੍ਹਾਂ ਛਪ ਸਕਣ ਤੇ ਵਿਕਰੀ ਦਾ ਕੋਈ ਮਸਲਾ ਨਾ ਹੋਣ ਕਾਰਨ, ਗਾਸੋ ਨੇ ਆਪਣੀਆਂ ਲਿਖਤਾਂ ਨੂੰ ਮਾਂਜਣਾ ਸੰਵਾਰਨਾ ਛਡ ਦਿਤਾ ਤੇ ਜੋ ਲਿਖਿਆ ਉਹੋ ਹੀ ਛਾਪ ਦਿਤਾ। ਇਸ ਸਭ ਕੁਝ ਦਾ ਅਸਰ ਇਹ ਹੋਇਆ ਕਿ ਉਹਦੀ ਕਲਾ ਦਾ ਵਿਕਾਸ ਰੁਕ ਗਿਆ। ਤੇ ਉਹ ਹਰਨਾਮ ਦਾਸ ਸਹਿਰਾਈ ਦੀ ਪੱਧਰ ਦਾ ਨਾਵਲਕਾਰ ਬਣ ਕੇ ਰਹਿ ਗਿਆ।

ਜਿਸ ਸਮੇਂ ਪੰਜਾਬ ਵਿਚ ਨਕਸਲਬਾੜੀ ਲਹਿਰ ਚਲੀ ਤਾਂ ਗਾਸੋ ਵੀ ਅਸੁਭਾਵਕ ਤੌਰ ਤੇ ਉਹਦੀ ਗੱਲ ਸੁਣਨ ਲਗਾ। ਅਸੁਭਾਵਕ ਇਸ ਲਈ ਕਿਉਂਕਿ ਨਕਸਲਬਾੜੀ ਲਹਿਰ ਤੋਂ ਪਹਿਲਾਂ ਵੀ ਬਰਨਾਲਾ ਅੱਗੇ-ਵਧੂ ਲਹਿਰ ਦਾ ਤਕੜਾ ਗੜ੍ਹ ਸੀ, ਪਰੰਤੂ ਗਾਸੋ ਨੇ ਆਪਣੇ ਆਪਨੂੰ ਉਸ ਲਹਿਰ ਤੋਂ ਇਕ ਖਾਸ ਵਿੱਥ ਉਤੇ ਰਖਿਆ ਤੇ ਕਿਸੇ ਨਿਜੀ ਹਾਨੀ ਦਾ ਖਤਰਾ (ਚੌਕਸੀਮਾਲ) ਮੁਲ ਨਾ ਲਿਆ। ਇਸ ਸਮੇਂ ਦੌਰਾਨ ਉਹ ਸਾਹਿਤਕ ਤੇ ਰਾਜਸੀ ਸੰਕੀਰਨਵਾਦ ਦਾ ਰੌਲਾ ਪਾਉਂਦਾ ਰਿਹਾ ਤੇ ਆਪਣੇ ਸਾਹਿਤਕ ਵਿਅਕਤਿਤੱਵ ਨੂੰ ਖੜਾ ਕਰਨ ਲਈ ਨਵੇਂ ਨਵੇਂ ਠਮੂਣੇ ਲਭਦਾ ਤੇ ਘਾੜਤਾਂ ਘੜਦਾ ਰਿਹਾ। ਇਸ ਲਈ ਨਕਸਲਬਾੜੀ ਵਰਗੀ ਲਹਿਰ ਵਲ ਖਿਚੇ ਜਾਣਾ ਅਸੁਭਾਵਕ ਹੀ ਹੈ। ਪਰੰਤੂ ਇਸ ਲਹਿਰ ਦੇ ਸਾਹਿੱਤਕ ਘੇਰੇ ਤੋਂ ਅੱਗੇ ਉਹ ਹੁਣ ਵੀ ਨਾ ਵਧਿਆ ਤੇ 'ਭਿਟੇ' ਨਾ ਜਾ ਸਕਣ ਵਾਲੀ ਵਿੱਥ ਕਾਇਮ ਰਖੀ। ਸਾਹਿਤਕ ਤੇ ਰਾਜਸੀ 'ਸੰਕੀਰਨਵਾਦ' ਦਾ ਰੌਲਾ ਪਾਉਣ ਵਾਲਾ ਗਾਸੋ ਆਪ ਆਪਣੇ ਨਿਜੀ ਹਿਤ ਲਈ ਰਾਜਸੀ ਸੋਚ 'ਤੋਂ ਬਣੀ ਸਾਹਿਤਕ ਧੜੇਬੰਦੀ ਵਿਚ ਸ਼ਾਮਲ ਹੋ ਗਿਆ। ਇਸ ਪਿਛੇ ਜੇਕਰ ਬਹੁਤੇ ਨਕਸਲਬਾੜੀਆਂ ਵਾਂਗ ਤੰਗ ਨਜ਼ਰ ਰਾਜਸੀ ਸੋਚ ਕੰਮ ਕਰਦੀ ਹੁੰਦੀ ਤਾਂ ਗਾਸੋ ਲਈ ਵੀ ਇਸ ਧੜੇਬੰਦੀ ਵਿਚ ਸ਼ਾਮਲ ਹੋਣਾ ਜਾਇਜ਼ ਸਮਝਿਆ ਜਾ ਸਕਦਾ ਸੀ, ਪਰੰਤੂ ਜਦੋਂ ਗਾਸੋ ਦੀ ਨਕਸਲਬਾੜੀ ਲਹਿਰ ਸਬੰਧੀ ਸੋਚ ਤੇ ਸਮਝ ਓਪਰੀ ਸੀ ਅਤੇ ਲਹਿਰ ਦੇ ਅਮਲ ਨਾਲ ਇਸ ਨੂੰ ਦੂਰ ਦਾ ਵੀ ਵਾਸਤਾ ਨਹੀਂ ਸੀ, ਉਸ ਸਮੇਂ ਕੇਵਲ ਸਾਹਿਤਕ ਗੁਰਜਧਾਰੀ ਬਣਨ ਜਾਂ "ਅੰਨ੍ਹਿਆਂ ਵਿਚ ਕਾਣਾ ਰਾਜਾ" ਹੋਣ ਦੀ ਲਾਲਸਾ ਹੀ ਉਸ ਨੂੰ ਇਸ ਪਾਸੇ ਲੈ ਗਈ।

ਇਹ ਸਾਰਾ ਕੁਝ ਉਸ ਦੇ ਨਵੇਂ ਨਾਵਲ 'ਲੋਹੇ ਲਾਖੇ' ਵਿਚ ਪ੍ਰਤੱਖ ਹੋ ਜਾਂਦਾ ਹੈ। ਨਾਵਲ ਦਾ ਮੁਖ ਪਾਤਰ ਜੈਮਲ ਜਾਂ ਜੁੰਮਾ ਹੈ ਜਿਹੜਾ ਸਰੀਰਕ ਤੌਰ ਤੇ ਅਪਾਹਜ ਪੱਕੀ ਉਮਰ ਦਾ ਅਨਪੜ੍ਹ ਵਿਅਕਤੀ ਹੈ। ਤਾਂਗੇ ਵਾਲਾ ਰਹਿਣ ਫਿਰ ਚਾਹ ਦੇ ਢਾਬੇ ਵਾਲਾ ਹੋਣ ਕਾਰਨ ਹਰ ਕਿਸਮ ਦੇ ਬੰਦੇ ਨਾਲ ਵਾਹ ਪੈਣ ਸਦਕਾ ਆਮ ਲੋਕਾਂ ਤੋਂ ਕੁਝ ਤਿੱਖਾ ਹੈ। ਪਰੰਤੂ ਬਹੁਤਾ ਰਾਜਸੀ ਗਿਆਨ

ਅਮਲ ਜਾਂ ਸੋਹਬਤ ਤੋਂ ਪ੍ਰਾਪਤ ਨਹੀਂ ਕਰਦਾ ਬਲਕਿ ਗਾਸੋ ਵਾਂਗ ਉਸਦੇ ਅੰਦਰੋਂ ਹੀ ਫੁਟਦਾ ਹੈ। ਇਕ ਨਕਸਲਬਾੜੀ ਮੁੰਡਾ ਪਿਛੋਕੜ ਵਿਚ ਦਿਖਾਇਆ ਹੈ। ਉਸਦੀ ਆਪਣੀ ਸੂਝ ਤੇ ਅਮਲ ਦਾ ਵੀ ਬਹੁਤਾ ਪਤਾ ਨਹੀਂ ਲਗਦਾ ਕਿਉਂਕਿ ਗਾਸੋ ਨੇ ਨਾ ਤਾਂ ਉਸ ਤੋਂ ਕਿਤੇ ਖੁਲ੍ਹਕੇ ਰਾਜਸੀ ਗੱਲ ਕਰਾਈ ਹੈ ਅਤੇ ਨਾ ਹੀ ਕੋਈ ਉਸਦਾ ਅਮਲ ਸਾਹਮਣੇ ਲਿਆਂਦਾ ਹੈ। ਉਹ ਮੁੰਡਾ ਫਾਂਸੀ ਚੜ੍ਹਦਾ ਹੈ, ਉਸ ਨੇ ਕੀ ਕੀਤਾ ਹੈ ਜਾਂ ਉਸ ਉਤੇ ਕੀ ਝੂਠਾ ਦੋਸ਼ ਲਾਇਆ ਗਿਆ ਹੈ ਇਸਦਾ ਵੀ ਪਤਾ ਨਹੀਂ ਲਗਦਾ।

ਨਾਵਲ ਵਿਚ ਨਕਸਲਬਾੜੀ ਲਹਿਰ ਦੀ ਚਾਰੂ ਮੌਜੂਮਦਾਰ ਦੀ ਲਾਇਨ ''ਜਮਾਤੀ ਵਿਰੋਧੀਆਂ ਨੂੰ ਖਤਮ ਕਰੋ'' ਦੀ ਵਕਾਲਤ ਕੀਤੀ ਗਈ ਹੈ ਜਿਸ ਲਾਇਨ ਨੂੰ ਕਿ ਅੱਜ ਆਪ ਨਕਸਲਬਾੜੀ ਵਾਲੇ ਗਲਤ ਮੰਨਦੇ ਹਨ। ਨਾਵਲ ਵਿਚ ਜੁੰਮੇ ਦੀ ਤੇ ਕਾਂਗਰਸੀ ਦੀਸ਼ੇ ਦੀ ਵਿਰੋਧਤਾਈ ਜਮਾਤੀ ਦੁਸ਼ਮਣੀ ਹੋਣ ਦੀ ਥਾਂ ਨਿੱਜੀ ਦੁਸ਼ਮਣੀ ਬਣ ਕੇ ਬਹੁਤੀ ਉਭਰਦੀ ਹੈ। ਇਸ ਲਈ ਜੁੰਮੇਂ ਹੱਥੋਂ ਦੀਸ਼ੇ ਦਾ ਕਤਲ ਇਕ ਰਾਜਸੀ ਕਤਲ ਲੱਗਣ ਦੀ ਥਾਂ ਨਿਜੀ ਕਿੜ ਕੱਢਣ ਵਾਲਾ ਕਤਲ ਵੱਧ ਲੱਗਦਾ ਹੈ। ਨਾਵਲ ਵਿਚ ਸਰਪੰਚ ਦਾ ਚਿਤਰ ਕੁਝ ਵਾਸਤਵਿਕ ਹੈ ਕਿਉਂਕਿ ਧਨੀ ਕਿਸਾਨਾਂ ਦਾ ਇਕ ਛੋਟਾ ਜਿਹਾ ਹਿੱਸਾ ਨਕਸਲਬਾੜੀ ਲਹਿਰ ਤੋਂ ਜਜ਼ਬਾਤੀ ਤੌਰ ਤੇ ਪ੍ਰਭਾਵਤ ਸੀ ਤੇ ਇਸ ਲਈ ਮੂੰਹ ਜ਼ਬਾਨੀ ਇਨਕਲਾਬ ਲਿਆਉਂਦਾ ਸੀ ਤੇ ਦੂਰੋਂ ਵਾਹ ਵਾਹ ਕਰਦਾ ਸੀ। ਇਸ ਲਈ ਸਰਪੰਚ ਦਾ ਨਕਸਲੀ ਮੁੰਡਿਆਂ ਨੂੰ ਪਨਾਹ ਦੇਣਾ ਤੇ ਫਿਰ ਛੇਤੀ ਪੇਸ਼ ਹੋਣ ਦੀ ਕਾਹਲ ਕਰਨਾ ਵਾਸਤਵਿਕ ਹੀ ਹੈ। ਪਰੰਤੂ ਅਜਿਹੇ ਕੰਮ ਲਈ ਜੁੰਮੇ ਵਰਗੇ ਜਾਂ ਤਾਂਗੇ ਵਾਲੇ ਕੰਮ ਨਹੀਂ ਆਉਂਦੇ ਉਹ ਹੋਰ ਹੀ ਹੁੰਦੇ ਹਨ, ਗਾਸੋ ਨੇ ਉਹਨਾਂ ਦਾ ਜ਼ਿਕਰ ਨਹੀਂ ਕੀਤਾ।

ਗਾਸੋ ਨੇ ਆਪਣੀ ਲਿਖਤ ਵਿਚ ਵਿਅਕਤੀਗਤ ਕਤਲਾਂ ਦੀ ਗੱਲ ਨੂੰ ਵਧ ਉਭਾਰਿਆ ਹੈ, ਉਹਨਾਂ ਪਿਛੇ ਰਾਜਸੀ ਸੋਚ ਜਾਂ ਜਮਾਤੀ ਸੋਚ ਨੂੰ ਨਹੀਂ। ਉਹਨੇ ਕਤਲਾਂ ਦੀ ਰਾਜਸੀ ਵਿਆਖਿਆ ਕਰਕੇ ਸਿਧਾਂਤਕ ਤੌਰ ਤੇ ਦਰੁਸਤ ਵੀ ਨਹੀਂ ਠਹਿਰਾਇਆ। ਇਸ ਤੋਂ ਪ੍ਰਤੱਖ ਹੈ ਕਿ ਗਾਸੋ ਨੂੰ ਆਪ ਇਸ ਦਾ ਗਿਆਨ ਨਹੀਂ ਸੀ ਤੇ ਉਹਦੀ ਸੋਚ ਕੇਵਲ ਕਤਲਾਂ ਦੇ ਜਜ਼ਬਾਤੀ ਪੱਖ ਤਕ ਹੀ ਸੀਮਤ ਸੀ।

ਗਾਸੋ ਨੇ ਸਭ ਤੋਂ ਵਧ ਜ਼ੋਰ ਇਕ ਗੈਰ-ਰਾਜਸੀ ਪਾਤਰ ਮਾਕੇ ਨੂੰ ਉਭਾਰਨ ਉਤੇ ਲਾਇਆ ਹੈ ਅਤੇ ਕਾਫ਼ੀ ਹੱਦ ਤਕ ਇਸ ਵਿਚ ਸਫ਼ਲ ਹੋਇਆ ਹੈ। ਇਹੋ ਜਿਹੇ ਪਾਤਰ ਸਾਡੇ ਸ਼ਹਿਰੀ ਜੀਵਨ ਵਿਚ ਆਮ ਮਿਲ ਜਾਂਦੇ ਹਨ। ਉਸ ਦਾ ਚਿਤਰ ਵੀ ਵਾਸਤਵਿਕ ਹੈ। ਪਰ ਇਸ ਪਿਛੇ ਵੀ ਗਾਸੋ ਦੀ ਗੈਰ ਜਮਾਤੀ ਸੋਚ ਪ੍ਰਤੱਖ ਹੈ। ਮਾਕਾ ਗ਼ਰੀਬ ਜਮਾਤ ਵਿਚੋਂ ਹੈ, ਕੁਰੱਪਟ ਹੋ ਗਿਆ ਹੈ। ਇਕ ਗ਼ਰੀਬ ਦਾ ਕੁਰਪਟ ਹੋਣਾ ਦੱਸ ਕੇ ਗਾਸੋ ਕਿਸ ਜਮਾਤ ਦੇ ਪੱਖ ਵਿਚ ਖੜੋਂਦਾ ਹੈ? ਧਨੀ ਸਦਾ ਤੋਂ ਹੀ ਗ਼ਰੀਬ ਨੂੰ ਕਮੀਨਾ ਤੇ ਬੇਈਮਾਨ ਦਸਦੇ ਆਏ ਹਨ, ਗਾਸੋ ਨੇ ਇਹੋ ਕਰ ਦਿਖਾਇਆ ਹੈ। ਸ਼ੀਲੋ ਖੜਰਾਣੀ ਦਾ ਕੁਰੱਪਟ ਹੋ ਜਾਣਾ ਵੀ ਸੁਭਾਵਕ ਹੈ। ਅਜੋਕੇ ਸ਼ਹਿਰੀ ਨਿਮਨ-ਮਧ-ਵਰਗ ਵਿਚ ਫੈਲ ਰਹੀ ਕੁਰੱਪਸ਼ਨ ਆਮ ਹੈ, ਪਰ ਇਕ ਚੇਤਨ ਕਲਾਕਾਰ ਦਾ ਕਰਤੱਵ ਕੇਵਲ ਗੰਦ ਨੂੰ ਫਰੋਲਣਾ ਨਹੀਂ ਬਲਕਿ ਇਸ ਦੇ ਕਾਰਨਾਂ ਦਾ ਜ਼ਿਕਰ ਕਰਕੇ, ਉਹਨਾਂ ਨੂੰ ਖਤਮ ਕਰਨ ਲਈ ਸੰਘਰਸ਼ ਦੀ ਪ੍ਰੇਰਨਾ ਦੇਣੀ ਤੇ ਕੁਰੱਪਸ਼ਨ ਵਿਰੁਧ ਨਫਰਤ ਖੜੀ ਕਰਨੀ ਜ਼ਰੂਰੀ ਹੈ। ਪਰ ਗਾਸੋ ਇਹ ਕੁਝ ਵੀ ਨਹੀਂ ਕਰ ਸਕਿਆ। ਉਹਨੇ ਸ਼ੀਲੋ ਦੇ ਪਤੀ ਦੀ ਗ਼ਰੀਬੀ ਤੇ ਈਮਾਨਦਾਰੀ ਦੀ ਖਿੱਲੀ ਉਡਾਈ ਹੈ।

ਉਸ ਨੂੰ ਹਮਦਰਦੀ ਦਾ ਪਾਤਰ ਬਣਾਉਣ ਦੀ ਥਾਂ ਨਫ਼ਰਤ ਦਾ ਪਾਤਰ ਬਣਾਇਆ ਹੈ ਜੋ ਗਾਸੋ ਦੀ ਗੈਰ-ਜਮਾਤੀ ਸੋਚ ਦਾ ਹੋਰ ਪ੍ਰਮਾਣ ਹੈ ।

ਗਾਸੋ ਨੇ ਅੱਜੋਕੇ ਚੋਣ ਪ੍ਰਬੰਧ ਦਾ ਵੀ ਵਰਣਨ ਕੀਤਾ ਹੈ ; ਇਸ ਵਿਚ ਹੋਣ ਵਾਲੀਆਂ ਹੇਰਾ ਫੇਰੀਆਂ ਦੀ ਕੋਈ ਡੂੰਘੀ ਪੁਣ-ਛਾਣ ਕਰਕੇ ਨਕਸਲਬਾੜੀਆਂ ਵਾਂਗ ਚੋਣਾਂ ਵਿਚ ਹਿਸਾ ਨਾ ਲੈਣ ਦਾ ਨਾਅਰਾ ਨਹੀਂ ਦਿਤਾ । ਨਾ ਹੀ ਹੇਰਾ ਫੇਰੀਆਂ ਦਾ ਮੰਤਕੀ ਸਿੱਟਾ ਚੋਣਾਂ ਦਾ ਬਾਈਕਾਟ ਕਢਿਆ ਹੈ । ਇਥੇ ਫਿਰ ਗਾਸੋ ਚੌਕਸੀ ਨਾਲ ਆਪਣੇ ਆਪ ਨੂੰ ਰਾਜਸੀ ਨਿਰਣੈ ਤੋਂ ਬਚਾ ਗਿਆ ਹੈ । ਕਿਉਂਕਿ ਇਸੇ ਇਕ ਨੁਕਤੇ ਨੇ ਰਾਜਸੀ ਤੌਰ ਤੇ ਪ੍ਰਤਿਬੱਧ ਹੋਣ ਦਾ ਫ਼ੈਸਲਾ ਕਰਨਾ ਸੀ ਪਰ ਗਾਸੋ ਨੇ ਕੋਈ ਫੈਸਲਾ ਨਹੀਂ ਦਿਤਾ ।

ਗਾਸੋ ਨੇ ਪੌਣੀ ਦਰਜਨ ਨਾਵਲ ਲਿਖ ਕੇ ਵੀ ਬੋਲੀ ਵਲ ਕੋਈ ਧਿਆਨ ਨਹੀਂ ਦਿਤਾ । ਉਸ ਦੇ ਸ਼ਬਦ ਜੋੜ ਗਲਤ ਤੇ ਉਚਾਰਨ ਅਤਿ ਗੰਵਾਰੂ ਕਿਸਮ ਦਾ ਹੈ । ਠੀਕ ਹੈ, ਲੋਕਾਂ ਦੀ ਬੋਲੀ ਲਿਖਤਾਂ ਵਿਚ ਵਰਤਣੀ ਚਾਹੀਦੀ ਹੈ, ਪਰ ਇਸ ਨੂੰ ਸਾਹਿਤਕ ਬੋਲੀ ਦਾ ਦਰਜਾ ਨਹੀਂ ਦਿਤਾ ਜਾ ਸਕਦਾ । ਗਾਸੋ ਨੇ ਚਿੱਠਿਆਂ ਦੀ ਭਾਸ਼ਾ ਨੂੰ ਸਾਹਿਤਕ ਬੋਲੀ ਬਣਾਉਣ ਦਾ ਯਤਨ ਕੀਤਾ ਹੈ, ਜਿਸ ਤੋਂ ਉਹਦੀ ਕਲਾਕਾਰੀ ਨਹੀਂ ਉਭਰਦੀ ਬਲਕਿ ਬੋਲੀ ਬਾਰੇ ਅਗਿਆਨਤਾ ਪ੍ਰਤੱਖ ਹੁੰਦੀ ਹੈ ।

ਚੰਗਾ ਹੋਵੇ ਜੇਕਰ ਗਾਸੋ ਥੋਕ ਲਿਖਾਰੀ ਬਣਨ ਤੇ ਸਥਾਪਣੀ ਦੀ ਲੋਰ ਵਿਚ ਅੱਕੀਂ ਪਲਾਹੀਂ ਹੱਥ ਪਾਉਣੇ ਛੱਡ ਕੇ ਆਪਣੀ ਸੂਝ ਤੇ ਕਲਾ ਦਾ ਵਿਕਾਸ ਕਰੇ । ਉਹਦੇ ਵਿਚ ਨਾਵਲਕਾਰ ਬਣ ਸਕਣ ਦੀ ਪ੍ਰਤਿਭਾ ਹੈ । ਪਰ ਇਹ ਉਹਦੀ ਅੰਤਰਮੁਖੀ ਮਧ-ਸ਼੍ਰੇਣਿਕ ਸੋਚ ਕਾਰਨ ਅਪਾਹਜੀ ਪਈ ਹੈ । ਉਹ ਇਸ ਦਾ ਤਿਆਗ ਕਰੇ ।

ਸੁਰਜੀਤ ਗਿੱਲ

## ਹੋ ਚੀ ਮਿੰਨ੍ਹ—ਮਹਾਂ ਕਾਵਿ

ਪੰਜਾਬੀ ਸਾਹਿਤ ਵਿਚ ਅਜੇ ਤਕ ਐਵੇਂ ਗਿਣਤੀ ਦੇ ਮਹਾਂਕਾਵਿ ਹੀ ਰਚੇ ਗਏ ਹਨ । ਇਨ੍ਹਾਂ ਸਾਰਿਆਂ ਵਿਚ ਹੀ ਲੇਖਕ ਦਾ ਧਿਆਨ ਲਗਪਗ ਵਿਅਕਤੀ ਵਿਸ਼ੇਸ਼ ਤੇ ਹੀ ਕੇਂਦਰਿਤ ਰਿਹਾ ਤੇ ਸ਼ਖ਼ਸੀ ਪੂਜਾ ਵਰਗੀ ਲਾਹਣਤ ਇਨ੍ਹਾਂ ਦਾ ਮੂਲ ਨਿਸ਼ਾਨਾ ਰਹੀ ਹੈ । ਪਰ ਨਿਰੰਜਣ ਸਿੰਘ 'ਨੂਰ' ਦੇ ਮਹਾਂ ਕਾਵਿ ਦਾ ਪਿੜ ਕਿਸੇ ਵਿਅਕਤੀ ਵਿਸ਼ੇਸ਼ ਨੇ ਨਹੀਂ ਮੱਲਿਆ ਸਗੋਂ ਇਹ ਪਿੜ ਆਮ ਲੋਕਾਂ ਦੀਆਂ ਬਰੂਹਾਂ ਤੀਕ ਫੈਲਿਆ ਹੈ । ਨੂਰ ਨੇ ਹੋਚੀ ਮਿੰਨ੍ਹ ਨੂੰ ਕਿਸੇ ਪਰਾਲੋਕ ਦਾ ਜਾਮਾ ਨਹੀਂ ਪਹਿਨਾਇਆ ਸਗੋਂ ਉਸਨੂੰ ਲੋਕਾਂ ਦੀ ਅਦਾਲਤ ਵਿਚ ਰਖਕੇ ਬਿਆਨਿਆ ਹੈ । ਹੋਚੀਮਿੰਨ੍ਹ ਮਹਾਨ ਹੈ ਕਿਉਂਕਿ ਵੀਅਤਨਾਮ ਦੇ ਲੋਕ ਮਹਾਨ ਨੇ । ਉਹ ਕੋਈ ਅਲੋਕਾਰੀ ਪੈਗੰਬਰ ਬਣਕੇ ਧਰਤੀ ਤੇ ਅਵਤਾਰ ਨਹੀਂ ਧਾਰਦਾ । ਜਦੋਂ ਉਹ ਜੰਮਿਆ ਤਾਂ—

ਨਾ ਕਿਸੇ ਆਕਾਸ਼ ਚੋਂ
ਕੋਈ ਪਰੀ ਆਈ
ਨਾ ਕਿਸੇ ਫ਼ਰਜ਼ੀ ਸੁਰਗ 'ਚੋਂ

ਵਿਹਲੜਾਂ ਫ਼ਰਿਸ਼ਤਿਆਂ ਨੇ ਫੁੱਲ ਕੇਰੇ ।

ਉਹ ਆਮ ਲੋਕਾਂ ਵਾਂਗ ਜੰਮਿਆ, ਆਮ ਲੋਕਾਂ ਵਾਂਗ ਪਲਿਆ । ਉਹ ਕਿਸੇ ਕ੍ਰਿਸ਼ਨ ਵਾਂਗ ਕੰਸ ਦਾ ਸਿੰਘਾਰ ਕਰਨ ਲਈ ਧਰਤੀ ਤੇ ਨਹੀਂ ਆਇਆ ਸੀ ਜਾਂ ਸੱਤ ਚੋਟੀਆਂ ਵਾਲੇ ਪਹਾੜ 'ਚੋਂ ਪੂਜਾ ਕਰਦਾ ਵੈਰੀਆਂ ਦਾ ਨਾਸ਼ ਕਰਨ ਲਈ ਹੇਠਾਂ ਨਹੀਂ ਸੀ ਉੱਤਰਿਆ । ਸਗੋਂ ਉਹ ਤਾਂ ਧਰਤੀ ਦਾ ਪੁੱਤ ਸੀ, ਧਰਤੀ ਦੀਆਂ ਮਹਿਕਾਂ ਵਰਗਾ, ਧਰਤੀ ਦੀਆਂ ਪੀੜਾਂ ਵਰਗਾ ।

ਨੂਰ ਦੀ ਜਮਾਤੀ ਸੂਝ ਬਹੁਤ ਸਪਸ਼ਟ ਹੈ ਅਤੇ ਇਸ ਮਹਾਂਕਾਵਿ ਵਿਚ ਥਾਂ ਥਾਂ ਪ੍ਰਗਟ ਹੁੰਦੀ ਹੈ । ਉਸਨੂੰ ਮਜ਼ਲੂਮਾਂ ਦਾ ਵੀ ਪਤਾ ਹੈ, ਚੋਰਾਂ ਦਾ ਵੀ ਪਤਾ ਹੈ ਤੇ ਇਹਨਾਂ ਦੀ ਸੜੀ-ਬੁਸੀ ਪਰ ਬਹੁਤ ਹੀ ਭਿਆਨਕ ਜ਼ਹਿਨੀਅਤ ਦਾ ਵੀ । ਉਸ ਲਈ ਵੀਅਤਨਾਮ ਦੇ ਮਜ਼ਦੂਰ ਜਾਂ ਫਰਾਂਸ-ਇੰਗਲਿਸਤਾਨ ਦੇ ਮਜ਼ਦੂਰ ਵਿਚ ਕੋਈ ਫ਼ਰਕ ਨਹੀਂ ਤੇ ਜ਼ਾਲਮ ਭਾਵੇਂ ਕਿਸੇ ਥਾਂ ਦਾ ਵੀ ਹੋਵੇ ਉਹ ਜ਼ਾਲਮ ਹੈ ਤਦੇ ਹੀ ਉਹ ਕਹਿੰਦਾ ਹੈ :

ਮਜ਼ਦੂਰ ਦੇ ਲਹੂ ਦਾ ਇਕੋ ਰੰਗ ਹੈ
ਚੋਰਾਂ ਦਾ ਲਹੂ ਤਾਂ ਚਿੱਟਾ ਹੋ ਗਿਆ
ਹਾਂ ਇਨ੍ਹਾਂ ਸੱਪਾਂ ਦਾ ਇਕੋ ਡੰਗ ਹੈ ।

ਆਪਣੇ ਦੁਸ਼ਮਨ ਨਾਲ ਜੂਝਣ ਲਈ ਉਹਨਾਂ ਪ੍ਰਤੀ ਅੰਤਾਂ ਦੀ ਨਫਰਤ ਦਾ ਹੋਣਾ ਜ਼ਰੂਰੀ ਹੈ । ਲੂ ਸ਼ਨ ਦਾ ਕਥਨ ਹੈ : 'ਜਿਹੜੇ ਮਾਰ ਸਕਦੇ ਨੇ ਉਹੀ ਜ਼ਿੰਦਗੀ ਹੰਢਾ ਸਕਦੇ ਨੇ ਤੇ ਜਿਨ੍ਹਾਂ ਨੂੰ ਨਫ਼ਰਤ ਕਰਨੀ ਆਉਂਦੀ ਹੈ ਉਹੀਓ ਮੁੱਹਬਤ ਕਰ ਸਕਦੇ ਨੇ ।" ਨੂਰ ਵੀ ਇਸ ਸੱਚ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ । ਇਸੇ ਲਈ ਉਹ ਆਖਦਾ ਹੈ ਕਿ ਆਪਣੇ ਦੁਸ਼ਮਨ ਨਾਲ ਉਹੀ ਲੋਕ ਲੜ ਸਕਦੇ ਨੇ :

ਲੋਕ ਜਿਹੜੇ ਰੱਜਕੇ ਨਫ਼ਰਤ ਕਰਨ
ਆਪਣੇ ਸ਼ਤਰੂ ਨੂੰ ਗੁਲਾਮੀ ਨੂੰ ਅਤੇ ਆਰਾਮ ਨੂੰ ।

ਕਿਉਂਕਿ ਨਫ਼ਰਤ ਬੰਬ ਨਾਲੋਂ ਬਹੁਤਾ ਚਿਰ ਧੁਖ਼ਦੀ ਰਹਿੰਦੀ ਹੈ । ਇਸੇ ਸਚਾਈ ਨੂੰ ਅੱਗੇ ਜਾਕੇ ਫਿਰ ਉਘਾੜਦਾ ਹੈ :

ਜਿਨ੍ਹਾਂ ਦੀ ਨਫ਼ਰਤ ਹੈ ਊਣੀ
ਪਿਆਰ ਵੀ ਊਣਾ ਉਨ੍ਹਾਂ ਦਾ ।

ਹਰ ਕਲਾਕਾਰ ਨੂੰ ਇਕ ਵਿਚਾਰਧਾਰਾ ਨਾਲ ਪ੍ਰਤੀਬੱਧ ਹੋਣਾ ਲਾਜ਼ਮੀ ਹੈ । ਇਕ ਧਿਰ ਨਾਲ ਪ੍ਰਤੀਬੱਧ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ । ਇਸ ਮਹਾਂ ਕਾਵਿ ਵਿਚ ਵੀ ਉਹ ਲੋਕਾਂ ਪ੍ਰਤੀ ਵਫ਼ਾਦਾਰੀ ਦੀ ਹਿੱਕ ਥਾਪੜਦਾ ਆਖਦਾ ਹੈ :

ਕਵੀ ਵਚਨਬਧ ਹੋਂਵਦਾ
ਮਾਨੁੱਖਤਾ ਦੇ ਨਾਲ
ਆਪਣੀ ਪੀੜ ਨਾ ਗੌਲਦਾ
ਜੱਗ ਲਈ ਹੋਏ ਹਲਾਲ ।

ਨੂਰ ਨੂੰ ਪਤਾ ਹੈ ਕਿ ਕੋਈ ਵੀ ਜਮਾਤ ਮਿੰਨਤਾਂ ਤਰਲਿਆਂ ਨਾਲ ਰਾਜਸੱਤਾ ਆਪਣੀ ਦੁਸ਼ਮਣ ਜਮਾਤ ਨੂੰ ਨਹੀਂ ਸੌਂਪਿਆ ਕਰਦੀ । ਮਹਾਂ ਕਾਵਿ ਵਿਚ ਇਸ ਮੂਲ ਤੱਥ

ਦੀ ਪ੍ਰੋੜ੍ਹਤਾ ਕਰਕੇ ਉਹ ਭਾਰਤ ਵਿਚਲੀਆਂ ਉਨ੍ਹਾਂ ਇਨਕਲਾਬੀ ਪਾਰਟੀਆਂ ਦੀ ਲਾਈਨ ਨੂੰ ਦਰੁਸਤ ਕਹਿੰਦਾ ਹੈ ਜਿਹੜੀਆਂ ਸੋਧਵਾਦ ਤੇ ਖੱਬੀ ਮਾਅਰਕੇਬਾਜ਼ੀ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੀਆਂ ਹੋਈਆਂ ਸੱਚੇ ਮਾਰਕਸੀ-ਲੈਨਿਨੀ ਰਾਹ ਤੇ ਟੁਰ ਰਹੀਆਂ ਹਨ। ਨੂਰ 'ਅੰਕਲ ਹੋ' ਦੇ ਮੂੰਹੋਂ ਇਹ ਸ਼ਬਦ ਕਹਾਕੇ ਸ਼ਾਂਤਮਈ ਪਰਿਵਰਤਣ ਵਰਗੇ ਕੂਲੇ ਕਪਟ ਦੇ ਮੂੰਹ ਉਤੇ ਚਪੇੜ ਮਰਵਾਉਂਦਾ ਹੈ।

ਹੰਝੂਆਂ ਨਾਲ ਨਾ ਪੱਥਰ ਭਿੱਜਦੇ
ਹਉਕਿਆਂ ਨਾਲ ਸਰਾਪ ਨਾ ਸੜਦੇ
ਤਰਲਿਆਂ ਨਾਲ ਕਦੋਂ ਰੱਬ ਮਿਲਦਾ।

ਤੇ ਅੱਗੇ ਜਾਕੇ ਗੌਤਮ ਦੇ ਸ਼ਾਂਤਮਈ ਸਿਧਾਂਤ ਦੀ ਛਿੱਲ ਇੰਝ ਲਾਹੁੰਦਾ ਹੈ—

ਨਾਲੇ ਕਾਫ਼ਰ ਬੁੱਧ ਦਾ
ਭੁੱਲੋ ਕੂੜ ਗਿਆਨ
ਇਹਦੇ ਆਵਾ ਗੌਣ ਨੂੰ
ਮੰਨਣ ਸਿਰਫ਼ ਪਲੀਤ।

ਨੂਰ ਦੀ ਸਾਦਗੀ ਦਾ ਕਮਾਲ ਹੈ ਕਿ ਕਿਤੇ ਵੀ ਉਹ ਜ਼ੋਰ ਲਾਕੇ ਹੋਚੀ ਮਿੰਨ੍ਹ ਦੀ ਮਹਾਨਤਾ ਨੂੰ ਉਘਾੜਦਾ ਨਹੀਂ। ਸੁਤੇ ਸਿੱਧ ਸਾਡੇ ਉਤੇ ਉਸਦੀ ਅਦੁੱਤੀ ਸਖ਼ਸ਼ੀਅਤ ਦਾ ਅਸਰ ਪੈਂਦਾ ਜਾਂਦਾ ਹੈ। ਆਮ ਮਨੁੱਖ ਵਾਂਗ ਉਹ ਖੁਸ਼ੀਆਂ ਗ਼ਮੀਆਂ ਝੇਲਦਾ ਹੈ, ਪੀੜ ਮਹਿਸੂਸ ਕਰਦਾ ਹੈ ਤੇ ਲੋਕਾਂ ਦੇ ਪੈਰਾਂ ਦੀ ਧੂੜ ਵਾਂਗ ਨਿਮਰ ਜਾਪਦਾ ਹੈ। ਜਦੋਂ ਉਹ ਪੈਰਿਸ ਸਮਝੌਤੇ ਬਾਰੇ ਆਪਣੇ ਲੋਕਾਂ ਦੇ ਮਨਾਂ ਵਿਚ ਸ਼ੱਕ ਦੀ ਬੂ ਮਹਿਸੂਸਦਾ ਹੋਇਆ ਉਸਨੂੰ ਦੂਰ ਕਰਨ ਲਈ ਅਰਜ਼ ਕਰਦਾ ਹੈ ਤਾਂ ਉਸਦੀਆਂ ਭੁੱਬਾਂ ਨਿੱਕਲ ਜਾਂਦੀਆਂ ਹਨ:

ਮੈਂ ਧੋਖਾ ਦੇ ਜਾਵਾਂ
ਆਪਣੀ ਕੌਮ ਨੂੰ
ਹਾਏ ਮੈਂ ਮਰ ਨਾ ਜਾਵਾਂ
ਏਦਾਂ ਸੋਚਕੇ
.......................
....................
ਸੀਨਾ ਪਾੜ ਵਿਖਾਵਾਂ
ਉਹ ਭੁੱਬੀਂ ਰੋ ਪਿਆ!

ਆਪਣੇ ਲੋਕਾਂ ਸਾਹਵੇਂ ਰੋਣਾ ਵੀ ਕੇਹੀ ਮਹਾਨ ਨਿਮਰਤਾ ਹੈ!

ਸਰਮਾਏਦਾਰੀ ਦੇ ਚਿੱਤ 'ਚ ਨਸਲੀ ਤੇ ਰੰਗ ਦੇ ਆਧਾਰ ਤੇ ਪਲਦੇ ਵਿਤਕਰੇ ਬਾਰੇ ਵੀ ਕਵੀ ਬਹੁਤ ਸੁਚੇਤ ਹੈ। ਲੜਾਈ 'ਚ ਮਰਦੇ ਨੀਗਰੋ ਸਿਪਾਹੀ ਦੀ ਲਾਸ਼ ਨੂੰ ਗੋਰਿਆਂ ਦੇ ਮੁਰਦਾਘਾਟ 'ਚ ਥਾਂ ਨਹੀਂ ਮਿਲਦੀ। ਇਸ ਧਰਤੀ ਤੇ ਕਾਲੀ ਚਮੜੀ ਵੀ ਕੇਡੀ ਲਾਹਣਤ ਹੈ। ਕੇਹਾ ਸੁਹਣਾ ਬਿਆਨ ਹੈ ਨੂਰ ਦਾ:

ਕਾਲੀਏ! ਇਹ ਚਿੱਟਾ ਕਬਰਸਤਾਨ ਹੈ
ਲਾਡਲੇ ਤੇਰੇ ਦੀ ਕਾਲੀ ਲਾਸ਼ ਲਈ

ਚਿੱਟੇ ਕਬਰਸਤਾਨ ਅੰਦਰ ਥਾਂ ਨਹੀਂ !

ਹੁਣ ਕੁੱਝ ਸ਼ਬਦ ਇਸ ਮਹਾਂ ਕਾਵਿ ਦੇ ਰੂਪਕ ਪੱਖ ਬਾਰੇ—ਇਸ ਦਾ ਬਹੁਤਾ ਹਿੱਸਾ ਖੁੱਲ੍ਹੇ ਰੂਪ ਵਿਚ ਲਿਖਿਆ ਗਿਆ ਹੈ ਪਰ ਕਈ ਥਾਵੇਂ ਛੰਦ ਬੱਧ ਕਵਿਤਾ ਆਪਣਾ ਵੱਖਰਾ ਸੁਆਦ ਵੀ ਦਿੰਦੀ ਹੈ। ਕਵਿਤਾ ਵਿਚ ਕਮਾਲ ਦੀ ਰਵਾਨਗੀ ਹੈ, ਲੈਅ ਹੈ, ਸੁਰ ਹੈ ਤੇ ਗਲੋਟੇ ਵਾਂਗ ਉੱਧੜਦੀ ਹੈ। ਸਾਰੇ ਮਹਾਂ ਕਾਵਿ ਨੂੰ ਨਾਇਕ ਦੇ ਵਿਕਾਸ ਦੇ ਹਿਸਾਬ ਸਿਰ ਵੱਖ ਵੱਖ ਪਾਠਾਂ 'ਚ ਵੰਡਿਆ ਗਿਆ ਹੈ। ਇਹ ਪਾਠਕ ਦੀ ਸਪਸ਼ਟਤਾ ਲਈ ਬਹੁਤ ਵਧੀਆ ਢੰਗ ਹੈ। ਇਕ ਵੀ ਅਜਿਹੀ ਸਤਰ ਨਹੀਂ ਮਿਲਦੀ ਜਿਹੜੀ ਅਸਪਸ਼ਟਤਾ ਦਾ ਸ਼ਿਕਾਰ ਹੋਈ ਆਧੁਨਿਕ ਕਵਿਤਾ ਦੇ ਕੂੜੇ ਵਾਂਗ ਪਚ ਨਾ ਸਕੇ।

ਨੂਰ ਨੇ ਇਸ ਮਹਾਂ ਕਾਵਿ ਤੇ ਬਹੁਤ ਮਿਹਨਤ ਕੀਤੀ ਜਾਪਦੀ ਹੈ। ਇਸ ਵਿਚਲੀਆਂ ਤਸ਼ਬੀਹਾਂ ਬਹੁਤ ਹੀ ਢੁੱਕਵੀਆਂ ਤੇ ਜਾਨ ਵਾਲੀਆਂ ਹਨ। ਕਿਧਰੇ ਵੀ ਦੁਹਰਾਅ ਨਹੀਂ ਕੀਤਾ ਗਿਆ। ਪ੍ਰੋ: ਮੋਹਣ ਸਿੰਘ ਵਰਗੀ ਸੁਹਣੀ ਕਵਿਤਾ ਲਿਖਣ ਦਾ ਕਮਾਲ ਨੂਰ ਨੂੰ ਹਾਸਿਲ ਹੈ। ਉਸ ਦੀ ਖ਼ੂਬਸੂਰਤ ਕਵਿਤਾ ਦੇ ਕੁੱਝ ਨਮੂਨੇ ਪੇਸ਼ ਹਨ :

ਹੀਰ ਨੂੰ ਕਿਥੇ ਝੁਕਾਓਗੇ
ਸਿਆਲੋ, ਖੇੜਿਓ
ਹੱਕ ਹੱਕ ਕਰਦਾ ਜਦੋਂ ਸਾਰਾ ਹਜ਼ਾਰਾ ਆ ਗਿਆ।

——

ਡਿਨ ਬਿਨ ਫੂ ਦੇ ਤਿੰਨ ਸ਼ਬਦ
ਹੋਚੀ ਮਿੰਨ੍ਹ ਦੇ ਤਿੰਨ
ਹਰ ਪੀੜਤ ਇਨਸਾਨ ਲਈ
ਆਜ਼ਾਦੀ ਦੇ ਚਿੰਨ੍ਹ !

——

ਕਾਫ਼ਰ ਸੂਹੇ ਰੰਗ ਦੇ
ਸੂਲਾਂ ਤੇ ਮੁਸਕਾਣ
ਜੋ ਡਾਲਰ ਦੇ ਰੱਬ ਨੂੰ
ਕਦੀ ਨਾ ਸੀਸ ਨਿਵਾਣ !

ਹੋਚੀ ਮਿੰਨ੍ਹ ਦੀਆਂ ਨਜ਼ਮਾਂ ਵਾਲਾ ਹਿੱਸਾ ਸੱਭ ਤੋਂ ਖ਼ੂਬਸੂਰਤ ਕਿਹਾ ਜਾ ਸਕਦਾ ਹੈ। ਨੂਰ ਨੇ ਬਹੁਤ ਖ਼ੂਬਸੂਰਤ ਤੇ ਮੌਕੇ ਨਾਲ ਢੁੱਕਦੀਆਂ ਕਵਿਤਾਵਾਂ ਦੀ ਚੋਣ ਕਰ ਕੇ ਮਹਾਂ ਕਾਵਿ ਦੀ ਸੁੰਦਰਤਾ ਨੂੰ ਹੋਰ ਲਿਸ਼ਕਾਇਆ ਹੈ। ਉਨ੍ਹਾਂ ਦਾ ਅਨੁਵਾਦ ਨੂਰ ਦੀ ਅਸਲ ਕਵਿਤਾ ਦੀ ਰੂਹ ਦੇ ਬਹੁਤ ਨੇੜੇ ਜਾਪਦਾ ਹੈ।

'ਉਸਾਰੀ' ਤੇ 'ਹਨੋਈ' ਵਾਲੇ ਪਾਠਾਂ 'ਚ ਕੁੱਝ ਲਟਕਾਅ ਜਿਹਾ ਮਹਿਸੂਸ ਹੁੰਦਾ ਹੈ। ਪਰ ਸਮੁੱਚੇ ਤੌਰ ਤੇ ਨੂਰ ਦੀ ਮਿਹਨਤ ਸਫਲ ਹੈ ਤੇ ਉਹ ਬਿਲਾਸ਼ੱਕ ਵਧਾਈ ਦਾ ਹੱਕਦਾਰ ਹੈ। ਉਸ ਤੋਂ ਪੰਜਾਬੀ ਮਾਂ ਨੂੰ ਬਹੁਤ ਕੁੱਝ ਹੋਰ ਦੀ ਆਸ ਹੈ।

ਜਿਹੜੀ ਗੱਲ ਇਸ ਕਿਤਾਬ ਬਾਰੇ ਸੱਭ ਤੋਂ ਵੱਧ ਚੁੱਭਦੀ ਹੈ ਉਹ ਹੈ ਇਸ ਦੀ ਕੀਮਤ।

ਪੰਜਾਬੀ ਦੇ ਮੰਦੇ ਭਾਗ । ਸਾਡੀ ਕੌਮ ਅੱਗੇ ਹੀ ਸੱਭਿਆਚਾਰਕ ਤੌਰ ਤੇ ਨਿੱਘਰੀ ਹੋਈ ਹੈ ਪਰ ਜੇ ਕੋਈ ਟਾਵਾਂ ਟੱਲਾ ਪੜ੍ਹਦਾ ਹੈ ਉਹ ਵੀ ਏਨੀ ਮਹਿੰਗੀ ਕਿਤਾਬ ਖ਼ਰੀਦ ਨਹੀਂ ਸਕਦਾ । ਕੀ ਨੂਰ ਨੂੰ ਪਤਾ ਨਹੀਂ ਕਿ ਉਸ ਦੇ ਲੋਕ ਬਹੁਤ ਗਰੀਬ ਨੇ ? ਲੋਕਾਂ ਦਾ ਕਵੀ ਹੋਣ ਤੇ ਵੀ ਨੂਰ ਪਤਾ ਨਹੀਂ ਕਿੱਦਾਂ ਇਹ ਕੀਮਤ ਰੱਖਣ ਤੂੰ ਸਹਿਮਤ ਹੋ ਗਿਆ । ਉਸ ਨੂੰ ਯਕੀਨਨ ਇਸ ਦੇ ਵਿਰੁੱਧ ਸਟੈਂਡ ਲੈਣਾ ਚਾਹੀਦਾ ਸੀ ।

ਸੋਹਣ ਢੰਡ

## ਕੱਚੀ ਮਿੱਟੀ ਦੇ ਬੌਨੇ

'ਏਕਮ' ਤੋਂ ਪੂਰੇ ਛੇ ਵਰ੍ਹੇ ਬਾਅਦ ਫ਼ਤਿਹਜੀਤ ਦਾ ਦੂਸਰਾ ਕਾਵਿ-ਸੰਗ੍ਰਹਿ 'ਕੱਚੀ ਮਿੱਟੀ ਦੇ ਬੌਨੇ' ਛਪਿਆ ਹੈ ਜਿਸ ਵਿਚ ਨੱਬੇ ਸਫ਼ਿਆਂ ਵਿਚ ਬਿਖਰੀਆਂ ਹੋਈਆਂ ਲਗ ਪਗ ਪੰਜਾਹ ਕਵਿਤਾਵਾਂ ਸ਼ਾਮਿਲ ਹਨ । ਇਨ੍ਹਾਂ ਛੇ ਸਾਲਾਂ ਵਿਚ ਫ਼ਤਿਹਜੀਤ ਨੇ ਕੀ ਸਿੱਖਿਆ ਹੈ ਜਾਂ ਉਸ ਦੀ ਕਾਵਿ-ਸਥਿੱਤੀ ਕੀ ਹੈ, ਜਿਸ ਦੀ ਉਪਜ ਉਸ ਦੀਆਂ ਹਥਲੇ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਹਨ, ਇਹ ਸਵਾਲ ਇਸ ਕਵੀ ਦੇ ਸੰਬੰਧ ਵਿਚ ਸਾਡੀ ਦਿਲਚਸਪੀ ਦਾ ਵਿਸ਼ਾ ਹੈ। ਉਸ ਦੇ ਪਲੇਠੇ ਕਾਵਿ-ਸੰਗ੍ਰਹਿ 'ਏਕਮ' ਦੀਆਂ ਕਵਿਤਾਵਾਂ ਕਿਸੇ ਕਾਵਿਕ ਪਰਸਪੈਕਟਿਵ ਤੋਂ ਰਹਿਤ ਹਲਕੀ ਜਿਹੀ ਉਦਾਸੀ ਵਾਲੀ ਜਜ਼ਬਾਤੀ ਮਾਨਸਿਕ ਸਥਿਤੀ ਦਾ ਇਕਹਿਰਾ ਜਿਹਾ ਪ੍ਰਗਟਾ ਸੀ । ਇਹ ਮਾਨਸਿਕ ਸਥਿਤੀ 'ਚਾਅ ਬਾਕੀ ਰਹਿ ਜਾਣ' ਤੋਂ ਬਾਅਦ ਦੀ ਸਥਿਤੀ ਸੀ ਜੋ ਇਕ ਪਲ ਵਿਚ ਆਪੇ ਤੋਂ ਬੇਜ਼ਾਰ ਹੋ ਕੇ 'ਰੋਸ਼ਨੀਆਂ ਦੇ ਗਮਾਂ' ਦੀ ਗੱਲ ਸੋਚਦੀ ਸੀ ਤੇ ਦੂਸਰੇ ਪਲ ਹੀ ਜ਼ਿਦਗੀ ਨੂੰ ਕਿਸੇ 'ਤਿਕੋਨ' ਵਿਚੋਂ ਅੰਤੀ ਹੁਸੀਨ ਕਿਣਕਿਆਂ ਵਿਚ ਖਿਲਰੀ ਹੋਈ ਵੇਖਦੀ ਸੀ । 'ਕੱਚੀ ਮਿੱਟੀ ਦੇ ਬੌਨੇ' ਦੀਆਂ ਕਵਿਤਾਵਾਂ ਪੜ੍ਹ ਕੇ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਭਾਵੇਂ ਫ਼ਤਿਹਜੀਤ ਉਪਰ ਜ਼ਿਕਰ ਕੀਤੀ ਕਾਵਿ-ਸਥਿਤੀ ਤੋਂ ਮੁਕੰਮਲ ਤੌਰ ਤੇ ਮੁਕਤ ਤਾਂ ਨਹੀਂ ਹੋ ਸਕਿਆ ਪਰ ਉਸ ਦੀਆਂ ਇਸ ਸੰਗ੍ਰਹਿ ਵਿਚਲੀਆਂ ਕੁਝ ਕੁ ਕਵਿਤਾਵਾਂ ਵਿਚ ਉਸ ਦੇ ਵਿਅਕਤਿਤਵ ਦੀ ਮੌਲਿਕਤਾ ਦਾ ਰੰਗ ਜ਼ਰੂਰ ਉਭਰਿਆ ਹੈ । ਇਸ ਸੰਗ੍ਰਹਿ ਦੀ ਕਵਿਤਾ ਇਕ ਵਿਕੋਲਿਤਰਾ ਕਾਵਿਕ-ਪਰਸਪੈਕਟਿਵ ਗ੍ਰਹਿਣ ਕਰਨ ਦੇ ਯਤਨ ਵਿਚ ਇਕ ਪੜਾਅ ਤੇ ਜਾ ਕੇ ਆਪਣੀ ਹੀ ਕਿਸਮ ਦੀ ਦਿਲਚਸਪ ਦੁਬਿਧਾ ਦਾ ਸ਼ਿਕਾਰ ਹੋ ਗਈ ਹੈ । ਪਰ ਸਵਾਲ ਉਠਦਾ ਹੈ : ਇਸ ਦੁਬਿਧਾ ਦੀ ਪ੍ਰਕਿਰਿਆ ਕੀ ਹੈ ? ਵੱਖ-ਵੱਖ ਪੱਧਰਾਂ ਉਤੇ ਇਸ ਦਾ ਪ੍ਰਗਟਾ ਉਸ ਦੀ ਕਵਿਤਾ ਵਿਚ ਕਿਸ ਪ੍ਰਕਾਰ ਹੁੰਦਾ ਹੈ ?

ਉਸ ਦੀ ਸਮਝ ਦੀ ਪਕੜ ਵਿਚ ਆਉਣ ਤੋਂ ਅਸਮਰਥ ਯਥਾਰਥ ਨਾ ਕੇਵਲ ਉਸ ਦੇ ਅਨੁਭਵ ਦੀ ਮੌਲਿਕਤਾ ਨੂੰ ਹੀ ਖਿੰਡਾ ਦਿੰਦਾ ਹੈ ਸਗੋਂ ਮਾਨਸਿਕ ਤੌਰ ਤੇ ਉਸਨੂੰ ਬਿਹਬਲ ਵੀ ਕਰ ਦਿੰਦਾ ਹੈ । ਇਸ ਥਾਂ ਤੋਂ ਪਰ੍ਹਾਂ ਉਸਨੂੰ ਕੁਝ ਵੀ ਨਜ਼ਰ ਨਹੀਂ ਆਉਂਦਾ । ਇੰਜ ਉਸਦਾ ਕਾਵਿ-ਪਰਸਪੈਕਟਿਵ ਉਸ ਦੀ 'ਏਕਮ' ਵਾਲੀ ਜਜ਼ਬਾਤੀ ਕਿਸਮ ਦੀ ਮਾਨਸਿਕ ਸਥਿਤੀ ਤੇ ਇਨ੍ਹਾਂ ਕਵਿਤਾਵਾਂ ਵਿਚ ਵਿਆਪਕ ਦੁਬਿਧਾ ਦੇ ਤਟ ਵਿਚਕਾਰ ਲਗਾਤਾਰ ਥਿੜਕਦਾ ਰਹਿੰਦਾ ਹੈ । ਉਸ ਨੂੰ ਇਸ ਦਾ ਭਲੀ ਭਾਂਤ ਅਹਿਸਾਸ ਤਾਂ ਹੈ ਪਰੰਤੂ ਅਜਿਹੀ ਸਥਿੱਤੀ ਦੇ ਅੰਤਰ ਮੁਖੀ ਕਾਰਣਾਂ ਤੋਂ ਅਣਜਾਣ ਹੋਣ ਕਾਰਨ ਉਹ ਇਸਨੂੰ ਉਲੰਘ ਸਕਣ ਤੋਂ ਅਸਮਰਥ ਰਹਿੰਦਾ ਹੈ :

ਕਿ ਮੈਂ ਨ ਸੋਚ ਸਕਦਾ ਹਾਂ
ਨ ਮੈਨੂੰ ਸਮਝ ਆਉਂਦੀ ਹੈ
ਕਿ ਅਗਲਾ ਪੈਰ ਕਿਥੇ ਧਰਦਿਆਂ ਮੈਂ
ਕਿਹੜੇ ਰਸਤੇ ਚਲਾ ਜਾਵਾਂ
ਕਿ ਮੇਰੀ ਹੋਂਦ
ਘਰ ਦੀਆਂ ਕੰਧਾਂ, ਹਵਾ ਤੇ ਵਕਤ ਨੂੰ
ਕੁਝ ਇਸ ਤਰ੍ਹਾਂ ਆਖੇ—
ਕਿ ਜੀਣਾ ਜਾਣਦੀ ਹਾਂ ਮੈਂ
ਕਿ ਮੈਨੂੰ ਜ਼ਿੰਦਗੀ ਆਖੋ
ਕਿ ਮੈਨੂੰ ਰੋਸ਼ਨੀ ਸਮਝੋ ।

ਇਹ ਉਸਦੀ ਆਪਣੇ ਅਜਿਹੇ ਅਹਿਸਾਸ ਪ੍ਰਤਿ ਈਮਾਨਦਾਰੀ ਹੀ ਹੈ ਜੋ ਉਸ ਨੂੰ ਬਾਰ ਬਾਰ ਆਪਣੀ ਉਲਝੀ ਹੋਈ ਸਥਿਤੀ ਦਾ ਸਾਹਮਣਾ ਕਰਨ ਲਈ ਪ੍ਰੇਰਦੀ ਹੈ ਤੇ ਇੰਜ ਹਰ ਵੇਰ ਉਹ ਪੂਰਾ ਚਕਰ ਕੱਟ ਉਸੇ ਥਾਂ ਉਪਰ ਦੁਬਾਰਾ ਆਣ ਖੜ੍ਹਦਾ ਹੈ। ਇਸ ਦੁਬਿੱਧਾ ਦੇ ਤਟ ਦੀ ਸਥਿੱਤੀ ਦੇ ਨਵੇਕਲੇਪਨ ਦੀ ਸਮੁੱਚਤਾ ਨੂੰ ਉਸ ਨੇ ਆਪਣੀਆਂ ਕੁੱਝ ਕੁ ਕਵਿਤਾਵਾਂ (ਖਾਸ ਕਰਕੇ 'ਸੱਚ, ਸੁਪਨਾ ਤੇ ਸੰਭਵਾਨਾ' ਅਤੇ 'ਇੱਛਾ') ਵਿਚ ਹੀ ਮੁਕਾ ਦਿੱਤਾ ਹੈ ਜਿਸ ਤੋਂ ਬਾਅਦ ਉਹ ਇਸ ਖੜੋਤ ਨੂੰ ਤੋੜਨ ਦੇ ਯਤਨ ਵਿਚ ਇਕ ਲਗਾਤਾਰ ਚਕਰੀ ਪ੍ਰਕਿਆ ਵਿਚ ਪੈ ਗਿਆ ਹੈ। ਬਸ ਇਸ ਸੰਗ੍ਰਹਿ ਵਿਚਲੀਆਂ ਇਨ੍ਹਾਂ ਦੋ ਕਵਿਤਾਵਾਂ ਨੂੰ ਹੀ ਉਸ ਦੀਆਂ ਚੰਗੇਰੀਆਂ ਕਵਿਤਾਵਾਂ ਆਖਿਆ ਜਾ ਸਕਦਾ ਹੈ। ਇਸ ਸਥਿੱਤੀ ਦੀ ਖੜੋਤ ਨੂੰ ਤੋੜਨ ਦੀ ਅਸਮਰੱਥਾ ਉਸਨੂੰ ਆਪਣੇ ਆਪ ਅੱਗੇ ਉੱਤਰਦਾਈ ਹੋਣ ਲਈ ਮਜਬੂਰ ਕਰਦੀ ਹੈ :

ਗੱਚ ਭਰਦਾ
ਆਪਣਾ ਦਿਲ ਵੀ ਆਪਣੇ ਸਾਹਵੇਂ
ਕਟ ਦੇਵਣ ਤੇ ਜੀ ਕਰਦਾ ਹੈ
ਪੰਛੀਆਂ ਵਰਗੀ ਸੋਚ ਦੇ ਹੁੰਦਿਆਂ
ਇਕ ਵੀ ਖੰਭ ਤਨ ਤੇ ਨਾ ਉਗਦਾ
ਨੂੰਗਮ ਨੂੰਗਾ ਹੁੰਦੀ ਬਿਰਤੀ
ਆਪਣੇ ਆਪ ਤੋਂ ਲੱਜ ਔਉਂਦੀ ਹੈ।

ਅਜਿਹੇ ਸੰਕਟ ਤੋਂ ਨਜਾਤ ਦੀ ਪ੍ਰਾਪਤੀ ਲਈ ਉਹ ਮੁੜ ਦੁਬਿੱਧਾ ਦੇ ਤਟ ਵਾਲੀ ਸਥਿੱਤੀ ਦੀ ਡੂੰਘਾਈ ਤੋਂ ਆਪਣੇ ਜਜ਼ਬਾਤੀ ਪੱਧਰ ਵਲ ਉਲਰਦਾ ਹੈ। ਇਥੇ ਉਸ ਦੀ ਕਵਿਤਾ ਆਪਣੇ ਸਾਹਮਣੇ ਵਾਲੇ ਅਮੂਰਤ ਜਾਂ ਸਮੂਰਤ ਆਬਜੈਕਿਟ ਦਾ ਸਿੱਧਾ ਸਾਦਾ ਬਿਆਨ ਹੋ ਨਿਬੜਦੀ ਹੈ। ਥੋੜ੍ਹ ਚਿਰੇ ਨਿਰਾਸ਼ਾ ਦੇ ਮੂੜ ਤੋਂ ਮੁਕਤ ਹੋ ਕੇ ਉਹ ਮੁੜ ਆਪਣੇ ਆਲੇ ਦੁਆਲੇ ਨਾਲ ਆਸਾਂ ਭਰਪੂਰ ਭਾਵੁਕ ਕਿਸਮ ਦੀ ਸਾਂਝ ਪੈਦਾ ਕਰਦਾ ਹੈ। 'ਲਹਿਰਾਂ ਦਾ ਗੀਤ', 'ਜ਼ਿੰਦਗੀ ਇਕ ਗੀਤ ਹੈ', ਜ਼ਿੰਦਗੀ ਜਿਸ ਦਾ ਨਾਂ—ਆਪਣੇ ਹੀ ਤਸੱਵਰ ਨਾਲ ਖੇਡੇ ਜਾਣ ਦਾ ਚਾਅ ਹੈ ਅਜਿਹੀਆਂ ਹੀ ਕਵਿਤਾਵਾਂ ਹਨ। ਪਰ ਆਲੇ ਦੁਆਲੇ ਦੀਆਂ ਤਲਖ ਹਕੀਕਤਾਂ ਸਾਹਵੇਂ ਇਸ ਭਾਵੁਕ ਸਾਂਝ

ਦਾ ਸੰਤੁਲਨ ਬਹੁਤੀ ਦੇਰ ਬਣਿਆ ਨਹੀਂ ਰਹਿੰਦਾ ਤੇ ਉਸ ਦੇ ਖਿੰਡਰਨ ਤੇ ਉਹ ਆਪਣੀ ਸਥਿੱਤੀ ਦੇ ਦੂਸਰੇ ਸਿਰੇ ਵਲ ਮੁੜਨਾ ਸ਼ੁਰੂ ਹੁੰਦਾ ਹੈ। ਦੂਸਰੇ ਸਿਰੇ ਵਲ ਉਲਾਰ ਦੇ ਪਹਿਲੇ ਕਦਮ ਤੇ ਹੀ ਉਹ ਅਜਿਹੀ ਕਵਿਤਾ ਰਚਦਾ ਹੈ ਜਿਸ ਵਿਚ ਉਹ ਪ੍ਰਚਲਿਤ ਸਮਾਜੀ ਕੀਮਤਾਂ ਤੇ ਨੈਤਿਕਤਾ ਦੇ ਮਖੌਟੇ ਲਾਹੁੰਦਾ "ਸਿਧੇ ਹੱਥੀਂ" ਹੀ 'ਕਵਿਤਾ ਦੇ ਖੇਤਰ' ਵਿਚ ਮਾਰੋ-ਮਾਰ ਕਰਦਾ ਉਤਰ ਆਉਂਦਾ ਹੈ। 'ਚੋਟਾਂ', 'ਅਸੀਂ ਭਾਵੇਂ ਸੋਚਿਆ ਸੀ' ਅਤੇ 'ਸ਼ਹੀਦ ਸਰਾਭੇ ਦੇ ਨਾਂ' ਅਜਿਹੀਆਂ ਕਵਿਤਾਵਾਂ ਦੀਆਂ ਉਦਾਹਰਣਾਂ ਹਨ। ਇੰਜ ਪੂਰਾ ਚੱਕਰ ਕੱਟ ਕੇ ਉਹ ਦੁਬਾਰਾ ਫੇਰ ਪਹਿਲੀ ਦੁਬਿੱਧਾ ਦੇ ਤਟ ਵਾਲੀ ਸਥਿੱਤੀ ਤੇ ਆਪਣੇ ਆਪ ਨੂੰ ਦੁਹਰਾਉਣ ਲਈ ਮੁੜ ਆਉਂਦਾ ਹੈ। ਪਰੰਤੂ ਕੁਝ ਨਵਾਂ ਕਹਿ ਸਕਣ ਤੋਂ ਅਸਮਰੱਥ ਅਤੇ ਅਜਿਹੀ ਖੜੋਤ ਨੂੰ ਨਾ ਤੋੜ ਸਕਣ ਦਾ ਅਹਿਸਾਸ ਉਸਨੂੰ ਫੇਰ ਲਗਾਤਾਰ ਦੁਬਿਧਾ ਦੇ ਚੱਕਰ ਵਿਚ ਭਟਕਣ ਲਈ ਮਜਬੂਰ ਕਰ ਦਿੰਦਾ ਹੈ :

> ਸੁਹਜ ਵਿਹੂਣੀਆਂ ਸੱਚ ਤੋਂ ਖਾਲੀ, ਸਧਰਾਂ ਵੀ ਕੀ,
> ਅੱਜ ਇਸ ਪਾਸੇ, ਕਲ੍ਹ ਉਸ ਪਾਸੇ, ਤੁਰ ਜਾਈਦਾ
> ਛਿਥਿਆਂ ਪੈ ਕੇ ਮੁੜ ਆਈਦਾ

ਉਸਦੀ ਕਵਿਤਾ ਦਾ ਨਾਇਕ ਇਸ ਸਵਾਲ ਦੇ ਨਿਸ਼ਚਤ ਹੱਲ ਦੀ ਭਾਲ ਵਿਚ ਲੱਗਿਆ ਹੋਇਆ ਹੈ ਕਿ ਉਹ ਕਿਸ ਥਾਂ ਤੇ ਹੈ ? ਆਪਣੇ ਕਿਰਿਆਸ਼ੀਲ ਯਤਨ ਕਾਰਨ ਉਹ ਕੁਝ ਵੀ ਹਾਲਾਤ ਤੇ ਛੱਡਣ ਲਈ ਤਿਆਰ ਨਹੀਂ ਜੋ ਉਸਨੂੰ ਸੁੱਕੇ ਪੱਤਰ ਵਾਂਗ ਕਿਧਰੇ ਵੀ ਲੈ ਜਾਵੇ। ਇਸੇ ਕਾਰਨ ਉਹ ਉਪਰ ਜ਼ਿਕਰ ਕੀਤੀ ਸਥਿੱਤੀ ਦੀਆਂ ਹੱਦਾਂ ਵਿਚਕਾਰ ਹੀ ਚੇਤੰਨ ਤੌਰ ਤੇ ਭਟਕਦਾ ਰਹਿੰਦਾ ਹੈ ਤੇ ਇੰਨ੍ਹਾਂ ਹੱਦਾਂ ਨੂੰ ਤੋੜਨ ਦੀ ਅਸਮਰੱਥਾ ਕਾਰਨ ਉਹ ਫੇਰ ਆਪਣੇ ਮੂਲ ਸਵਾਲ ਨਾਲ ਜਾ ਟਕਰਾਉਂਦਾ ਹੈ। ਪਰ ਇਸ ਦੂਹਰੀ ਪ੍ਰਕਿਰਿਆ ਦੁਆਰਾ ਸਿਰਜੀ ਦੁਬਿੱਧਾ ਤੋਂ ਉਹ ਇਸ ਸਿੱਟੇ ਤੇ ਬਿਲਕੁਲ ਨਹੀਂ ਪੁਜਦਾ ਕਿ ਸਭ ਕੁੱਝ ਵਿਅਰਥ ਹੈ ਤੇ ਆਪਣੀ ਸਥਿੱਤੀ ਪ੍ਰਤੀ ਕਵੀ ਦਾ ਅਜਿਹਾ ਦ੍ਰਿਸ਼ਟੀਕੋਣ ਹੀ ਉਸ ਦੀ ਕਵਿਤਾ ਦੇ ਵਿਕਾਸ ਦੀ ਸੰਭਾਵਨਾ ਦਾ 'ਇਕਰਾਰ' ਹੈ।

ਭਗਵਾਨ ਸਿੰਘ

## ਬਾਬਾ ਆਸਮਾਨ

ਸੰਤ ਸਿੰਘ ਸੇਖੋਂ ਦੇ ਨਾਵਲ 'ਬਾਬਾ ਆਸਮਾਨ' ਬਾਰੇ ਇਹ ਸਤਰਾਂ ਇਸ ਪੁਸਤਕ ਦੀ ਆਲੋਚਨਾ ਜਾਂ ਰੀਵੀਊ ਨਹੀਂ। ਇਹ ਕੁਝ ਉਹ ਪ੍ਰਭਾਵ ਹਨ ਜੋ ਇਸ ਨਾਵਲ ਦੇ ਪ੍ਰਕਾਸ਼ਨ ਤੋਂ ਪਹਿਲਾਂ ਵੀ ਪੰਜਾਬੀ ਨਾਵਲ ਤੇ ਸੰਤ ਸਿੰਘ ਸੇਖੋਂ ਦੇ ਸੰਬੰਧ ਵਿਚ ਇਹਨਾਂ ਸਤਰਾਂ ਦੇ ਲੇਖਕ ਦੇ ਮਨ ਵਿਚ ਉਭਰਦੇ ਰਹੇ ਹਨ। ਬਾਬਾ ਆਸਮਾਨ ਦੇ ਪ੍ਰਕਾਸ਼ਿਤ ਹੋਣ ਨਾਲ ਜਾਣੋ ਇਹ ਪ੍ਰਭਾਵ ਵਧੇਰੇ ਤੀਖਣ ਹੋ ਗਏ ਹਨ।

ਪਿਛਲੇ ਵਰ੍ਹਿਆਂ ਵਿਚ, ਸਮੇਤ ਸੰਤ ਸਿੰਘ ਸੇਖੋਂ ਦੇ, ਸਾਡੇ ਆਲੋਚਕਾਂ ਦਾ ਧਿਆਨ ਭਾਵੇਂ ਵਧੇਰੇ ਕਵਿਤਾ ਨੇ ਹੀ ਮੱਲੀ ਰਖਿਆ ਹੈ, ਪਰ ਮੈਂ ਇੰਝ ਮਹਿਸੂਸ ਕਰਦਾ ਹਾਂ ਕਿ ਇਕ ਸਾਹਿਤਕ ਰੂਪ ਵਜੋਂ ਨਾਵਲ ਕਵਿਤਾ ਦੇ ਟਾਕਰੇ ਵਧੇਰੇ ਮਹੱਤਵਪੂਰਣ ਬਣਦਾ ਜਾ ਰਿਹਾ

ਤੇ ਪ੍ਰਾਥਮਿਕਤਾ ਧਾਰਣ ਕਰਦਾ ਜਾ ਰਿਹਾ ਹੈ। ਸੰਸਾਰ ਸਾਹਿਤ ਵਿਚ ਨਾਵਲ ਕਵਿਤਾ ਦੇ ਟਾਕਰੇ ਵਿਚ ਇਹ ਪ੍ਰਾਥਮਿਕਤਾ ਗ੍ਰਹਿਣ ਕਰ ਵੀ ਚੁਕਿਆ ਹੈ ਇਹ ਤੱਥ ਸਾਹਿਤ ਸੰਸਾਰ ਦੇ ਸਮਾਚਾਰਾਂ ਨਾਲ ਪਰਿਚਿਤ ਰਹਿਣ ਵਾਲਿਆਂ ਤੋਂ ਗੁੱਝਾ ਨਹੀਂ।

ਪਰ ਂਜਾਬੀ ਸਾਹਿਤ ਦਾ ਇਹ ਦੁਰਭਾਗ ਹੀ ਸਮਝੋ ਕਿ ਏਥੇ ਨਾਵਲ ਨੂੰ ਉਨੀ ਕੁ ਪ੍ਰਤਿਭਾ ਵਾਲੇ ਰਚਨਾਕਾਰ ਵੀ ਪ੍ਰਾਪਤ ਨਹੀਂ ਹੋਏ ਜਿੰਨੀ ਕੁ ਪ੍ਰਤਿਭਾ ਦੇ ਸੁਆਮੀ ਸਾਡੇ ਕਵੀ ਹਨ। ਜਿੰਨ੍ਹਾਂ ਕੁਝ ਕੁ ਨਾਵਲਕਾਰਾਂ ਪਾਸ ਪ੍ਰਤਿਭਾ ਹੈ ਉਨ੍ਹਾਂ ਕੋਲ ਉਹ ਬੌਧਿਕ ਸਮਰੱਥਾ ਨਹੀਂ ਜੋ ਅੱਜ ਨਾਵਲ ਲੇਖਕ ਲਈ ਅਤਿ ਲੋੜੀਂਦੀ ਹੈ। ਜੇ ਨਾਵਲ ਇਕ ਮਹੱਤਵਪੂਰਣ ਸਾਹਿਤ ਰੂਪ ਬਣ ਗਿਆ ਜਾਂ ਬਣ ਰਿਹਾ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਨਾਵਲ ਲੇਖਕ ਵਧੇਰੇ ਪ੍ਰਤਿਭਾਸ਼ੀਲ ਤੇ ਬੁਧੀਮਾਨ ਹੋਵੇ। ਅੱਜ ਦੇ ਗਲਪਕਾਰ ਲਈ ਏਨਾ ਹੀ ਕਾਫੀ ਨਹੀਂ ਕਿ ਉਸ ਨੂੰ ਕਹਾਣੀ ਘੜਨ ਤੇ ਸੁਣਾਉਣ ਦੀ ਜਾਚ ਹੋਵੇ, ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਬੌਧਿਕ ਪ੍ਰਾਣੀ ਹੋਵੇ, ਸਮਾਜ ਦੇ ਆਰਥਿਕ, ਰਾਜ-ਨੀਤਕ, ਸਭਿਆਚਾਰਕ ਸਮਾਚਾਰਾਂ ਦੀ ਉਸ ਨੂੰ ਸੋਝੀ ਹੋਵੇ, ਉਸ ਨੂੰ ਇਤਿਹਾਸ ਮਿਥਿਹਾਸ ਦਾ ਗਿਆਨ ਹੋਵੇ ਅਤੇ ਅਜੋਕੇ ਸੰਸਾਰ ਪ੍ਰਤੀ ਉਸ ਦਾ ਵਤੀਰਾ ਸੁਜੱਗ ਹੋਵੇ। ਵਧੇਰੇ ਪੰਜਾਬੀ ਗਲਪਕਾਰਾਂ ਵਿਚ ਇਹ ਕੁਝ ਪ੍ਰਾਪਤ ਨਹੀਂ। ਇਸ ਸਥਿਤੀ ਦਾ ਹੀ ਪਰਿਣਾਮ ਹੈ ਕਿ ਕੁਝ ਕੁ ਫੁਟਕਲ ਰਚਨਾਵਾਂ ਨੂੰ ਛੱਡ ਕੇ ਸਾਡਾ ਨਾਵਲ ਪੰਜਾਬੀ ਸਮਾਜਕ ਜੀਵਨ ਦਾ ਉਸ ਦੀਆਂ ਡੂੰਘਾਈਆਂ ਤਕ ਉਤਰ ਕੇ ਕੋਈ ਅਜਿਹਾ ਮਾਰਮਿਕ ਚਿੱਤਰ ਨਹੀਂ ਪੇਸ਼ ਕਰ ਸਕਿਆ, ਜਿਹੋ ਜਿਹੇ ਚਿੱਤਰ, ਉਦਾਹਰਣ ਵਜੋਂ, ਮਲਿਆਲਮ ਨਾਵਲ ਮਾਛੀ, ਗੁਜਰਾਤੀ ਨਾਵਲ ਜੀਵੀ ਜਾਂ ਮੁਣਸ਼ੀ ਪ੍ਰੇਮ ਚੰਦ ਦੇ ਹੀ ਗੋਦਾਨ ਵਿਚ ਵੇਖੇ ਜਾ ਸਕਦੇ ਹਨ। ਨਾ ਹੀ ਸਾਡੇ ਨਾਵਲਕਾਰ ਨੇ "ਆਗ ਕਾ ਦਰਿਆ" ਵਰਗੀ ਕੋਈ ਰਚਨਾ ਦਿੱਤੀ ਹੈ ਜੋ ਨਾਵਲ ਦੇ ਰੂਪ ਵਿਚ ਸਾਡੇ ਸਭਿਆਚਾਰ ਨੂੰ ਇਤਿਹਾਸਕ ਪ੍ਰਸੰਗ ਵਿਚ ਪ੍ਰਸਤੁਤ ਕਰ ਸਕੀ ਹੋਵੇ। ਭਾਵੇਂ ਸੁਰਿੰਦਰ ਸਿੰਘ ਨਰੂਲਾ (ਪਿਉ ਪੁੱਤਰ, ਨੀਲੀ ਬਾਰ) ਸੋਹਣ ਸਿੰਘ ਸੀਤਲ (ਜੁਗ ਬਦਲ ਗਿਆ, ਤੂਤਾਂ ਵਾਲਾ ਖੂਹ, ਜੰਗ ਜਾਂ ਅਮਨ) ਗੁਰਦਿਆਲ ਸਿੰਘ (ਅਣਹੋਏ, ਅੱਧ ਚਾਨਣੀ ਰਾਤ) ਤੇ ਕੁਝ ਕੁਝ ਨਾਨਕ ਸਿੰਘ ਤੇ ਕੰਵਲ ਦੇ ਨਾਵਲਾਂ ਵਿਚ ਪੰਜਾਬੀ ਜੀਵਨ ਦਾ ਚਿੱਤਰ ਉਘੜਦਾ ਹੈ ਪਰ ਇਹ ਚਿੱਤਰ ਸਾਡੇ ਸਮਾਜ ਦੇ ਯਥਾਰਥ ਨੂੰ ਆਂਸ਼ਕ ਰੂਪ ਵਿਚ ਹੀ ਉਘਾੜਦਾ ਹੈ। ਪੰਜਾਬੀ ਜੀਵਨ ਆਪਣੇ ਵਿਵਿਧ ਚਿਤਰਨ ਲਈ ਹਾਲੇ ਵੀ ਪ੍ਰਤਿਭਾਵਾਨ ਰਚਨਾਕਾਰਾਂ ਦੀ ਉਡੀਕ ਕਰ ਰਿਹਾ ਹੈ।

ਇਸ ਸਥਿਤੀ ਦੇ ਪੇਸ਼ ਨਜ਼ਰ ਨਾਵਲ ਵਿਚ ਕਿਸੇ ਉਘੜਵੀਂ ਪ੍ਰਾਪਤੀ ਦੀ ਆਸ ਲੈ ਕੇ ਜਦੋਂ ਪੰਜਾਬੀ ਸਾਹਿੱਤਕਾਰਾਂ ਉਤੇ ਨਿਗਾਹ ਸੁੱਟੀ ਜਾਵੇ ਤਾਂ ਸੰਤ ਸਿੰਘ ਸੇਖੋਂ ਦਾ ਨਾਉਂ ਸਭ ਤੋਂ ਪਹਿਲਾਂ ਆਉਂਦਾ ਹੈ। ਸੇਖੋਂ ਪਾਸ ਰਚਨਾਤਮਕ ਪ੍ਰਤਿਭਾ ਦੇ ਨਾਲ ਸਮਾਜ ਵਿਗਿਆਨੀ ਵਾਲੀ ਉਹ ਸੂਝ ਤੇ ਬੁਧੀਮਾਨ ਵਾਲੀ ਉਹ ਬੌਧਿਕ ਸਮਰੱਥਾ ਹੈ ਜੋ ਅੱਜ ਦੇ ਨਾਵਲ ਲੇਖਕ ਲਈ ਆਵੱਸ਼ਕ ਹੈ। ਉਸ ਦੇ ਪਹਿਲੇ ਨਾਵਲ 'ਲਹੂ ਮਿੱਟੀ' ਨੂੰ ਭਾਵੇਂ ਕਈ ਹਲਕਿਆਂ ਨੇ ਭਾਵਾਂ ਤੋਂ ਸੱਖਣਾ ਆਰਥਿਕ ਸਥਿਤੀਆਂ ਦਾ ਇਕ ਰੁੱਖਾ ਚਿਤਰਨ ਆਖਿਆ ਸੀ, ਪਰ ਉਹ ਨਾਵਲ ਨਿਰਸੰਦੇਹ ਪੰਜਾਬੀ ਵਿਚ ਆਪਣੀ ਕਿਸਮ ਦਾ ਪ੍ਰਥਮ ਨਾਵਲ ਹੋਣ ਤੋਂ ਬਿਨਾਂ ਪੰਜਾਬੀ ਦੇ ਕੁਝ ਕੁ ਗਿਣਵੇਂ ਸਫਲ ਨਾਵਲਾਂ ਵਿਚੋਂ ਸੀ। ਇਹ ਨਾਵਲ ਇਕ ਰਵਾਇਤੀ ਪ੍ਰੀਤ ਕਹਾਣੀ ਤਕ ਸੀਮਤ ਨਾ ਰਹਿਕੇ ਸਾਡੇ ਸਮਾਜ ਦੇ ਇਕ ਵਿਸ਼ੇਸ਼ ਦੌਰ ਵਿਚ ਢਹਿੰਦੇ ਬਣਦੇ ਰਿਸ਼ਤਿਆਂ ਨੂੰ ਆਪਣੇ ਪਾਤਰ ਦੇ ਜੀਵਨ

ਬਿਰਤਾਂਤ ਰਾਹੀਂ ਜੀਵੰਤ ਰੂਪ ਵਿਚ ਪੇਸ਼ ਕਰਦਾ ਸੀ ।

ਇਸ ਪਿਛੋਕੜ ਵਿਚ ਲਗ ਪਗ ਦੋ ਦਹਾਕਿਆਂ ਦੇ ਵਕਫੇ ਪਿਛੋਂ ਸੇਖੋਂ ਦੇ ਦੂਸਰੇ ਨਾਵਲ ਦਾ ਪ੍ਰਕਾਸ਼ਨ ਇਕ ਸ਼ੁਭ ਸਮਾਚਾਰ ਗਿਣਿਆ ਜਾਣਾ ਚਾਹੀਦਾ ਹੈ । ਬਾਬਾ ਆਸਮਾਨ ਵਿਚ ਸੇਖੋਂ ਨੇ ਗ਼ਦਰ ਲਹਿਰ ਨਾਲ ਸੰਬੰਧਿਤ ਕਥਾ ਨੂੰ ਆਧਾਰ ਵਸਤੂ ਬਣਾਇਆ ਹੈ ਜੋ ਸਾਡੇ ਰਾਸ਼ਟਰੀ ਮੁਕਤੀ ਅੰਦੋਲਨ ਦਾ ਸੂਰਮਗਤੀ ਨਾਲ ਭਰਪੂਰ ਇਕ ਸੁਨਹਿਰੀ ਕਾਂਡ ਹੈ । ਸਮੁੱਚੇ ਰੂਪ ਵਿਚ ਤਾਂ ਇਹ ਲਹਿਰ ਸੂਰਮਗਤੀ ਦਾ ਬਿਰਤਾਂਤ ਹੈ ਹੀ, ਇਸ ਲਹਿਰ ਵਿਚ ਜੂਝਣ ਵਾਲੇ ਇਕ ਇਕ ਵਿਅਕਤੀ ਦਾ ਜੀਵਨ ਅਸਾਧਾਰਨ ਸਾਹਸ, ਸੂਰਮਗਤੀ ਤੇ ਕੁਰਬਾਨੀ ਸਦਕਾ ਇਕ ਬਹੁਰੰਗੀ ਰੁਮਾਂਸ ਭਰਪੂਰ ਗਾਥਾ ਹੈ ਜੋ ਇਕ ਗਲਪਕਾਰ ਲਈ ਅਖੁੱਟ ਸਮੱਗਰੀ ਸਿੱਧ ਹੋ ਸਕਦੀ ਹੈ । ਅਜਿਹੇ ਇਕ ਸੂਰਮੇ ਦਾ ਚਿਤਰਨ ਹੀ ਬਾਬਾ ਆਸਮਾਨ ਵਿਚ ਹੈ ਜੋ ਆਪਣੀ ਸੂਰਮਗਤੀ ਦੇ ਬਾਵਜੂਦ ਇਕ ਸਾਧਾਰਣ ਨੇੜਿਉਂ ਵੇਖਿਆ ਪਰਖਿਆ ਜੀਵ ਪ੍ਰਤੀਤ ਹੁੰਦਾ ਹੈ । ਪੰਜਾਬੀ ਕਿਰਸਾਣੀ ਦੀ ਮੰਦਹਾਲੀ ਦੀ ਅਵਸਥਾ ਵਿਚ ਨਿਮਨ ਕਿਰਸਾਣੀ ਪਰਿਵਾਰ ਦਾ ਸਾਵਾ ਚੜ੍ਹਦੀ ਜਵਾਨੀ ਦੀ ਉਮਰੇ ਪਰਦੇਸ ਤੁਰ ਗਿਆ ਸੀ ਤੇ ਤਕਰੀਬਨ ਅੱਧੀ ਸਦੀ ਪਰਦੇਸਾਂ ਵਿਚ ਕੱਟ ਕੇ ਉਵੇਂ ਕਿਵੇਂ ਇਕੱਲਾ ਕਾਰਾ ਵਾਪਸ ਪਰਤਦਾ ਹੈ ਜਿਵੇਂ ਉਹ ਦੇਸੋਂ ਗਿਆ ਸੀ । ਪਰਦੇਸਾਂ ਵਿਚ ਬਿਤਾਈ ਅੱਧੀ ਸਦੀ ਵਿਚ ਪਸਰਿਆ ਉਸ ਦਾ ਅਸਾਧਾਰਨ ਜੀਵਨ ਹੀ ਉਸ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਨਾਵਲ ਦਾ ਨਾਇਕ ਬਣ ਸਕੇ ।

ਬਾਬਾ ਉਸਮਾਨ ਦੀ ਕਥਾ ਨੂੰ ਨਾਵਲ ਦਾ ਵਸਤੂ ਬਣਾਉਣ ਨਾਲ ਲੇਖਕ ਨੂੰ ਗ਼ਦਰ ਲਹਿਰ ਨਾਲ ਸੰਬੰਧਿਤ ਉਸ ਸਾਰੀ ਇਤਿਹਾਸਕ ਸਮੱਗਰੀ ਨੂੰ ਵਰਤੋਂ ਵਿਚ ਲਿਆਉਣ ਦਾ ਇਕ ਅਵਸਰ ਮਿਲ ਜਾਂਦਾ ਹੈ ਜੋ ਕਿਸੇ ਵੀ ਗਲਪ ਕ੍ਰਿਤ ਨੂੰ ਸੇਖੋਂ ਦੀ ਪ੍ਰਤਿਭਾ ਵਾਲੇ ਵਿਅਕਤੀ ਦੇ ਹੱਥਾਂ ਵਿਚ ਸ਼ਿਕਾਰ ਬਣਾ ਸਕਦੀ ਹੈ । ਪਰ ਇਸ ਨੂੰ ਵੀ ਪੰਜਾਬੀ ਸਾਹਿਤ ਦਾ ਦੁਰਭਾਗ ਹੀ ਸਮਝੋ ਕਿ ਸੇਖੋਂ ਤੋਂ ਅਜਿਹਾ ਹੋ ਨਹੀਂ ਸਕਿਆ, ਜਾਂ ਸ਼ਾਇਦ ਇਹ ਕਹਿਣਾ ਵਧੇਰੇ ਠੀਕ ਹੈ ਕਿ ਉਸ ਨੇ ਅਜਿਹਾ ਕਰਨ ਦਾ ਯਤਨ ਹੀ ਨਹੀਂ ਕੀਤਾ । ਸਤਿੰਦਰ ਸਿੰਘ ਨੂਰ (ਇੱਕਤੀ ਫਰਵਰੀ, ਨੰਬਰ 7) ਦੇ ਮੱਤ ਦੇ ਉਲਟ ਮੈਂ ਸਮਝਦਾ ਹਾਂ ਕਿ ਅਜਿਹੀ ਇਤਿਹਾਸਕ ਸਮੱਗਰੀ ਦੀ ਵਰਤੋਂ ਕਰਨੀ ਨਾ ਕੇਵਲ ਯੋਗ ਹੈ ਸਗੋਂ ਇਕ ਸ਼੍ਰੋਮਣੀ ਨਾਵਲ ਦੀ ਸਿਰਜਣਾ ਲਈ ਲੋੜੀਂਦੀ ਹੈ । ਨਾਵਲ ਦਾ ਸਾਹਿਤ ਰੂਪ ਕਿਸੇ ਲਘੂ ਘਟਨਾ ਦੇ ਚਿਤਰਨ ਦਾ ਵਾਹਣ ਨਹੀਂ ਹੋ ਸਕਦਾ । ਲਘੂ ਘਟਨਾਵਾਂ ਤੇ ਲਘੂ ਸਮਸਿਆਵਾਂ ਤਕ ਹੀ ਸੀਮਤ ਰਹਿਣ ਦੇ ਕਾਰਨ ਸਾਡਾ ਹੁਣ ਤਕ ਦਾ ਨਾਵਲ ਲਘੂ ਰਿਹਾ ਹੈ । ਨਾਵਲ ਵਿਚਲੇ ਪਾਤਰਾਂ ਤੇ ਘਟਨਾਵਾਂ ਦਾ ਸੌੜੇ ਜਿਹੇ ਘੇਰੇ ਵਿਚੋਂ ਨਿਕਲਕੇ ਵਿਰਾਟ ਸਮਾਜਕ ਜੀਵਨ ਤੇ ਇਤਿਹਾਸ ਵਿਚ ਪਸਾਰ ਹੋਣਾ ਜ਼ਰੂਰੀ ਹੈ। ਸੰਸਾਰ ਦੇ ਉਤਕ੍ਰਿਸ਼ਟ—ਨਾਵਲ ਤਾਲਸਤਾਇ ਦਾ "ਜੰਗ ਤੇ ਅਮਨ", ਸ਼ੋਲੋਖੋਵ ਦਾ "ਦਾਨ ਵਹਿੰਦਾ ਰਿਹਾ" ਆਦਿ ਏਸੇ ਕਾਰਨ ਹੀ ਮਹਾਨ ਹਨ ਕਿ ਆਪਣੇ ਪਾਤਰਾਂ ਦਾ ਜੀਵੰਤ ਚਿਤਰ ਪ੍ਰਸਤੁਤ ਕਰਨ ਦੇ ਨਾਲ ਨਾਲ ਉਹ ਇਕ ਪੂਰੇ ਦੇ ਪੂਰੇ ਇਤਿਹਾਸਕ ਦੌਰ ਨੂੰ ਵੀ ਉਸ ਦੇ ਗਤੀਮਾਨ ਰੂਪ ਵਿਚ ਦ੍ਰਿਸ਼ਟਮਾਨ ਕਰਦੇ ਹਨ । ਇਸ ਲਈ ਇਤਰਾਜ਼ ਇਹ ਨਹੀਂ ਹੋ ਸਕਦਾ ਕਿ ਸੇਖੋਂ ਨੇ ਬਾਬਾ ਉਸਮਾਨ ਵਿਚ ਇਤਿਹਾਸਕ ਸਮੱਗਰੀ ਦੀ ਵਰਤੋਂ ਕਿਉਂ ਕੀਤੀ ਹੈ ਸਗੋਂ ਇਹ ਹੋ ਸਕਦਾ ਹੈ ਕਿਵੇਂ ਕੀਤੀ ਹੈ । ਇਹ ਕਹਿਣ ਤੋਂ ਕੋਈ ਸੰਕੋਚ ਨਹੀਂ ਕਿ ਬਾਬਾ ਆਸਮਾਨ ਵਿਚ ਨਾਇਕ ਦੇ ਜੀਵਨ ਤੇ ਇਤਿਹਾਸਕ ਪ੍ਰਸੰਗ ਦਾ ਕੋਈ ਪ੍ਰਭਾਵਕਾਰੀ ਸੰਸ਼ਲੇਸ਼ਨ ਨਹੀਂ ਹੋ

ਸਕਿਆ, ਉਹ ਵੱਖ ਵੱਖ ਖਲੋਤੇ ਪ੍ਰਤੀਤ ਹੁੰਦੇ ਹਨ । ਤੇ ਫਿਰ ਸਾਵੇ ਦੇ ਪਰਦੇਸ ਤੁਰਨ ਤੋਂ ਪਹਿਲਾਂ ਦੇ ਦਿਨਾਂ ਨੂੰ ਜਿਸ ਨੇੜਤਾ ਨਾਲ ਬਿਆਨ ਕੀਤਾ ਹੈ ਉਹ ਉਸ ਦੇ ਮਗਰੋਂ ਦੇ ਜੀਵਨ ਦੇ ਬਿਰਤਾਂਤ ਵਿਚ ਪ੍ਰਾਪਤ ਨਹੀਂ । ਜਿਸ ਤਰ੍ਹਾਂ ਦਾ ਚਿਤਰ ਲੁਧਿਆਣੇ ਦੇ ਪਛਮ ਦੀ ਭੋਇੰ ਦਾ ਨਾਵਲ ਦੇ ਸ਼ੁਰੂ ਵਿਚ ਮਿਲਦਾ ਹੈ ਉਹੋ ਜਿਹਾ ਚਿਤਰ ਸ਼ੰਘਾਈ, ਜਾਵਾ ਜਾਂ ਅਮਰੀਕਾ ਦੇ ਸ਼ਹਿਰਾਂ ਦਾ ਪ੍ਰਾਪਤ ਨਹੀਂ ਜਿਥੇ ਸਾਵਾ ਆਪਣੀ ਜ਼ਿੰਦਗੀ ਵਾ ਵਡੇਰਾ ਭਾਗ ਬਤੀਤ ਕਰਦਾ ਹੈ । ਇਸ ਦਾ ਇਕ ਕਾਰਣ ਇਹ ਹੋ ਸਕਦਾ ਹੈ ਕਿ ਲੇਖਕ ਨੂੰ ਪਰਦੇਸਾਂ ਦੇ ਸਮਾਚਾਰਾਂ ਦਾ ਓਨਾ ਗਿਆਨ ਨਹੀਂ ਹੋ ਸਕਦਾ ਜਿੰਨਾ ਆਪਣੀ ਧਰਤੀ ਦਾ । ਪਰਦੇਸਾਂ ਦੇ ਵਿਸਤ੍ਰਿਤ ਚਿਤਰਨ ਲਈ ਇਹ ਬੜਾ ਯੋਗ ਕਾਰਣ ਹੋ ਸਕਦਾ ਹੈ । ਤਦ ਵੀ ਪ੍ਰਤੀਤ ਇਉਂ ਹੁੰਦਾ ਹੈ ਜਿਵੇਂ ਨਾਵਲ ਆਰੰਭਣ ਤੋਂ ਪਿਛੋਂ ਸੇਖੋਂ ਨੂੰ ਇਕ ਅੱਚਵੀ ਜਿਹੀ ਲੱਗ ਗਈ ਹੈ—ਉਹ ਨਾਵਲ ਨੂੰ ਬਹੁਤ ਛੇਤੀ ਆਪਣੇ ਅੰਤ ਉਤੇ ਪੁਜਿਆ ਵੇਖਣਾ ਚਾਹੁੰਦਾ ਹੈ । ਏਸੇ ਲਈ ਉਹ ਆਪਣੀ ਸਮੱਗਰੀ ਨੂੰ, ਜੋ ਨਿਰਸੰਦੇਹ ਬਹੁਤ ਭਰਪੂਰ ਤੇ ਅਮੀਰ ਸਮੱਗਰੀ ਹੈ, ਫਟਾ ਫਟ ਲੁਟਾਉਂਦਾ ਤੁਰਿਆ ਜਾ ਰਿਹਾ ਹੈ । ਇਸ ਤਰ੍ਹਾਂ ਕਰਕੇ ਸੇਖੋਂ ਨਾ ਕੇਵਲ ਪੰਜਾਬੀ ਸਾਹਿਤ ਨਾਲ ਸਗੋਂ ਆਪਣੇ ਆਪ ਨਾਲ ਵੀ ਅਨਿਆਂ ਕਰਦਾ ਹੈ । ਨਾਵਲ ਵਿਚ ਉਸ ਦੇ ਪਛਮੀ ਸਾਹਿਤ ਦਾ ਗਿਆਤਾ ਹੋਣ ਦੇ ਨਾਲ ਸਮਾਜਕ ਸਮਾਚਾਰਾਂ ਦੀ ਸੋਝੀ ਰੱਖਣ ਵਾਲੇ ਸਮਾਜ ਵਿਗਿਆਨੀ ਵਜੋਂ ਤਾਂ ਦਰਸ਼ਨ ਹੁੰਦੇ ਹਨ ਜੋ ਉਸ ਵਲੋਂ ਦਿੱਤੇ ਢੁਕਵੇਂ ਅਢੁਕਵੇਂ ਪ੍ਰਮਾਣਾਂ ਤੇ ਟਿਪਣੀਆਂ ਵਿਚ ਵੇਖੇ ਜਾ ਸਕਦੇ ਹਨ । ਪਰ ਇਹ ਕੁਝ ਨਾਵਲ ਦੀ ਸੰਰਚਨਾ ਨਾਲ ਇੱਕ ਮਿੱਕ ਨਾ ਹੋਣ ਕਰਕੇ ਗੁਣ ਦੀ ਬਜਾਏ ਦੋਸ਼ ਹੋ ਨਿਬੜਦਾ ਹੈ ।

ਲੋੜ ਹੈ ਕਿ ਸੇਖੋਂ ਅਜੇਹੀ ਨਾਵਲ ਦੀ ਰਚਨਾ ਕਰੇ ਜੋ ਉਸ ਦੀ ਬੌਧਿਕ ਤੇ ਰਚਨਾਤਮਕ ਪ੍ਰਤਿਭਾ ਦੇ ਹਾਣ ਦੀ ਹੋਵੇ । ਪੰਜਾਬੀ ਸਾਹਿਤ ਦਾ ਸੇਖੋਂ ਸਿਰ ਇਹ ਕਰਜ਼ਾ ਹੈ ਤੇ ਸੇਖੋਂ ਨੂੰ ਇਹ ਕਰਜ਼ਾ ਚੁਕਾਉਣਾ ਚਾਹੀਦਾ ਹੈ ।

ਰਘਬੀਰ ਸਿੰਘ

# ਪੱਤਰ

ਸੰਪਾਦਕ ਜੀ,

'ਸਿਰਜਣਾ' ਦੇ ਦੋਵੇਂ ਨਵੇਂ ਅੰਕ ਦੋਸਤਾਂ ਕੋਲੋਂ ਲੈ ਕੇ ਪੜ੍ਹ ਲਏ ਹਨ। ਆਪਣੇ ਪ੍ਰਕਾਸ਼ਨ ਦੇ ਪਹਿਲੇ ਦੌਰ ਸਮੇਂ ਇਸ ਨੇ ਅਖੌਤੀ ਪ੍ਰਯੋਗਵਾਦੀ ਤੇ ਆਧੁਨਿਕਤਾਵਾਦੀ ਪਿਛਾਂਹਖਿਚੂ ਸਾਹਿਤਕ ਝੁਕਾਵਾਂ ਵਿਰੁਧ ਵਿਚਾਰਧਾਰਕ ਘੋਲ ਲੜ ਕੇ ਪ੍ਰਗਤੀਵਾਦੀ ਸਾਹਿਤ ਦੀਆਂ ਸਿਹਤਮੰਦ ਪ੍ਰਾਪਤੀਆਂ ਦੀ ਰਾਖੀ ਤੇ ਉਨ੍ਹਾਂ ਦੇ ਵਿਕਾਸ ਵਿਚ ਸ਼ਲਾਘਾ ਯੋਗ ਹਿੱਸਾ ਪਾਇਆ। ਇਉਂ ਕਰਨ ਲਈ ਵਿਰੋਧੀਆਂ ਦੇ ਲੇਖ ਛਾਪ ਕੇ ਉਨ੍ਹਾਂ 'ਤੇ ਚਰਚਾ ਚਲਾਉਣ ਵੇਲੇ ਕਾਫੀ ਠਰ੍ਹੰਮੇਂ ਤੋਂ ਕੰਮ ਲਿਆ ਗਿਆ ਸੀ, ਉਸ ਵੇਲੇ ਦੇ 'ਗਰਮ ਦਲੀਆਂ' ਦੀ ਵਿਰੋਧਤਾ ਦੇ ਬਾਵਜੂਦ। ਪਰ ਅਜੋਕੇ ਸਾਹਿਤ, ਖਾਸ ਕਰਕੇ ਕ੍ਰਾਂਤੀਕਾਰੀ ਕਵਿਤਾ, ਦਾ ਮੁਲਾਂਕਣ ਕਰਨ ਸਮੇਂ ਤੁਹਾਡਾ ਰਵਈਆ ਉਲਾਰ ਤੇ ਪੱਖਪਾਤੀ ਸਾਬਤ ਹੋਇਆ ਹੈ। ਪ੍ਰਯੋਗਵਾਦ ਦੇ ਡੰਡਾਬਰਦਾਰਾਂ ਵਲੋਂ ਅੱਜ ਵੀ ਪਾਏ ਜਾ ਰਹੇ ਤਰ੍ਹਾਂ ਤਰ੍ਹਾਂ ਦੇ ਭੁਲੇਖਿਆਂ (ਉਹ ਵੀ ਮਾਰਕਸਵਾਦੀ ਲਫ਼ਾਜ਼ੀ ਹੇਠ) ਨੂੰ ਨੰਗਾ ਕਰਨ ਦੀ ਥਾਂ ਕ੍ਰਾਂਤੀਕਾਰੀ ਕਵਿਤਾ ਉਤੇ ਜਮਾਤੀ ਪਹੁੰਚ ਦੇ ਸ਼ਿਅਰਾਂ ਨੂੰ ਸਖਤੀ ਨਾਲ ਲਾਗੂ ਕਰਨਾ ਜਚਿਆ ਨਹੀਂ। ਮੇਰਾ ਭਾਵ ਇਹ ਨਹੀਂ ਕਿ ਕਚਘਰੜਪੁਣੇ ਤੇ ਉਪਭਾਵਕਤਾ ਵਿਰੁਧ ਜੱਦੋਜਹਿਦ ਨਾ ਕੀਤੀ ਜਾਏ। ਪਰ ਕੀ ਅੱਜ ਦੇ ਦੌਰ ਵਿਚ ਮੱਧ ਸ਼੍ਰੇਣੀ ਦਾ ਕੋਈ ਕ੍ਰਾਂਤੀਕਾਰੀ ਰੋਲ ਨਹੀਂ ? ਕੀ 'ਸਿਰਜਣਾ' ਸਿਰਫ਼ ਉਹੀ ਰਚਨਾਵਾਂ ਛਾਪਦਾ ਜਾਂ ਛਾਪਿਆ ਕਰੇਗਾ ਜੋ ਨਿਰੋਲ ਪ੍ਰੋਲਤਾਰੀ ਅਤੇ "ਜਮਾਤੀ ਸੰਘਰਸ਼ ਵਿਚੋਂ ਅਨੁਭਵ ਪ੍ਰਾਪਤ" ਕਰਕੇ ਰਚੀਆਂ ਜਾਇਆ ਕਰਨਗੀਆਂ ? ਕੀ ਕ੍ਰਾਂਤੀਕਾਰੀ ਕਵਿਤਾ ਬਾਰੇ ਤੁਹਾਡੀ ਪਹੁੰਚ ਆਹਲੂਵਾਲੀਆ ਤੇ ਪ੍ਰੀਤਮ ਸਿੰਘ ਨਾਲ ਨਹੀਂ ਜਾ ਮਿਲਦੀ ਭਾਵੇਂ ਢੰਗ ਉਨ੍ਹਾਂ ਨਾਲੋਂ ਵਖਰਾ ਹੈ ? ਆਸ ਹੈ ਤੁਸੀਂ 'ਪ੍ਰੋਲਤਾਰੀ ਸਾਹਿਤ ਤੇ ਸਭਿਆਚਾਰ' ਬਾਰੇ ਲੈਨਿਨ ਦੇ ਵਿਚਾਰਾਂ ਤੋਂ ਅਣਜਾਣ ਨਹੀਂ ਹੋਵੋਗੇ। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਪਲੈਖਾਨੋਵ, ਸ਼ੇਦਰਿਨ ਤੇ ਦਾਸਤੋਵਸਕੀ ਵਰਗੇ ਲੇਖਕ ਰੂਸੀ ਨਰੋਦਨਿਕ ਲਹਿਰ ਦੀ ਪੈਦਾਵਾਰ ਸਨ। ਪ੍ਰਗਤੀਵਾਦ ਦੇ ਨਾਂ ਥੱਲੇ ਵੀ ਘਟੀਆ ਰਚਨਾਵਾਂ ਲਿਖੀਆਂ ਗਈਆਂ ਤੇ ਜੇ ਕ੍ਰਾਂਤੀਕਾਰੀ ਕਵਿਤਾ ਵੇਲੇ ਇਹ ਗੱਲ ਵਾਪਰ ਗਈ ਹੈ ਤਾਂ ਕੋਈ ਅਲੋਕਾਰ ਗੱਲ ਨਹੀਂ। ਇਸ ਨਾਲ ਇਸ ਦੀ ਸਮੁੱਚੀ ਸਾਹਿਤਕ ਪ੍ਰਾਪਤੀ ਨੂੰ ਰੱਦ ਕਰ ਦੇਣਾ ਕਿਥੋਂ ਦੀ ਈਮਾਨਦਾਰ ਤੇ ਜ਼ਿਮੇਂਵਾਰ ਪਹੁੰਚ ਹੈ ?

ਸੁਰਜੀਤ ਗਿੱਲ ਦਾ ਸਾਰੇ ਕ੍ਰਾਂਤੀਕਾਰੀ ਲੇਖਕਾਂ ਨੂੰ "ਆਸਤੀਨ ਦੇ ਸੱਪ" ਕਹਿਣਾ ਕਿਥੋਂ ਤੱਕ ਜਾਇਜ਼ ਹੈ ? ਉਹ ਕਿਹੜੇ 'ਬੁਧੀਜੀਵੀਆਂ' ਨੂੰ "ਮੂੰਹ ਹੱਥ ਧੋ ਕੇ ਤੇ ਕੁਰਲੀ ਕਰਕੇ ਜੁਟ ਜਾਣ" ਦਾ ਹੋਕਾ ਦੇ ਰਿਹਾ ਹੈ ? ਕੀ ਉਨ੍ਹਾਂ ਨੂੰ ਜਿਹੜੇ "ਪਿਛਲੇ ਸਮੇਂ ਵਿਚ ਸੁੱਤੇ ਪਏ ਤਮਾਸ਼ਗੀਰ ਬਣੇ" ਰਹੇ ਹਨ ? ਇਸ ਗੱਲ ਦੀ ਕੀ ਗਰੰਟੀ ਹੈ ਕਿ ਉਹ ਆਪਣੀ ਕੁੰਭਕਰਨੀ ਨੀਂਦ ਤੋਂ ਜਾਗਣ ਸਾਰ ਦਰੁਸਤ ਜਮਾਤੀ ਪਹੁੰਚ ਅਪਣਾ ਲੈਣਗੇ ਅਤੇ "ਜਮਾਤੀ ਸੰਘਰਸ਼ 'ਚੋਂ ਅਨੁਭਵ ਪ੍ਰਾਪਤ' ਕਰਕੇ ਹੀ ਲਿਖਣਗੇ ? ਖ਼ਤ ਜ਼ਰੂਰ ਛਾਪਣਾ।

ਹਰਿਭਜਨ ਹਲਵਾਰਵੀ

ਸਿਰਜਣਾ ਪਿਛਲੇ ਅੰਕ ਤੋਂ ਭਖਣ ਲੱਗੀ ਪਰਤੀਤ ਹੁੰਦੀ ਹੈ। ਸਭਨਾਂ ਮਹੱਤਵਪੂਰਣ ਵਿਚਾਰਧਾਰਾਵਾਂ ਨਾਲ ਸੰਵਾਦ ਸਿਰਜਣਾ ਦੀ ਪਹਿਚਾਣ ਹੈ। ਜਿਹੋ ਜਿਹੇ ਸਾਹਿਤ ਦੀ ਲੋੜ ਵਲ ਇਸ਼ਾਰਾ ਸੰਪਾਦਕੀ ਲੇਖ ਵਿਚ ਹੈ, ਮੈਨੂੰ ਲਗਦਾ ਹੈ ਉਹੋ ਜਿਹਾ ਸਾਹਿਤ ਸ਼ਾਇਦ ਸੰਭਵ ਹੀ ਨਹੀਂ ਹੁੰਦਾ ਕਿਉਂਕਿ ਏਨੇ ਸੱਭਿਆਚਾਰਕ ਧਰਾਤਲਾਂ 'ਤੇ ਖੜੇ ਲੋਕਾਂ ਨੂੰ ਇਕੋ ਰਚਨਾ ਕਿਵੇਂ ਟੁੰਬ ਸਕਦੀ ਹੈ, ਜਦ ਕਿ ਰਚਨਾਕਾਰ ਦਾ ਵੀ ਇਕ ਵਿਸ਼ੇਸ਼ ਸਭਿਆਚਾਰਕ ਧਰਾਤਲ ਹੁੰਦਾ ਹੈ। ਕਵਿਤਾ ਦੇ ਖੇਤਰ ਵਿਚ ਤਾਂ ਇਹ ਗੱਲ ਹੋਰ ਵੀ ਕਠਿਨ ਪਰਤੀਤ ਹੁੰਦੀ ਹੈ ਕਵਿਤਾ ਵਿਚ ਬਹੁਤ ਵਾਰੀ ਕਵੀ ਦਾ ਆਤਮ ਅਨਾਤਮ 'ਤੇ ਭਾਰੂ ਰਿਹਾ ਹੈ। ਤੁਸੀਂ ਕਹੋਗੇ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ, ਪਰ ਇਹ ਨਿਰਦੇਸ਼ਨ ਹੈ ਤੇ ਆਦਰਸ਼ਵਾਦੀ ਨਿਰਦੇਸ਼ਨ। ਉਂਝ ਮੈਨੂੰ ਆਲੋਚਨਾਤਮਕ ਗੱਲਾਂ ਦਾ ਬਹੁਤਾ ਪਤਾ ਨਹੀਂ, ਇਹ ਮੇਰਾ ਤੱਤ ਭੜੱਤਾ ਸੰਸਾ ਹੀ ਹੈ ਜੋ ਮੈਂ ਪਰਗਟ ਕੀਤਾ ਹੈ।

ਸੁਰਜੀਤ ਪਾਤਰ (ਲੁਧਿਆਣਾ)

ਭਲਿਆ ਲੋਕਾ ! ਪਰਚੇ ਨੂੰ 'ਤ੍ਰੈ-ਮਾਸਿਕ' ਕਹਿਣ ਦੀ ਕੀ ਲੋੜ ਹੈ। 'ਤਿਮਾਹੀ' ਕਿਉਂ ਨਹੀਂ ਕਹਿੰਦੇ, ਸਾਡੇ ਵੇਲੇ ਤਾਂ 'ਤਿਮਾਹੀ', 'ਛੇਮਾਹੀ' ਤੇ 'ਨੌਮਾਹੀ' ਇਮਤਿਹਾਨ ਹੁੰਦੇ ਸਨ। ਪੰਜਾਬੀ ਦੀ ਮਹਾਨ ਸਿਫ਼ਤ ਇਸ ਦੀ ਸਾਦਗੀ ਹੈ, ਆਪ ਮੁਹਾਰਾਪਣ ਹੈ, ਤੇ ਇਸ ਦਾ ਖੁਲ੍ਹਾ ਸੁਭਾ ਹੈ, ਪੰਜਾਬੀ ਵਿਚ, ਜਦ 'ਬਾਰਾਂ-ਮਾਹ' ਹਨ ਤਾਂ 'ਤਿਮਾਹੀ' ਦੀ ਥਾਂ ਤ੍ਰੈ-ਮਾਸਿਕ ਕਿਉਂ ?

ਪਹਿਲੇ ਅੰਕ ਵਿਚ ਇਕ ਲੇਖ ਸੀ ' ਮੈਨੂੰ ਨਾਂ ਤੇ ਯਾਦ ਨਹੀਂ ਕਿਉਂਕਿ ਪਰਚਾ ਇਸ ਵੇਲੇ ਕੋਲ ਨਹੀਂ। ਪਰ ਉਸ ਲੇਖ ਦੀ ਜ਼ਬਾਨ ਸਮਝਣ ਲਈ ਮੈਨੂੰ ਮੇਰੀ ਪਤਨੀ ਤੋਂ ਬੜੀ ਸਹਾਇਤਾ ਮਿਲੀ ਜੋ ਹਿੰਦੀ-ਸਾਹਿਤ ਤੇ ਬੋਲੀ ਦੀ ਕਾਫੀ ਸੂਝ ਰਖਦੀ ਹੈ।

ਪ੍ਰੀਤ-ਨਗਰ ਵਿਚ, ਬੜੇ ਵਰ੍ਹੇ ਪਹਿਲਾਂ ਨਵਤੇਜ ਤੇ ਤੇਰਾ ਸਿੰਘ ਚੰਨ ਕੋਲੋਂ ਇਕ ਗਲ ਸਿੱਖੀ ਸੀ ਕਿ ਲੋਕਾਂ ਦਾ ਧਿਆਨ ਉਹਨਾਂ ਦੀ ਬੋਲੀ ਵਿਚ ਹੀ ਮਿਲਦਾ ਹੈ। ਨਵਤੇਜ ਤੇ ਮੈਂ ਉਦੋਂ ਇਸ ਗਲ ਤੇ ਬਜ਼ਿਦ ਸਾਂ ਕਿ ਯਥਾਰਥਵਾਦ ਦੀ ਥਾਂ, 'ਅਸਲਵਾਦ' ਲਿਖਣਾ ਚਾਹੀਦਾ ਹੈ, ਪਰ ਪੰਜਾਬੀ ਆਲੋਚਨਾ ਦੀ 'ਭਾਸ਼ਾ' ਸਮਝਣ ਲਈ ਲਗਦਾ ਏ ਕਿ ਕਾਸ਼ੀ ਦੇ ਪੰਡਿਤ ਬੁਲਾ ਕੇ, ਪੰਜਾਬ ਦੀ ਕਿਸੇ ਗੁੱਠੇ ਬਹਿ ਕੇ, 'ਵਾਰਾਨਸੀ ਮਹਾਂ ਵਿਸ਼ਵ ਵਿਦਿਆਲੇ' ਦੀ ਸ਼ਾਖ ਖੋਲ੍ਹਣੀ ਪਵੇਗੀ। ਤੇ ਕਿਸੇ ਕੱਟੜ ਸਮਾਜੀ ਨੂੰ ਉਥੇ 'ਅਚਾਰੀਆ' ਦੀ ਗੱਦੀ ਤੇ ਬਰਾਜਮਾਨ ਕਰਨਾ ਪਵੇਗਾ।

ਤੇਰੀ ਹਿੰਮਤ ਦੀ ਦਾਦ ਦਿੰਦਾ ਹਾਂ। ਮੇਰੇ ਵਲੋਂ ਤੇ ਬੰਬਈ ਦੇ ਸਾਥੀਆਂ ਵਲੋਂ ਤੈਨੂੰ ਤੇ ਤੇਰੇ ਸਾਥੀਆਂ ਨੂੰ ਵਧਾਈ ! ਸਿਰਜਣਾ ਵਧੇ ਫੁਲੇ ਤੇ ਏਸ ਦਾ ਘੇਰਾ ਹੋਰ ਵੀ ਚੌੜਾ ਹੋਵੇ।

ਪ੍ਰੀਤਮ ਬੇਲੀ, ਬੰਬਈ

---

ਮੁਦ੍ਰਿਕ, ਪ੍ਰਕਾਸ਼ਕ ਅਤੇ ਮਾਲਕ ਸ੍ਰੀਮਤੀ ਸੁਲੇਖਾ ਨੇ ਲੇਟੈਸਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾਕੇ 225 ਬੀ, ਮਖਦੂਮਪੁਰਾ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।—ਪ੍ਰਕਾਸ਼ਨ ਮਿਤੀ : 30 ਦਸੰਬਰ, 1974

**SIRJANA** LITERARY PUNJABI QUARTERLY
No. 17 January-March 1975
Registered with the Registrar of Newspapers for India Vide R. N. 10215/65


# ਸਾਡੀਆਂ ਸਰਵੋਤਮ ਪ੍ਰਕਾਸ਼ਨਾਂ

## ਆਲੋਚਨਾ

| | | |
|---|---|---|
| ਗੁਰੂ ਨਾਨਕ ਚਿੰਤਨ ਤੇ ਹੋਰ ਨਿਬੰਧ | ਡਾ: ਧਰਮ ਪਾਲ ਮੈਨੀ | 8-00 |
| ਪੰਜਾਬੀ ਭਗਤੀ ਸਾਹਿਤ | ਡਾ: ਧਰਮ ਪਾਲ ਮੈਨੀ | 8-00 |
| ਹਾਸ਼ਮ ਦਾ ਕਾਵਿ-ਪਾਠ ਤੇ ਆਲੋਚਨਾ | ਡਾ: ਰੋਸ਼ਨ ਲਾਲ ਆਹੂਜਾ | 10-00 |
| ਸਰਬਾਂਗੀ ਸਾਹਿਤਕਾਰ ਡਾ: ਗੁਰਚਰਨ ਸਿੰਘ | ਪ੍ਰੋ: ਜਗਜੀਤ ਸਿੰਘ ਛਾਬੜਾ | 15-00 |
| ਭਾਈ ਵੀਰ ਸਿੰਘ ਦਰਸ਼ਨ | ਡਾ: ਸੁਰਿੰਦਰ ਸਿੰਘ ਕੋਹਲੀ | 15-00 |

## ਨਾਵਲ

| | | |
|---|---|---|
| ਤ੍ਰਿਸ਼ੰਕੂ | ਹਰਨਾਮ ਦਾਸ ਸਹਿਰਾਈ | 5-00 |
| ਗੁਲਮੁਹਰ | ਹਰਨਾਮ ਦਾਸ ਸਹਿਰਾਈ | 12-00 |
| ਦੋ ਇਤਿਹਾਸਕ ਨਾਵਲ | ਹਰਨਾਮ ਦਾਸ ਸਹਿਰਾਈ | 20-00 |
| ਚਾਰ ਸਮਾਜਿਕ ਨਾਵਲ | ਹਰਨਾਮ ਦਾਸ ਸਹਿਰਾਈ | 30-00 |
| ਉਲਝਣਾਂ | ਸੁਰਿੰਦਰ ਸਿੰਘ ਸੇਖੋਂ | 10-00 |

## ਕਵਿਤਾ

| | | |
|---|---|---|
| ਕਵਿਤਾ-ਅਕਵਿਤਾ | ਡਾ: ਧਰਮ ਪਾਲ ਸਿੰਗਲ | 10-00 |
| ਪਹਿਲਾ ਕਦਮ | ਕਸ਼ਮੀਰ ਕਾਦਰ | 3-00 |

## ਨਾਟਕ

| | | |
|---|---|---|
| ਦਾਰਾ ਸ਼ਿਕੋਹ ਦਾ ਦੁਖਾਂਤ | ਡਾ: ਰੋਸ਼ਨ ਲਾਲ ਆਹੂਜਾ | 12-00 |
| ਕਲਿਉਪੈਤਰਾ ਦਾ ਦੁਖਾਂਤ | ਡਾ: ਰੋਸ਼ਨ ਲਾਲ ਆਹੂਜਾ | 12-00 |
| ਸਾਵਿਤਰੀ ਤੇ ਹੋਰ ਇਕਾਂਗੀ | ਡਾ: ਰੋਸ਼ਨ ਲਾਲ ਆਹੂਜਾ | 8-00 |
| ਪ੍ਰੋ: ਚੰਦਨ | ਪ੍ਰੋ: ਬਲਬੀਰ ਸਿੰਘ | 8-00 |

## ਵਾਰਤਕ

| | | |
|---|---|---|
| ਉਹ ਵੀ ਦਿਨ ਸਨ | ਗੁਰਚਰਨ ਸਿੰਘ ਸਹਿੰਸਰਾ | 10-00 |
| ਯੁਗ ਜੋ ਬੀਤ ਗਿਆ | ਅਵਤਾਰ ਸਿੰਘ 'ਆਜ਼ਾਦ' | 16-00 |

## ਬਾਲ ਸਾਹਿਤ

| | | |
|---|---|---|
| ਹਰੀ ਸਿੰਘ ਨਲਵਾ | ਹਰਨਾਮ ਦਾਸ ਸਹਿਰਾਈ | 1-50 |
| ਅਕਾਲੀ ਫੂਲਾ ਸਿੰਘ | ਹਰਨਾਮ ਦਾਸ ਸਹਿਰਾਈ | 1·50 |
| ਸ਼ਾਮ ਸਿੰਘ ਅਟਾਰੀ ਵਾਲਾ | ਹਰਨਾਮ ਦਾਸ ਸਹਿਰਾਈ | 1-50 |

## ਕੇ ਲਾਲ ਐਂਡ ਕੰਪਨੀ

ਲੇਟੈਸਟ ਪ੍ਰਿੰਟਰਜ਼ ਬਿਲਡਿੰਗ, 9-ਕਨਾਟ ਸਰਕਸ, ਜਲੰਧਰ
ਫ਼ੋਨ : 6450